20ਵਾਂ ਸਾਲ

PARDES TIMES

20th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

www.pardestimes.com

pardestimes

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 20 | No. 485 | February 10, 2026 | E-mail : info@pardestimes.com | Ph 510-938-7771

## ਅਮਰੀਕਾ 'ਚ ਹਰ ਰੋਜ਼ ਫੜੇ ਜਾ ਰਹੇ ਹਨ 65 ਭਾਰਤੀ ਗੈਰ-ਕਾਨੂੰਨੀ ਪ੍ਰਵਾਸੀ

ਨਿਊਯਾਰਕ- ਡੰਕੀ ਰੂਟ ਰਾਹੀਂ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਘੁਸਪੈਠ ਦੀ ਗਿਣਤੀ ਵਿੱਚ ਕਮੀ ਆਈ ਹੈ। ਭਾਵੇਂ ਮਾਮਲਿਆਂ ਦੀ ਗਿਣਤੀ ਘਟੀ ਹੈ, ਪਰ ਇਹ ਪੂਰੀ ਤਰ੍ਹਾਂ ਨਹੀਂ ਰੁਕੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰ-ਜਕਾਲ ਦੇ ਪਹਿਲੇ ਸਾਲ ਦੌਰਾਨ, ਹਰ ਰੋਜ਼ 65 ਭਾਰਤੀ ਗ਼ੈਰ-ਕਾਨੂੰਨੀ ਤੌਰ 'ਤੇ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ ਸਨ। ਜਨਵਰੀ ਤੋਂ ਦਸੰਬਰ 2025 ਤੱਕ ਦੇ ਅੰਕੜਿਆਂ ਅਨੁਸਾਰ, ਯੂਐਸ ਬਾਰਡਰ ਪੈਟਰੋਲ ਅਤੇ ਕਸਟਮਜ਼ ਨੇ ਕੁੱਲ 23,830 ਭਾਰਤੀਆਂ ਨੂੰ ਫੜਿਆ। ਇਸ ਦੌਰਾਨ, 2024




ਵਿੱਚ ਸਾਬਕਾ ਰਾਸ਼ਟਰਪਤੀ ਜੋਅ ਬਿਡੇਨ ਦੇ ਕਾਰਜਕਾਲ ਦੌਰਾਨ, ਕੁੱਲ 85,119 ਭਾਰਤੀਆਂ ਨੂੰ ਫੜਿਆ ਗਿਆ ਸੀ। ਇਸ ਵਾਰ, ਇੱਕ ਨਵਾਂ ਰੁਝਾਨ ਵੀ ਸਾਹਮਣੇ ਆਇਆ ਹੈ।

ਅਮਰੀਕਾ ਵਿੱਚ ਦਾਖਲ ਹੋਣ ਵਾਲੇ ਫੜੇ ਗਏ ਸਾਰੇ ਭਾਰਤੀ ਇਕੱਲੇ ਸਨ। ਕੋਈ ਵੀ ਭਾਰਤੀ ਪਰਿਵਾਰ ਨਾਲ ਨਹੀਂ ਫੜਿਆ ਗਿਆ। ਹਾਲਾਂਕਿ, 2024 ਵਿੱਚ ਫੜੇ ਗਏ ਭਾਰਤੀਆਂ ਵਿੱਚੋਂ, ਲਗਪਗ 20,000 ਆਪਣੇ ਭਰਾਵਾਂ, ਪਤਨੀਆਂ ਜਾਂ ਬੱਚਿਆਂ ਨਾਲ ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੋ ਰਹੇ ਸਨ। ਅਮਰੀਕਾ ਵਿੱਚ ਦਾਖਲ ਹੋਣ ਦੇ ਰਸਤੇ ਵਿੱਚ ਬਦਲਾਅ ਆਇਆ ਹੈ। ਹੁਣ, ਕੈਨੇਡਾ ਅਤੇ ਮੈਕਸੀਕੋ ਦੀ ਬਜਾਏ, ਤੁਰਕੀ-ਦੁਬਈ ਰੂਟ ਰਾਹੀਂ ਗ਼ੈਰ-ਕਾਨੂੰਨੀ ਪ੍ਰਵੇਸ਼ ਦੇ ਮਾਮਲੇ ਸਾਹਮਣੇ ਆ ਰਹੇ ਹਨ। 2025 ਵਿੱਚ, 6,968 ਭਾਰਤੀਆਂ ਨੂੰ ਕੈਨੇਡੀਅਨ ਸਰਹੱਦ 'ਤੇ ਫੜਿਆ ਗਿਆ ਸੀ, ਜਦੋਂ ਕਿ 1,543 ਨੂੰ ਮੈਕਸੀਕਨ ਸਰਹੱਦ 'ਤੇ ਫੜਿਆ ਗਿਆ ਸੀ। ਸਭ ਤੋਂ ਵੱਧ ਗ੍ਰਿਫ਼ਤਾਰੀਆਂ, 15,319, ਵੱਖ-ਵੱਖ ਅਮਰੀਕੀ ਸ਼ਹਿਰਾਂ ਵਿੱਚ ਕੀਤੀਆਂ ਗਈਆਂ ਸਨ।

ਕਿਹਾ ਜਾ ਰਿਹਾ ਹੈ ਕਿ ਉਹ ਕੈਨੇਡਾ-ਦੁਬਈ ਰੂਟ ਰਾਹੀਂ ਸਿੱਧੇ ਉਡਾਣਾਂ ਰਾਹੀਂ ਅਮਰੀਕਾ ਵਿੱਚ ਦਾਖਲ ਹੁੰਦੇ ਹਨ। ਜ਼ਿਆਦਾਤਰ ਮਾਮਲੇ ਛੁੱਟੀਆਂ ਦੇ ਵੀਜ਼ੇ 'ਤੇ ਅਮਰੀਕਾ ਵਿੱਚ ਦਾਖਲ ਹੋਣ ਅਤੇ ਫਿਰ ਆਪਣੇ ਠਹਿਰਾਅ ਦੀ ਮਿਆਦ ਤੋਂ ਵੱਧ ਸਮਾਂ ਬਿਤਾਉਣ ਦੇ ਹਨ। ਵਰਣਨਯੋਗ ਹੈ ਕਿ 2025 ਵਿੱਚ ਕੁੱਲ 3,254 ਭਾਰਤੀਆਂ ਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ, ਜੋ ਕਿ 2009 ਤੋਂ ਬਾਅਦ ਸਭ ਤੋਂ ਵੱਧ ਸੰਖਿਆ ਹੈ। ਇਨ੍ਹਾਂ 16 ਸਾਲਾਂ ਵਿੱਚ, 18,882 ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ।

## ਚਲਦੇ-ਚਲਦੇ

ਜਲੰਧਰ ਤੋਂ ਵੱਡੀ ਖਬਰ ਸਾਹਮਣੇ ਆਈ ਹੈ। ਜਿਥੇ ਆਮ ਆਦਮੀ ਪਾਰਟੀ ਦੇ ਨੇਤਾ ਲੱਕੀ ਓਬਰਾਏ ਨੂੰ ਮਾਡਲ ਟਾਊਨ ਦੇ ਗੁਰਦੁਆਰਾ ਸਾਹਿਬ ਦੇ ਬਾਹਰ ਗੋਲੀਆਂ ਮਾਰ ਦਿੱਤੀਆਂ ਗਈਆਂ। ਦੱਸਿਆ ਜਾ ਰਿਹਾ ਹੈ ਕਿ ਲੱਕੀ ਨੂੰ ਪੰਜ ਗੋਲੀਆਂ ਲੱਗੀਆਂ ਹਨ ਅਤੇ ਉਨ੍ਹਾਂ ਨੂੰ ਇੱਕ ਨਿੱਜੀ ਹਸਪਤਾਲ ਲਿਜਾਇਆ ਜਾ ਰਿਹਾ ਹੈ। ਇਸ ਘਟਨਾ ਨਾਲ ਜਲੰਧਰ ਸ਼ਹਿਰ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ। ਲੱਕੀ ਕੈਂਟ ਹਲਕੇ ਦੀ ਇੰਚਾਰਜ ਰਾਜਵਿੰਦਰ ਕੌਰ ਥਿਆੜਾ ਦੇ ਕਰੀਬੀ ਦੱਸੇ ਜਾਂਦੇ ਹਨ। ਸੂਚਨਾ ਮਿਲਣ ਤੋਂ ਬਾਅਦ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਕਰ ਰਹੀ ਹੈ। ਪੰਜਾਬ ਦੀ ਇਹ ਬਦਕਿਸਮਤੀ ਹੀ ਕਹੀ ਜਾਵੇਗੀ ਕਿ ਪੰਜਾਬ ਵਿਚ ਹਰ ਦਿਨ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਗੈਂਗਵਾਰ ਅਤੇ ਚੋਰੀ-ਡਕੈਤੀ ਤਾਂ ਪੰਜਾਬ ਵਿਚ ਆਮ ਆ ਗਈ ਹੈ, ਜਿਸ ਕਰਕੇ ਡਰ ਦਾ ਮਾਹੌਲ ਲਗਾਤਾਰ ਬਣਿਆ ਹੋਇਆ ਹੈ।



Raj Budwal

(Investment and Financial Advisor)

408-972-8000,

408-835-0202 (Cell)

Budwal and Associates

329 Piercy Road, San Jose, CA 95138

8350202@gmail.com

## ਦੁਨੀਆ 'ਚ ਫਿਰ ਹਲਚਲ ਮਚਾਉਣਗੀਆਂ ਐਪਸਟੀਨ ਦੀਆਂ ਫਾਈਲਾਂ

ਨਿਊਯਾਰਕ- ਜੈਫਰੀ ਐਪਸਟੀਨ ਦੀਆਂ ਫਾਈਲਾਂ ਇੱਕ ਵਾਰ ਫਿਰ ਸੁਰਖੀਆਂ ਵਿੱਚ ਹਨ। ਅਮਰੀਕੀ ਨਿਆਂ ਵਿਭਾਗ ਨੇ ਸ਼ੁੱਕਰਵਾਰ (30 ਜਨਵਰੀ) ਨੂੰ ਜਿਨਸੀ ਅਪਰਾਧੀ ਨਾਲ ਜੁੜੇ ਦਸਤਾਵੇਜ਼ਾਂ ਦਾ ਇੱਕ ਨਵਾਂ ਸੈੱਟ ਜਾਰੀ ਕੀਤਾ ਹੈ। ਫਾਈਲਾਂ ਦੇ ਇਸ ਨਵੇਂ ਸੈੱਟ ਵਿੱਚ ਕੁਝ ਅਜਿਹੇ ਨਾਮ ਸਾਹਮਣੇ ਆਏ ਹਨ, ਜਿਨ੍ਹਾਂ ਬਾਰੇ ਪਹਿਲਾਂ ਪਤਾ ਨਹੀਂ ਸੀ ਅਤੇ ਜਿਨ੍ਹਾਂ ਦਾ ਸਬੰਧ ਦੋਸ਼ੀ ਸੈਕਸ ਅਪਰਾਧੀ ਨਾਲ ਸੀ। ਧਿਆਨ ਕਰਨ ਵਾਲੀ ਗੱਲ ਇਹ ਹੈ ਕਿ ਦਸਤਾਵੇਜ਼ਾਂ ਵਿੱਚ ਜਿਨ੍ਹਾਂ ਲੋਕਾਂ ਦੇ ਨਾਮ ਹਨ, ਉਨ੍ਹਾਂ ਵਿੱਚੋਂ ਕਿਸੇ 'ਤੇ ਵੀ ਐਪਸਟੀਨ ਦੇ ਸਬੰਧ ਵਿੱਚ ਗਲਤ ਕੰਮ ਕਰਨ ਦਾ ਰਸਮੀ ਤੌਰ 'ਤੇ ਦੋਸ਼ ਨਹੀਂ ਲਗਾਇਆ ਗਿਆ ਹੈ। ਦਰਅਸਲ, ਐਪਸਟੀਨ ਫਾਈਲਜ਼ ਅਮਰੀਕਾ ਦੇ ਬਦਨਾਮ ਜਿਨਸੀ ਅਪਰਾਧੀ ਜੈਫਰੀ ਐਪਸਟੀਨ ਨਾਲ ਜੁੜੇ ਸਰਕਾਰੀ ਦਸਤਾਵੇਜ਼ ਹਨ, ਜੋ ਉਸਦੀ ਜਿਨਸੀ ਤਸਕਰੀ ਅਤੇ ਸ਼ੋਸ਼ਣ ਦੇ ਮਾਮਲਿਆਂ ਨਾਲ ਜੁੜੇ ਹੋਏ ਹਨ। ਅਮਰੀਕੀ ਨਿਆਂ ਵਿਭਾਗ ਨੇ ਪਾਰਦਰਸ਼ਤਾ ਕਾਨੂੰਨ ਦੇ ਤਹਿਤ ਇਨ੍ਹਾਂ ਨੂੰ ਜਨਤਕ ਕੀਤਾ ਹੈ। ਇਨ੍ਹਾਂ ਫਾਈਲਾਂ ਨਾਲ ਜੁੜੇ ਕੁੱਲ ਮਿਲਾ ਕੇ 30 ਲੱਖ ਤੋਂ ਵੱਧ ਪੰਨੇ ਜਾਰੀ ਕੀਤੇ ਗਏ ਹਨ। ਇਨ੍ਹਾਂ ਵਿੱਚ 2 ਹਜ਼ਾਰ ਤੋਂ ਵੱਧ ਵੀਡੀ ਅਤੇ ਲਗਪਗ 1 ਲੱਖ 80 ਹਜ਼ਾਰ ਤਸਵੀਰਾਂ ਸ਼ਾਮਲ ਹਨ। ਹਾਲਾਂਕਿ, ਪੀੜਤਾਂ ਦੀ ਸੁਰੱਖਿਆ ਨੂੰ ਦੇਖਦੇ ਹੋਏ ਕਈ ਹਿੱਸੇ ਅਜੇ ਵੀ ਗੁਪਤ ਰੱਖੇ ਗਏ ਹਨ।




ਐਪਸਟੀਨ ਇੱਕ ਅਮਰੀਕੀ ਫਾਈਨਾਂਸਰ ਸੀ ਅਤੇ ਉਸ ਨੇ ਅਮੀਰ ਅਤੇ ਤਾਕਤਵਰ ਲੋਕਾਂ ਨਾਲ ਸਬੰਧ ਬਣਾਏ ਹੋਏ ਸਨ। ਉਸ ਉੱਤੇ ਨਾਬਾਲਗ ਲੜਕੀਆਂ ਦਾ ਜਿਨਸੀ ਸ਼ੋਸ਼ਣ ਅਤੇ ਤਸਕਰੀ ਦੇ ਗੰਭੀਰ ਦੋਸ਼ ਲੱਗੇ। ਜਾਂਚ ਵਿੱਚ ਪਤਾ ਲੱਗਿਆ ਹੈ ਕਿ ਕਈ ਪੀੜਤ ਲੜਕੀਆਂ ਨਾਬਾਲਗ ਸਨ। ਉਨ੍ਹਾਂ ਨੂੰ ਪੜ੍ਹਾਈ, ਪੈਸਾ ਅਤੇ ਨੌਕਰੀ ਦਾ ਲਾਲਚ ਦੇ ਕੇ ਫਸਾਇਆ ਗਿਆ ਅਤੇ ਫਿਰ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ। ਇਸ ਮਾਮਲੇ ਨੇ ਅਮਰੀਕਾ ਦੇ ਨਾਲ-ਨਾਲ ਪੂਰੀ ਦੁਨੀਆ ਵਿੱਚ ਹੜਕੰਪ ਮਚਾ ਦਿੱਤਾ। 2008 ਵਿੱਚ ਉਸਨੂੰ ਦੋਸ਼ੀ ਠਹਿਰਾਇਆ ਗਿਆ ਅਤੇ ਗ੍ਰਿਫਤਾਰ ਵੀ ਕੀਤਾ ਗਿਆ। ਆਪਣੇ ਮਜ਼ਬੂਤ ਸਬੰਧਾਂ ਦੇ ਦਮ 'ਤੇ ਉਹ ਰਿਹਾਅ ਹੋ ਗਿਆ, ਪਰ 2019 ਵਿੱਚ ਉਸਨੂੰ ਫਿਰ ਤੋਂ ਗ੍ਰਿਫਤਾਰ ਕੀਤਾ ਗਿਆ। ਇਸੇ ਸਾਲ ਨਿਊਯਾਰਕ ਦੀ ਜੇਲ੍ਹ ਵਿੱਚ ਉਹ ਮ੍ਰਿਤਕ ਪਾਇਆ ਗਿਆ। ਐਪਸਟੀਨ ਫਾਈਲਜ਼ ਦੇ ਨਾਲ-ਨਾਲ ਐਪਸਟੀਨ ਆਈਲੈਂਡ ਦੀ ਵੀ ਜ਼ੋਰਦਾਰ ਚਰਚਾ ਹੋ ਰਹੀ ਹੈ। ਇਸ ਟਾਪੂ ਦਾ ਅਸਲੀ ਨਾਮ 'ਲਿਟਲ ਸੇਂਟ ਜੇਮਜ਼ ਆਈਲੈਂਡ' ਹੈ। ਇਹ ਯੂਐਸ ਵਰਜਿਨ ਆਈਲੈਂਡਜ਼ ਵਿੱਚ ਸਥਿਤ ਇੱਕ ਨਿੱਜੀ ਟਾਪੂ ਸੀ। ਇਸ ਉੱਤੇ ਐਪਸਟੀਨ ਨੇ ਕਬਜ਼ਾ ਕਰ ਰੱਖਿਆ ਸੀ। ਪੀੜਤਾਂ ਦੀ ਮੰਨੀਏ ਤਾਂ ਇਸੇ ਟਾਪੂ 'ਤੇ ਐਪਸਟੀਨ ਨੇ ਕਈ ਅਪਰਾਧ ਕੀਤੇ ਅਤੇ ਇਸੇ ਕਾਰਨ ਇਸ ਨੂੰ 'ਐਪਸਟੀਨ ਆਈਲੈਂਡ' ਕਿਹਾ ਜਾਣ ਲੱਗਾ।

ਦੋਸ਼ ਲੱਗਿਆ ਹੈ ਕਿ ਐਪਸਟੀਨ ਨੇ ਅਮੀਰ, ਤਾਕਤਵਰ ਅਤੇ ਮਸ਼ਹੂਰ ਲੋਕਾਂ ਦੀਆਂ ਇਤਰਾਜ਼ਯੋਗ ਤਸਵੀਰਾਂ ਅਤੇ ਵੀਡੀ ਬਣਵਾਏ। ਆਪਣਾ ਕੰਮ ਕਢਵਾਉਣ ਲਈ ਐਪਸਟੀਨ ਨੇ ਇਨ੍ਹਾਂ ਦਾ ਇਸਤੇਮਾਲ ਦਬਾਅ ਅਤੇ ਬਲੈਕਮੇਲਿੰਗ ਲਈ ਕੀਤਾ। ਜਾਂਚ ਏਜੰਸੀਆਂ ਨੂੰ ਇਸ ਨਾਲ ਸਬੰਧਤ ਕਈ ਡਿਜੀਟਲ ਸਬੂਤ ਵੀ ਮਿਲੇ ਹਨ। ਹਾਲਾਂਕਿ, ਕਈ ਸਬੂਤਾਂ ਨੂੰ ਅਜੇ ਵੀ ਗੁਪਤ ਰੱਖਿਆ ਗਿਆ ਹੈ। ਐਪਸਟੀਨ ਫਾਈਲਜ਼ ਵਿੱਚ ਜਿਨ੍ਹਾਂ ਲੋਕਾਂ ਦੇ ਨਾਮ ਸਾਹਮਣੇ ਆਏ ਹਨ, ਉਹ ਪੂਰੀ ਦੁਨੀਆ ਵਿੱਚ ਮਸ਼ਹੂਰ ਹਨ। ਇਨ੍ਹਾਂ ਵਿੱਚ: ਸਾਬਕਾ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ, ਐਂਡਰਿਊ ਮਾਊਂਟਬੈਟਨ, ਐਲਨ ਮਸਕ, ਬਿਲ ਗੇਟਸ ਅਤੇ ਕਈ ਯੂਰਪੀਅਨ ਅਤੇ ਏਸ਼ੀਅਨ ਲੋਕ ਵੀ ਸ਼ਾਮਲ ਹਨ।

## ਬਰੈਂਪਟਨ 'ਚ ਬੇਅਦਬੀ ਕਾਂਡ ਨੂੰ 'ਸਾਕਾ ਨਕੋਦਰ ਦਿਵਸ' ਵਜੋਂ ਮਾਨਤਾ ਦਿੱਤੀ

ਬਰੈਂਪਟਨ- ਕੈਨੇਡਾ ਦੇ ਸ਼ਹਿਰ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਨੇ 4 ਫਰਵਰੀ ਨੂੰ 'ਸਾਕਾ ਨਕੋਦਰ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਬਰੈਂਪਟਨ ਕੈਨੇਡਾ ਦਾ ਪਹਿਲਾਂ ਸ਼ਹਿਰ ਬਣ ਗਿਆ ਹੈ, ਜਿਸ ਨੇ 4 ਫਰਵਰੀ ਨੂੰ 'ਸਾਕਾ ਨਕੋਦਰ ਦਿਵਸ' ਵਜੋਂ ਮਨਾਉਣ ਨੂੰ ਮਾਨਤਾ ਦਿੱਤੀ ਹੈ। ਇਸ ਤੋਂ ਬਾਅਦ ਕੈਨੇਡਾ ਦੇ ਸੂਬਾ ਅਲਬਰਟਾ ਦੇ ਸ਼ਹਿਰ ਐਡਮੰਟਨ ਦੇ ਮੇਅਰ ਐਂਡਰਿਊ ਨੈਕ ਨੇ ਵੀ 4 ਫਰਵਰੀ ਨੂੰ 'ਸਾਕਾ ਨਕੋਦਰ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਅਮਰੀਕਾ ਦੇ ਕਈ ਸ਼ਹਿਰਾਂ ਵਿੱਚ 'ਸਾਕਾ ਨਕੋਦਰ' ਨੂੰ ਮਾਨਤਾ ਦਿੱਤੀ ਗਈ ਹੈ।

ਬਰੈਂਪਟਨ ਸਿਟੀ ਕੌਂਸਲ ਦੇ ਮੇਅਰ ਪੈਟਰਿਕ ਬਰਾਊਨ ਨੇ ਕਿਹਾ ਕਿ ਬਰੈਂਪਟਨ ਸ਼ਹਿਰ ਪੀੜਤਾਂ ਨੂੰ ਯਾਦ ਕਰਦਿਆਂ ਉਨ੍ਹਾਂ ਦਾ ਸਨਮਾਨ ਕਰਦਾ ਹੈ। ਉਨ੍ਹਾਂ ਆਪਣੇ ਪੱਤਰ ਵਿੱਚ ਲਿਖਿਆ ਕਿ 4 ਫਰਵਰੀ ਦਾ ਦਿਨ ਨਕੋਦਰ ਵਰਗੇ ਸ਼ਹਿਰ ਵਿੱਚ ਚਾਰ ਸਿੱਖ ਨੌਜਵਾਨਾਂ ਦਾ ਕਤਲ ਕੀਤੇ ਜਾਣ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਕਿਹਾ ਕਿ 4 ਫਰਵਰੀ, 1986 ਵਾਲੇ ਦਿਨ ਸੁਰੱਖਿਆ ਬਲਾਂ ਨੇ ਕਿਸੇ ਚਿਤਾਵਨੀ ਅਤੇ ਮੈ-ਜਿਸਟ੍ਰੇਟ ਦੀ ਲੋੜੀਂਦੀ ਕਾਨੂੰਨੀ ਇਜਾਜ਼ਤ ਤੋਂ ਬਿਨਾਂ ਨਿਹੱਥੇ ਲੋਕਾਂ 'ਤੇ ਗੋਲੀਬਾਰੀ ਕੀਤੀ ਸੀ। ਇਹ ਲੋਕ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਸ਼ਾਂਤੀਪੂਰਨ ਵਿਰੋਧ ਕਰ ਰਹੇ ਸਨ।



ਇਸ ਬੇਅਦਬੀ ਕਾਂਡ ਵਿੱਚ ਸ਼ਹੀਦ ਹੋਏ ਨੌਜਵਾਨਾਂ ਦੇ ਪਰਿਵਾਰਾਂ ਵਿੱਚੋਂ ਇੱਕ ਦੇ ਪਿਤਾ ਬਲਦੇਵ ਸਿੰਘ ਨੇ ਨਕੋਦਰ ਸਿਵਲ ਹਸਪਤਾਲ ਵਿੱਚ ਆਪਣੇ ਪੁੱਤਰ ਰਵਿੰਦਰ ਸਿੰਘ ਲਿੱਤਰਾਂ ਅਤੇ ਤਿੰਨ ਹੋਰ ਨੌਜਵਾਨਾਂ ਹਰਮਿੰਦਰ ਸਿੰਘ, ਬਲਧੀਰ ਸਿੰਘ ਅਤੇ ਝਿਲਮਣ ਸਿੰਘ ਗੋਰਸੀਆਂ ਦੀਆਂ ਲਾਸ਼ਾਂ ਦੀ ਪਛਾਣ ਕੀਤੀ ਸੀ। ਬਾਪੂ ਬਲਦੇਵ ਸਿੰਘ ਨੇ 40 ਸਾਲਾਂ ਤੋਂ ਇਨਸਾਫ਼ ਲਈ ਲੜਾਈ ਲੜ ਰਿਹਾ ਹੈ। ਉਹ ਚਾਰ ਦਹਾਕਿਆਂ ਤੋਂ ਇਨਸਾਫ਼ ਅਤੇ ਜਵਾਬਦੇਹੀ ਦੀ ਮੰਗ ਕਰਦਿਆਂ ਇੱਕ ਨਿਰੰਤਰ ਵਿਸ਼ਵਵਿਆਪੀ ਮੁਹਿੰਮ ਦੀ ਅਗਵਾਈ ਕਰ ਰਹੇ ਹਨ।

## ਰਾਹੁਲ ਗਾਂਧੀ ਅਤੇ ਰਵਨੀਤ ਬਿੱਟੂ ਆਪਸ ਵਿਚ ਟਕਰਾਏ

ਨਵੀਂ ਦਿੱਲੀ- ਕਾਂਗਰਸ ਆਗੂ ਰਾਹੁਲ ਗਾਂਧੀ ਤੇ ਕੇਂ-ਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਦਰਮਿਆਨ ਸੰਸਦ ਦੇ ਬਾਹਰ ਤਿੱਖੀ ਬਹਿਸ ਦੇਖਣ ਨੂੰ ਮਿਲੀ। ਰਾਹੁਲ ਨੇ ਬਿੱਟੂ ਨੂੰ 'ਗੱਦਾਰ ਦੋਸਤ' ਕਿਹਾ ਤਾਂ ਬਿੱਟੂ ਨੇ ਵੀ ਕਾਂਗਰਸੀ ਆਗੂ ਨੂੰ 'ਦੇਸ਼ ਦੇ ਦੁਸ਼ਮਣ' ਕਹਿ ਕੇ ਹੱਥ ਮਿਲਾਉਣ ਤੋਂ ਨਾਂਹ ਕਰ ਦਿੱਤੀ। ਇਹ ਪੂਰਾ ਵਾਕਿਆ ਸੰਸਦ ਦੇ ਮਕਰ ਦੁਆਰ ਦੇ ਬਿਲਕੁਲ ਬਾਹਰ ਵਾਪਰਿਆ ਜੋ ਸੰਸਦ ਮੈਂਬਰਾਂ ਲਈ ਨਵੀਂ ਸੰਸਦੀ ਇਮਾਰਤ ਵਿਚ ਦਾਖ਼ਲੇ ਲਈ ਮੁੱਖ ਦੁਆਰ ਹੈ। ਗਾਂਧੀ ਮਕਰ ਦੁਆਰ ਦੇ ਬਾਹਰ ਮੁਅੱਤਲ ਕਾਂਗਰਸੀ ਸੰਸਦ ਮੈਂਬਰਾਂ ਨਾਲ ਇਕਜੁੱਟਤਾ ਦਿਖਾਉਣ ਲਈ ਖੜ੍ਹੇ ਸਨ। ਇਨ੍ਹਾਂ ਵਿਚ ਬਹੁਗਿਣਤੀ ਪੰਜਾਬ ਨਾਲ ਸਬੰਧਤ ਸਨ। ਗਾਂਧੀ ਜਿਉਂ ਹੀ ਬੋਲਣ ਲੱਗੇ ਤਾਂ ਉਥੋਂ ਲੰਘ ਰਹੇ ਰਵਨੀਤ ਬਿੱਟੂ ਨੇ ਤਨਜ਼ ਕੱਸਿਆ ਕਿ 'ਮੁਅੱਤਲ ਕਾਂਗਰਸੀ ਮੈਂਬਰ ਇਥੇ ਇੰਝ ਬੈਠੇ ਹਨ ਜਿਵੇਂ ਉਨ੍ਹਾਂ ਨੇ ਜੰਗ ਜਿੱਤ ਲਈ ਹੋਵੇ।' ਇਸ 'ਤੇ ਗਾਂਧੀ ਨੇ ਪਲਟਵਾਰ ਕਰਦੇ ਹੋਏ ਕਿਹਾ, ''ਗੱਲ ਇਹ ਹੈ ਕਿ ਇੱਥੇ ਇੱਕ ਗੱਦਾਰ ਤੁਰਿਆ ਆ ਰਿਹਾ ਹੈ। ਉਹਦੇ ਚਿਹਰੇ ਵੱਲ ਨਜ਼ਰ ਮਾਰੋ। ਉਹ ਕਿਵੇਂ ਦਿਸਦਾ ਹੈ।'' ਗਾਂਧੀ ਨੇ ਫਿਰ ਦੁਆ ਸਲਾਮ ਲਈ ਆਪਣਾ ਹੱਥ ਬਿੱਟੂ ਵੱਲ ਵਧਾਇਆ ਤੇ ਕਿਹਾ, ''ਹੈਲੋ ਬ੍ਰਦਰ, ਮੇਰੇ ਗੱਦਾਰ ਦੋਸਤ। ਘਬਰਾ ਨਾ, ਤੂੰ ਵੀ ਵਾਪਸ ਆਏਂਗਾ।'' ਕੇਂਦਰੀ ਮੰਤਰੀ ਨੇ ਰਾਹੁਲ ਗਾਂਧੀ ਨਾਲ ਹੱਥ ਮਿਲਾਉਣ ਤੋਂ ਇਨਕਾਰ ਕਰ ਦਿੱਤਾ। ਬਿੱਟੂ ਨੇ ਰਾਹੁਲ ਅਤੇ ਹੋਰਨਾਂ ਵੱਲ ਇਸ਼ਾਰਾ ਕਰਦੇ ਹੋਏ ਉਨ੍ਹਾਂ ਨੂੰ 'ਦੇਸ਼ ਦੇ ਦੁਸ਼ਮਣ' ਦੱਸਿਆ। ਬਿੱਟੂ ਮਕਰ ਦੁਆਰ ਦੀਆਂ ਪੌੜੀਆਂ ਤੋਂ ਲੰਘਣ ਮੌਕੇ ਵੀ ਕਾਂਗਰਸੀ ਆਗੂਆਂ ਅਤੇ ਮੁਅੱਤਲ ਕੀਤੇ ਸੰਸਦ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ ਉਨ੍ਹਾਂ ਨੂੰ 'ਦੇਸ਼ ਦੇ ਦੁਸ਼ਮਣ' ਦੱਸਦੇ ਰਹੇ।



Joshi Law Firm

Attorneys at Law ਅਟਾਰਨੀ ਐਟ ਲਾਅ

www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ

ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ

ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI

SBN: 302226

(559) 312-0083 (O) (888) 630-1230 (F)

516 W. SHAW AVE STE 200 FRESNO, CA 93704

# ਅਮਰੀਕੀ ਪਾਬੰਦੀਆਂ ਕਾਰਨ ਦੁਨੀਆ ਵਿਚ ਅਸਥਿਰਤਾ ਦਾ ਖਤਰਾ

**ਹਰਜੀਤ ਸਿੰਘ ਗਿੱਲ**

ਆਰਥਿਕ ਪਾਬੰਦੀਆਂ ਨੂੰ ਆਧੁਨਿਕ ਬਸਤੀਵਾਦੀ ਹਥਿਆਰ ਵੀ ਕਿਹਾ ਜਾਂਦਾ ਹੈ। ਇਨ੍ਹਾਂ ਪਾਬੰਦੀਆਂ ਦਾ ਸਬੰਧ ਅਕਸਰ ਖਣਿਜਾਂ, ਤੇਲ ਅਤੇ ਕੁਦਰਤੀ ਸਰੋਤਾਂ 'ਤੇ ਕਬਜੇ ਦੀ ਭੂ-ਰਾਜਨੀਤੀ ਨਾਲ ਜੁੜਦਾ ਹੈ। ਪੱਛਮੀ ਮੁਲਕ ਅਤੇ ਅਮਰੀਕਾ ਦੀਆਂ ਸਰਕਾਰਾਂ ਵੱਲੋਂ ਕਿਹਾ ਜਾਂਦਾ ਹੈ ਕਿ ਪਾਬੰਦੀਆਂ ਮਨੁੱਖੀ ਅਧਿਕਾਰਾਂ ਦੀ ਰੱਖਿਆ, ਲੋਕਤੰਤਰ ਦੀ ਬਹਾਲੀ, ਸੁਰੱਖਿਆ ਨੂੰ ਖ਼ਤਰਾ ਅਤੇ ਨਿਊਕਲੀਅਰ ਖ਼ਤਰੇ ਵਰਗੇ ਕਾਰਨਾਂ ਕਰਕੇ ਲਗਾਈਆਂ ਜਾਂਦੀਆਂ ਹਨ ਪਰ ਵਿਹਾਰਕ ਤੌਰ ’ਤੇ ਇਹ ਅਕਸਰ ਉਨ੍ਹਾਂ ਦੇਸ਼ਾਂ ’ਤੇ ਲੱਗਦੀਆਂ ਹਨ ਜੋ ਤੇਲ, ਗੈਸ, ਲੀਥੀਅਮ, ਕੋਬਾਲਟ, ਯੂਰੇਨੀਅਮ ਅਤੇ ਸੋਨੇ ਵਰਗੇ ਰਣਨੀਤਕ ਖਣਿਜ ਭੰਡਾਰਾਂ ਨਾਲ ਭਰਪੂਰ ਹੁੰਦੇ ਹਨ ਅਤੇ ਪੱਛਮੀ ਦੇਸ਼ਾਂ ਦੇ ਕਹਿਣੇ ਤੋਂ ਬਾਹਰ ਹੁੰਦੇ ਹਨ ਤੇ ਉਨ੍ਹਾਂ ਦੇ ਹਿੱਤਾਂ ਦੇ ਉਲਟ ਨੀਤੀਆਂ ਅਪਣਾਉਂਦੇ ਹਨ। ਅਮਰੀਕਾ ਦੀਆਂ ਆਰਥਿਕ ਪਾਬੰਦੀਆਂ ਹੰਕਾਰ ਅਤੇ ਧੱਕੇਸ਼ਾਹੀ ਵਾਲੀ ਵਿਦੇਸ਼ ਨੀਤੀ ਦੇ ਹਿੱਸੇ ਵਜੋਂ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਦਾ ਉਦੇਸ਼ ਅਕਸਰ ਕਿਸੇ ਦੇਸ਼ ਦੀ ਸਰਕਾਰ ’ਤੇ ਦਬਾਅ ਬਣਾਉਣਾ ਜਾਂ ਅੰਤਰ-ਰਾਸ਼ਟਰੀ ਨੀਤੀਆਂ ਨੂੰ ਬਦਲਵਾਉਣਾ ਹੁੰਦਾ ਹੈ। ਮੋਟੇ ਤੌਰ ’ਤੇ ਮੰਨਿਆ ਜਾਂਦਾ ਹੈ ਕਿ ਜਿੱਥੇ ਤੇਲ ਹੈ, ਉੱਥੇ ਅਮਰੀਕਾ ਅਤੇ ਪੱਛਮੀ ਦੇਸ਼ਾਂ ਦਾ ਦਖ਼ਲ ਜਾਂ ਪਾਬੰਦੀਆਂ ਵੀ ਦਿਸਦੀਆਂ ਹਨ। ਆਰਥਿਕ ਪਾਬੰਦੀਆਂ ਆਧੁਨਿਕ ਸਾਮਰਾਜਵਾਦ ਦਾ ਇਕ ਘਾਤਕ ਹਥਿਆਰ ਹੈ। ਪੱਛੜੇ, ਗ਼ਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਵਿਰੁੱਧ ਇਹ ਇਕ ਕਿਸਮ ਦੀ ਸਿੱਧੀ ਆਰਥਿਕ ਜੰਗ ਹੈ। ਇਨ੍ਹਾਂ ਪਾਬੰਦੀਆਂ ਦੀ ਮਾਰ ਝੱਲਦਿਆਂ ਪਹਿਲਾਂ ਹੀ ਮੰਦਹਾਲੀ ਦਾ ਸ਼ਿਕਾਰ ਗ਼ਰੀਬ ਅਤੇ ਤੀਸਰੀ ਦੁਨੀਆ ਦੇ ਦੇਸ਼ ਆਰਥਿਕ ਤਬਾਹੀ ਵੱਲ ਵਧਦੇ ਜਾਂਦੇ ਹਨ। ਆਮ ਜਨਤਾ ਵਿਚ ਬੇਚੈਨੀ ਫੈਲਦੀ ਹੈ ਅਤੇ ਇਸ ਦਾ ਫ਼ਾਇਦਾ ਚੁੱਕ ਕੇ ਅਕਸਰ ਇਨ੍ਹਾਂ ਤਾਕਤਵਰ ਅਤੇ ਧਾਕੜ ਮੁਲਕਾਂ ਦੀਆਂ ਖ਼ੁਫ਼ੀਆ ਏਜੰਸੀਆਂ ਹਰਕਤ ਵਿਚ ਆਉਂਦੀਆਂ ਹਨ। ਇਹ ਕਹਿ ਕੇ ਇਸ ਦੇਸ਼ ਦੀ ਜਨਤਾ ਦਾ ਸਰਕਾਰ ਪ੍ਰਤੀ ਵਿਸ਼ਵਾਸ ਨਹੀਂ ਰਿਹਾ ਅਤੇ ਸਰਕਾਰਾਂ ਦੇ ਤਖ਼ਤੇ ਪਲਟ ਦਿੱਤੇ ਜਾਂਦੇ ਹਨ। ਇਸ ਤੋਂ ਬਾਅਦ ਵੇਖਣ ਨੂੰ ਲੋਕਤੰਤਰੀ ਪਰ ਅਸਲ ਵਿਚ ਇਹ ਲੁਟੇਰੇ ਮੁਲਕ ਆਪਣੀ ਕਠਪੁਤਲੀ ਸਰਕਾਰ ਬਣਾ ਕੇ ਫਿਰ ਉਸ ਦੇਸ਼ ਦੇ ਕੁਦਰਤੀ ਸਰੋਤਾਂ ਦੀ ਅੰਨ੍ਹੀ ਲੁੱਟ ਕਰਦੇ ਹਨ। ਦੋ ਵਿਸ਼ਵ ਜੰਗਾਂ ਤੋਂ ਬਾਅਦ ਵਿਕਸਤ ਮੁਲਕਾਂ ਨੇ ਸਿੱਧਾ ਬਸਤੀਵਾਦੀ ਸਿਧਾਂਤ ਤਿਆਗ ਕੇ ਇਨ੍ਹਾਂ ਮੁਲਕਾਂ ਦੀ ਆਰਥਿਕ ਲੁੱਟ-ਖਸੁੱਟ ਕਰਨ ਇਹ ਤਰੀਕਾ ਅਪਣਾ ਲਿਆ ਹੈ।

ਅਮੀਰ ਮੁਲਕਾਂ ਨੇ ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਵਿਸ਼ਵ ਬੈਂਕ ਅਤੇ ਵਿਸ਼ਵ ਮੁਦਰਾ ਕੋਸ਼ ਬਣਾ ਕੇ ਵੇਖਣ ਨੂੰ ਨਿਰਪੱਖ ਅਤੇ ਕਾਨੂੰਨੀ ਜਿਹਾ ਲੱਗਦਾ ਲੁੱਟ ਦਾ ਫੰਦਾ ਤਿਆਰ ਕਰ ਲਿਆ। ਇਨ੍ਹਾਂ ਵਿੱਤੀ ਸੰਸਥਾਵਾਂ ਰਾਹੀਂ ਕਰਜ਼ੇ ਦੇ ਬਦਲੇ ਵਿਕਾਸ ਦਾ ਰਾਹ ਰੋਕਣ ਵਾਲੀਆਂ ਸਖ਼ਤ ਸ਼ਰਤਾਂ ਲਾਈਆਂ ਗਈਆਂ। ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਮੇਂ ਪਹਿਲੀ ਵਾਰ ਨਵੰਬਰ 1981 ਵਿਚ ਭਾਰਤ ਨੂੰ ਅੰਤਰਰਾਸ਼ਟਰੀ ਮੁਦਰਾ ਫੰਡ (IMF) ਵੱਲੋਂ ਲਗਪਗ 5.8 ਬਿਲੀਅਨ ਡਾਲਰ ਦਾ ਕਰਜ਼ਾ ਸਖ਼ਤ ਸ਼ਰਤਾਂ ਹੇਠ ਮਿਲਿਆ ਸੀ ਜੋ ਉਸ ਸਮੇਂ ਇਸ ਸੰਸਥਾ ਦਾ ਸਭ ਤੋਂ ਵੱਡਾ ਕਰਜ਼ਾ ਸੀ ਪਰ ਚੰਗਾ ਇਹ ਹੋਇਆ ਕਿ ਭਾਰਤੀ ਰੁਪਏ ਦੀ ਡੀਵੈਲਿਊਏਸ਼ਨ ਨਹੀਂ ਸੀ ਮੰਨੀ ਗਈ। ਭਾਰਤ ’ਚ ਸਬਸਿਡੀ ਖ਼ਤਮ ਕਰਨ, ਸਰਕਾਰੀ ਖ਼ਰਚ ਘਟਾਉਣ, ਨਿੱਜੀਕਰਨ ਰਾਹੀਂ ਵਿਦੇਸ਼ੀ ਕੰਪਨੀਆਂ ਨੂੰ ਮਜ਼ਬੂਤ ਕਰਨ, ਸਿੱਖਿਆ ਅਤੇ ਸਿਹਤ ਵਰਗੇ ਸਰਕਾਰੀ ਜ਼ਿੰਮੇਵਾਰੀ ਅਤੇ ਸਹਾਇਤਾ ਨਾਲ ਚੱਲਣ ਵਾਲੇ ਪ੍ਰੋਗਰਾਮ ਬੰਦ ਕਰਵਾਉਣ ਲਈ ਦਬਾਅ ਬਣਾਇਆ ਗਿਆ। ਬਹੁ-ਰਾਸ਼ਟਰੀ ਕੰਪਨੀਆਂ ਨੂੰ ਟੈਕਸਾਂ ਵਿਚ ਭਾਰੀ ਛੋਟਾਂ ਮਿਲਣ ਲੱਗੀਆਂ ਤੇ ਉਨ੍ਹਾਂ ਨੇ ਭਾਰੀ ਮੁਨਾਫ਼ਾ ਕਮਾਉਣਾ ਸ਼ੁਰੂ ਕਰ ਦਿੱਤਾ। ਇੰਡਸਟਰੀ ਦਾ ਸਾਰਾ ਮਲਬਾ, ਸਕਰੈਪ, ਵੇਸਟ ਅਤੇ ਗੰਦਗੀ ਗ਼ਰੀਬ ਮੁਲਕਾਂ ’ਚ ਡੰਪ ਕਰਨੀ ਸ਼ੁਰੂ ਕੀਤੀ। ਸਭ ਤੋਂ ਤਾਕਤਵਰ ਮੁਲਕ ਅਮਰੀਕਾ ਨੇ ਆਪਣੀ ਕਰੰਸੀ ਡਾਲਰ ਨੂੰ ਵਿਸ਼ਵ ਵਪਾਰ ਦੀ ਮੁਦਰਾ ਬਣਾ ਕੇ ਡਾਲਰ ਡੋਮੀਨੇਸ਼ਨ ਲਾਗੂ ਕੀਤਾ। ਗ਼ਰੀਬ ਮੁਲਕਾਂ ਨੂੰ ਡਾਲਰਾਂ ਵਿਚ ਕਰਜ਼ੇ ਦੇ ਜਾਲ਼ ਵਿਚ ਫਸਾਇਆ ਗਿਆ। ਇਨ੍ਹਾਂ ਦਾਅ-ਪੇਚਾਂ ਨਾਲ ਵਿਕਾਸਸ਼ੀਲ ਦੇਸ਼ਾਂ ਦੀ ਕਰੰਸੀ ਨੂੰ ਕਮਜ਼ੋਰ ਕਰ ਕੇ ਉਨ੍ਹਾਂ ਨੂੰ ਸਦੀਵੀ ਕਰਜ਼ੇ ਵੱਲ ਧੱਕ ਦਿੱਤਾ ਗਿਆ। ਵਿਆਜ ਉੱਤੇ ਫਿਰ ਵਿਆਜ ਤੇ ਮਿਸ਼ਰਤ ਵਿਆਜ ਲਾ ਕੇ ਕਦੇ ਨਾ ਮੁੱਕਣ ਵਾਲੀ ਕਰਜ਼ੇ ਦੀ ਆਧੁਨਿਕ ਗੁਲਾਮੀ ਪੈਦਾ ਕਰ ਦਿੱਤੀ। ਵਿਸ਼ਵ ਵਪਾਰ ਸੰਗਠਨ (WTO) ਵੱਲੋਂ ਨਾਬਰਾਬਰੀ ਵਾਲੇ ਵਪਾਰ ਸਮਝੌਤਿਆਂ ਨੂੰ ਮੁਕਤ ਵਪਾਰ ਸਮਝੌਤੇ ਕਹਿ ਕੇ ਨਿਰਭਰਤਾ ਦਾ ਸਿਧਾਂਤ ਲਾਗੂ ਕੀਤਾ ਗਿਆ। ਗ਼ਰੀਬ ਦੇਸ਼ਾਂ ਦਾ ਕੱਚਾ ਮਾਲ ਕੌਡੀਆਂ ਦੇ ਭਾਅ ਅਤੇ ਆਪਣਾ ਤਿਆਰ ਕੀਤਾ ਮਾਲ ਉਨ੍ਹਾਂ ਦੇਸ਼ਾਂ ਨੂੰ ਮਹਿੰਗਾ ਖ਼ਰੀਦਣ ਲਈ ਮਜਬੂਰ ਕੀਤਾ। ਕੁਦਰਤੀ ਸਰੋਤਾਂ ਦੀ ਲੁੱਟ ਤੋਂ ਵੀ ਵੱਧ ਖ਼ਤਰਨਾਕ ਨੀਤੀ ਸਥਾਨਕ ਸੱਭਿਆਚਾਰ ਅਤੇ ਗਿਆਨ ਨੂੰ ਤੁੱਛ ਦੱਸਦੇ ਹੋਏ ਪੱਛਮੀ ਯੂਨੀਵਰਸਿਟੀ ਮਾਡਲ, ਗ਼ੈਰ-ਮੁਨਾਫ਼ਾ ਸੰਗਠਨ (NGO) ਦਾ ਏਜੰਡਾ ਲਾਗੂ ਕੀਤਾ। ਇਨ੍ਹਾਂ ਦੇਸ਼ਾਂ ਦੇ ਮੀਡੀਆ ’ਤੇ ਕੰਟਰੋਲ ਕਰ ਕੇ ਆਪਣੀ ਪੱਛਮੀ ਸੋਚ ਵੀ ਥੋਪੀ ਗਈ। ਜਿਨ੍ਹਾਂ ਮੁਲਕਾਂ ਨੇ ਪੱਛਮੀ ਕੰਪਨੀਆਂ ਦੇ ਅਧਿਕਾਰਾਂ ਨੂੰ ਸੀਮਤ ਕਰ ਕੇ ਆਪਣੇ ਕੁਦਰਤੀ ਸਰੋਤਾਂ ਦਾ ਰਾਸ਼ਟਰੀਕਰਨ ਕਰਨ ਦਾ ਯਤਨ ਕੀਤਾ, ਉਨ੍ਹਾਂ ਦੇ ਕਰਜ਼ੇ ਵਿੱਤੀ ਸੰਸਥਾਵਾਂ ਵੱਲੋਂ ਰੋਕ ਲਏ ਗਏ, ਆਰਥਿਕ ਪਾਬੰਦੀਆਂ ਲਾ ਕੇ ਉਸ ਦੇਸ਼ ਦੀ ਕਰੰਸੀ ਨੂੰ ਡੇਗਣ ਦੇ ਹੱਥਕੰਡੇ ਅਪਣਾਏ ਗਏ।



ਈਰਾਨ, ਇਰਾਕ, ਲੀਬੀਆ ਅਤੇ ਵੈਨੇਜ਼ੁਏਲਾ ਵਰਗੇ ਮੁਲਕਾਂ ਨੇ ਤੇਲ ਦਾ ਰਾਸ਼ਟਰੀਕਰਨ ਕਰਨ ਦੀ ਜੁਰਅਤ ਕੀਤੀ ਤਾਂ ਉਨ੍ਹਾਂ ਦੀ ਪੱਛਮੀ ਮੁਲਕਾਂ ਅਤੇ ਅਮਰੀਕਾ ਵੱਲੋਂ ਆਰਥਿਕ ਨਾਕਾਬੰਦੀ ਕਰ ਦਿੱਤੀ ਗਈ। ਇਸੇ ਤਰ੍ਹਾਂ ਹੀ ਬੋਲੀਵੀਆ ਨੇ ਗੈਸ ਅਤੇ ਲੀਥੀਅਮ, ਜ਼ਿੰਬਾਬਵੇ ਨੇ ਜ਼ਮੀਨ ਅਤੇ ਖਣਿਜ, ਅਲਜੀਰੀਆ ਨੇ ਤੇਲ ਅਤੇ ਗੈਸ ਅਤੇ ਇੱਥੋਂ ਤੱਕ ਕਿ ਰੂਸ ਵਰਗੇ ਦੇਸ਼ ਵੀ ਜੇਕਰ ਆਪਣੇ ਤੇਲ, ਗੈਸ, ਖਣਿਜਾਂ ’ਤੇ ਕੰਟਰੋਲ ਕਰਨ ਦਾ ਯਤਨ ਕਰਦੇ ਹਨ ਤਾਂ ਕੂਟਨੀਤਕ ਅਤੇ ਆਰਥਿਕ ਦਬਾਅ ਨਾਲ ਆਰਥਿਕ ਨਾਕਾਬੰਦੀ ਕਰ ਕੇ ਤਣਾਅਪੂਰਨ ਸਥਿਤੀ ਬਣਾਈ ਗਈ। ਕੁਦਰਤੀ ਸਰੋਤਾਂ ਦੇ ਰਾਸ਼ਟਰੀਕਰਨ ਅਤੇ ਉਸ ਦੇ ਜਵਾਬ ਵਜੋਂ ਫ਼ੌਜੀ ਤਾਕਤ ਦੀ ਵਰਤੋਂ ਦਾ ਵੀ ਇਕ ਇਤਿਹਾਸ ਰਿਹਾ ਹੈ ਜਿਸ ਦੀਆਂ ਅਨੇਕ ਮਿਸਾਲਾਂ ਹਨ ਜਿਨ੍ਹਾਂ ਵਿਚ ਮੁੱਖ ਈਰਾਨ, ਇਰਾਕ, ਕਾਂਗੋ, ਲੀਬੀਆ ਅਤੇ ਚਿੱਲੀ ਹਨ। ਕਈ ਵਾਰ ਜਦੋਂ ਆਰਥਿਕ ਪਾਬੰਦੀਆਂ ਅਤੇ ਆਰਥਿਕ ਨਾਕਾਬੰਦੀ ਨਾਲ ਵੀ ਗੱਲ ਨਹੀਂ ਬਣਦੀ ਤਾਂ ਗਲੋਬਲ ਪਾਵਰ ਪੋਲਿਟਿਕਸ ਵਿਚ ਨਵ-ਉਪਨਿਵੇਸ਼ਵਾਦੀ ਅਤੇ ਸਾਮਰਾਜਵਾਦੀ ਤਾਕਤਾਂ ਲਈ ਉਹ ਦੇਸ਼ ਸਿੱਧੀ ਚੁਣੌਤੀ ਬਣ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਸਰੋਤ ਹੱਥੋਂ ਨਿਕਲਦੇ ਹਨ ਤਾਂ ਸਾਮਰਾਜਵਾਦੀ ਮੁਲਕਾਂ ਵੱਲੋਂ ਆਪਣੀਆਂ ਖ਼ੁਫ਼ੀਆ ਏਜੰਸੀਆਂ ਦੀ ਵਰਤੋਂ ਕਰ ਕੇ ਸਟੇਟ ਮੁਖੀਆਂ ਦੀਆਂ ਹੱਤਿਆਵਾਂ ਕਰਵਾ ਦਿੱਤੀਆਂ ਜਾਂਦੀਆਂ ਹਨ, ਫ਼ੌਜੀ ਕਾਰਵਾਈ ਕੀਤੀ ਜਾਂਦੀ ਹੈ, ਖ਼ਾਨਾਜੰਗੀ ਕਰਵਾ ਦਿੱਤੀ ਜਾਂਦੀ ਹੈ ਅਤੇ ਚੁਣੀ ਹੋਈ ਸਰਕਾਰ ਢਾਹ ਕੇ ਸ਼ਾਸਨ ਤਬਦੀਲੀ ਕਰ ਕੇ ਕਠਪੁਤਲੀ ਹਕੂਮਤ ਖੜ੍ਹੀ ਕਰ ਦਿੱਤੀ ਜਾਂਦੀ ਹੈ। ਅਫ਼ਗਾਨਿਸਤਾਨ ਦੀ ਜੰਗ ਦਾ ਇਕ ਅਸਲ ਕਾਰਨ ਇਕ ਟ੍ਰਿਲੀਅਨ ਡਾਲਰ ਦੇ ਖਣਿਜ ਵੀ ਸਨ।

ਲਤੀਨੀ ਅਮਰੀਕੀ ਮੁਲਕਾਂ ਉੱਤੇ ਅਮਰੀਕਾ ਦੇ ਦਬਦਬੇ, ਪਾਬੰਦੀਆਂ ਅਤੇ ਵਿੱਤੀ ਲੁੱਟ ਦਾ ਵੱਡਾ ਇਤਿਹਾਸ ਹੈ। ਸੰਨ 1823 ਦੇ ਰਾਸ਼ਟਰਪਤੀ ਜੇਮਜ਼ ਮੋਨਰੋ ਦੀ ਬਣਾਈ ਨੀਤੀ ਮੋਨਰੋ ਸਿਧਾਂਤ (Monroe Doctirne) ਦੀ ਸੋਚ ਹੇਠ ਲੈਟਿਨ ਅਮਰੀਕਾ ਨੂੰ ਯੂਐੱਸ ਨੇ ਕਦੇ ਵੀ ਸਵੈ-ਪ੍ਰਭੁਸੱਤਾ ਸੰਪੰਨ ਰਾਜ ਨਹੀਂ ਮੰਨਿਆ ਸਗੋਂ ਕੱਚੇ ਮਾਲ ਦੀ ਮਾਰਕੀਟ ਵਜੋਂ ਦੇਖਿਆ ਗਿਆ। ਹਮੇਸ਼ਾ ਇਹ ਸਮਝਿਆ ਗਿਆ ਕਿ ਲੈਟਿਨ ਅਮਰੀਕਾ ਸਿਰਫ਼ ਅਮਰੀਕਾ ਦਾ ਪ੍ਰਭਾਵ ਖੇਤਰ ਹੈ। ਯੂਰਪ ਅਤੇ ਹੋਰ ਮੁਲਕ ਦੂਰ ਹੀ ਰਹਿਣ। ਹੁਣ ਤਾਂ ਰਾਸ਼ਟਰਪਤੀ ਟਰੰਪ ਨੇ ਮੁਨਰੋ ਸਿਧਾਂਤ ਨੂੰ ਨਵਾਂ ਨਾਂ ਡੋਨਰੋ ਡਾਕਟਰੇਨ (Donroe Doctirne) ਦੇ ਦਿੱਤਾ ਹੈ। ਵੈਨੇਜ਼ੁਏਲਾ ਦੇ ਤੇਲ ਉਦਯੋਗ ’ਤੇ ਭਾਰੀ ਪਾਬੰਦੀਆਂ ਲਾਈਆਂ ਗਈਆਂ ਅਤੇ ਵਿਦੇਸ਼ੀ ਖਾਤੇ ਫਰੀਜ਼ ਕਰ ਦਿੱਤੇ। ਇਸ ਨਾਲ ਮਹਿਗਾਈ ਅਤੇ ਭੁੱਖਮਰੀ ਵਧੀ ਪਰ ਸੰਕਟ ਲਈ ਸਰਕਾਰ ਨੂੰ ਦੋਸ਼ੀ ਠਹਿਰਾਉਣ ਦੀ ਰਾਜਨੀਤੀ ਅਪਣਾਈ ਗਈ। ਹੁਣ ਤਾਂ ਹੱਦ ਹੀ ਹੋ ਗਈ ਜਦੋਂ ਵੈਨੇਜ਼ੁਏਲਾ ਦੇ ਚੁਣੇ ਹੋਏ ਰਾਸ਼ਟਰਪਤੀ ਨਿਕੋਲਸ ਮਾਦੁਰੋ ਤੇ ਉਨ੍ਹਾਂ ਦੀ ਪਤਨੀ ਨੂੰ ਨਾਰਕੋ ਟੈਰਿਸਟ ਕਰਾਰ ਦੇ ਕੇ ਕਿਡਨੈਪ ਕਰ ਲਿਆ ਗਿਆ। ਇਸ ਤੋਂ ਪਹਿਲਾਂ ਨਿਕਾਰਾਗੁਆ ਅਤੇ ਬੋਲੀਵੀਆ ਦੀਆਂ ਖੱਬੀ-ਪੱਖੀ ਸਰਕਾਰਾਂ ਨੂੰ ਅਸਥਿਰ ਕਰਨ ਲਈ ਅੰਤਰਰਾਸ਼ਟਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਵੱਲੋਂ ਕਰਜ਼ਿਆਂ ’ਤੇ ਰੋਕ ਲਾਈ ਗਈ ਅਤੇ ਹੋਰ ਕਈ ਤਰ੍ਹਾਂ ਦੇ ਹੱਥਕੰਡੇ ਅਪਣਾਏ ਗਏ। ਇਹ ਪਾਬੰਦੀਆਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਵਾਸਤੇ ਨਹੀਂ (ਜਿਵੇਂ ਕਿ ਅਮਰੀਕਾ ਦੱਸਦਾ ਹੈ) ਸਗੋਂ ਰਾਜਨੀਤਕ ਤੌਰ ’ਤੇ ਇਨ੍ਹਾਂ ਮੁਲਕਾਂ ਨੂੰ ਕਾਬੂ ਕਰਨ ਲਈ ਵਰਤੀਆਂ ਗਈਆਂ।

ਸੰਨ 1959 ਵਿਚ ਹੋਏ ਇਨਕਲਾਬ ਤੋਂ ਬਾਅਦ ਕਿਊਬਾ ਵਿਚ ਮੁਫ਼ਤ ਸਿੱਖਿਆ ਅਤੇ ਸਿਹਤ ਦਾ ਪ੍ਰਬੰਧ, ਜ਼ਮੀਨ ਸੁਧਾਰ ਅਤੇ ਉਦਯੋਗਾਂ ਦਾ ਰਾਸ਼ਟਰੀਕਰਨ ਕੀਤਾ ਗਿਆ। ਸੰਨ 1961 ਵਿਚ ਕਿਊਬਾ ਨੂੰ ਸਮਾਜਵਾਦੀ ਦੇਸ਼ ਹੋਣ ਦਾ ਐਲਾਨ ਕੀਤਾ ਗਿਆ। ਕਿਊਬਾ ਦਾ ਇਨਕਲਾਬ ਲੈਟਿਨ ਅਮਰੀਕਾ ਦਾ ਪਹਿਲਾ ਸਫਲ ਸਮਾਜਵਾਦੀ ਇਨਕਲਾਬ ਸੀ ਜਿਸ ਨੇ ਅਮਰੀਕੀ ਦਬਦਬੇ ਨੂੰ ਖੁੱਲ੍ਹੀ ਚੁਣੌਤੀ ਦਿੱਤੀ। ਇਸ ਤੋਂ ਪ੍ਰੇਰਿਤ ਹੋ ਕੇ ਅਫ਼ਰੀਕਾ, ਏਸ਼ੀਆ, ਲੈਟਿਨ ਅਮਰੀਕਾ ਦੀਆਂ ਕਈ ਮੁਕਤੀ ਲਹਿਰਾਂ ਸ਼ੁਰੂ ਹੋਈਆਂ। ਕਾਸਤਰੋ ਦਾ ਸਮਾਜਵਾਦ ਵੱਲ ਝੁਕਾਅ ਹੋਣ ਕਾਰਨ ਅਮਰੀਕਾ ਲਈ ਕਿਊਬਾ ਇਕ ਖ਼ਤਰਨਾਕ ਮਿਸਾਲ ਬਣ ਗਿਆ। ਅਪ੍ਰੈਲ 1961 ਵਿਚ ਛੀਓ ਦੀ ਮਦਦ ਨਾਲ ਕਿਊਬਨ ਜਲਾਵਤਨ ਕੀਤੇ ਲੋਕਾਂ ਨੇ ਉਸ ’ਤੇ ਹਮਲਾ ਕੀਤਾ। ਕਾਸਤਰੋ ਦੀ ਹੱਤਿਆ ਕਰਨ ਦੇ 600 ਤੋਂ ਵੱਧ ਵਾਰ ਯਤਨ ਕੀਤੇ ਗਏ।

ਦੁਨੀਆ ਭਰ ਵਿਚ ਮਚੀ ਅਜੋਕੀ ਹਫੜਾ-ਦਫੜੀ ਪਿੱਛੇ ਵੀ ਮੁੱਦੇ ਦੀ ਜੜ੍ਹ ਕੁਦਰਤੀ ਸਾਧਨਾਂ ਦੀ ਲੁੱਟ, ਤੇਲ ਦੀ ਭੁੱਖ, ਦੁਰਲੱਭ ਖਣਿਜ ਹਨ। ਅਮਰੀਕਾ ਦੀਆਂ ਵਿੱਤੀ ਨੀਤੀਆਂ ਅਤੇ ਟੈਰਿਫ ਦਾ ਸਤਾਇਆ ਭਾਰਤ ਜਦ ਵੀ ਚੀਨ ਨਾਲ ਸਹਿਯੋਗ ਵਧਾਉਣ ਵੱਲ ਕਦਮ ਪੁੱਟਦਾ ਹੈ ਤਾਂ ਅਮਰੀਕਾ ਤਰੁੰਤ ਉਸ ’ਤੇ ਵੱਧ ਟੈਰਿਫ ਲਾਉਣ ਦਾ ਦੀ ਧਮਕੀ ਦੇ ਦਿੰਦਾ ਹੈ। ਪਿੱਛੇ ਜਿਹੇ ਭਾਰਤ ਨੇ ਚੀਨੀ ਕੰਪਨੀਆਂ ਨੂੰ ਆਪਣੇ ਇੱਥੇ ਸਰਕਾਰੀ ਅਦਾਰਿਆਂ ਵਿਚ ਠੇਕੇ ਲੈਣ ਅਤੇ ਹੋਰ ਪ੍ਰਾਜੈਕਟਾਂ ਵਿਚ ਸ਼ਾਮਲ ਹੋਣ ਦੀ ਖੁੱਲ੍ਹ ਦੇਣ ਦੀ ਨੀਤੀ ਅਪਣਾਈ ਹੈ।

# ਰਾਸ਼ਟਰਪਤੀ ਟਰੰਪ ਅੱਗੇ ਡਟ ਕੇ ਖੜ੍ਹ ਸਕੇਗਾ ਯੂਰਪ?



**ਨਿਕੋਲਸ ਕ੍ਰਿਸਟੋਫ**

ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਕ ਖ਼ਾਸੀਅਤ ਇਹ ਹੈ ਕਿ ਉਹ ਕਮਜ਼ੋਰ ਪਹਿਲੂਆਂ ਨੂੰ ਨਿਸ਼ਾਨਾ ਬਣਾਉਣ ਵਿਚ ਪਿੱਛੇ ਨਹੀਂ ਰਹਿੰਦੇ ਅਤੇ ਦ੍ਰਿੜਤਾ ਦੇ ਸਾਹਮਣੇ ਠਹਿਰ ਜਾਂਦੇ ਹਨ। ਯੂਰਪ ਅੱਜ ਜਿਨ੍ਹਾਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਉਨ੍ਹਾਂ ਵਿੱਚੋਂ ਇਕ ਮੁੱਖ ਕਾਰਨ ਇਹ ਹੈ ਕਿ ਲੰਬੇ ਸਮੇਂ ਤੋਂ ਉਹ ਪੂਰਬ ਵਿਚ ਰੂਸ ਅਤੇ ਪੱਛਮ ਵੱਲੋਂ ਆਉਣ ਵਾਲੀਆਂ ਚੁਣੌਤੀਆਂ ਪ੍ਰਤੀ ਬੇਪਰਵਾਹ ਰਿਹਾ। ਟਰੰਪ ਇਹੀ ਮੰਨਦੇ ਹਨ ਕਿ ਯੂਰਪੀ ਆਗੂ ਕਮਜ਼ੋਰ ਹਨ। ਉਨ੍ਹਾਂ ਨੇ ਯੂਰਪੀ ਨੇਤਾਵਾਂ ਨੂੰ ਟੈਰਿਫ ਦੀ ਧਮਕੀ ਦਿੱਤੀ ਤਾਂ ਉਹ ਉਨ੍ਹਾਂ ਦੇ ਸਾਹਮਣੇ ਝੁਕ ਵੀ ਗਏ। ਇਸ ਨੂੰ ਆਪਣੇ ਲਈ ਮੌਕਾ ਸਮਝਦਿਆਂ ਟਰੰਪ ਨੇ ਗ੍ਰੀਨਲੈਂਡ ’ਤੇ ਕਬਜ਼ੇ ਅਤੇ ਇਕ ਤਰ੍ਹਾਂ ਨਾਲ ਨਾਟੋ ਨੂੰ ਖ਼ਤਮ ਕਰਨ ਦਾ ਸ਼ਿਗੂਫਾ ਛੱਡਿਆ ਅਤੇ ਯੂਰਪ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਇਸ ਰਾਹ ਵਿਚ ਰੁਕਾਵਟ ਖੜ੍ਹੀ ਕੀਤੀ ਤਾਂ ਨਵੇਂ ਵਪਾਰ ਯੁੱਧ ਲਈ ਤਿਆਰ ਰਹੋ। ਦਾਵੋਸ ਵਿਚ ਯੂਰਪੀ ਵਿਰੋਧ ’ਤੇ ਪ੍ਰਤੀਕਿਰਿਆ ਦੌਰਾਨ ਗ੍ਰੀਨਲੈਂਡ ਦੇ ਮਾਮਲੇ ’ਤੇ ਉਨ੍ਹਾਂ ਨੇ ਇਹੀ ਕਿਹਾ ਕਿ ਉਸ ਨੂੰ ਹਾਸਲ ਕਰਨ ਲਈ ਉਹ ਤਾਕਤ ਦੀ ਵਰਤੋਂ ਨਹੀਂ ਕਰਨਗੇ। ਹਾਲਾਂਕਿ, ਹਾਲ-ਫ਼ਿਲਹਾਲ ਉਨ੍ਹਾਂ ਨੇ ਨਵੇਂ ਟੈਰਿਫ ਨੂੰ ਵੀ ਅਜੇ ਟਾਲਣ ਦੇ ਸੰਕੇਤ ਦਿੱਤੇ ਹਨ। ਇਸ ਤੋਂ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਨੇ ਇਕ ਨਕਸ਼ੇ ਵਿਚ ਗ੍ਰੀਨਲੈਂਡ, ਕੈਨੇਡਾ ਅਤੇ ਵੈਨੇਜ਼ੁਏਲਾ ਨੂੰ ਅਮਰੀਕਾ ਦਾ ਹਿੱਸਾ ਦਿਖਾਇਆ ਸੀ।

ਗ੍ਰੀਨਲੈਂਡ ’ਤੇ ਟਰੰਪ ਵੱਲੋਂ ਰਾਗ ਅਲਾਪਣ ਨੇ ਅਖ਼ੀਰ ਵਿਸ਼ਵ ਨੇਤਾਵਾਂ ਨੂੰ ਅਮਰੀਕੀ ਖ਼ਤਰੇ ਪ੍ਰਤੀ ਜਾਗਰੂਕ ਕਰਨ ਦਾ ਕੰਮ ਕੀਤਾ ਹੈ। ਇਸ ਸਬੰਧ ਵਿਚ ਬੈਲਜੀਅਮ ਦੇ ਪ੍ਰਧਾਨ ਮੰਤਰੀ ਬਾਰਟ ਡੀ। ਵੇਵਰ ਨੇ ਕਿਹਾ, ‘‘ਹੁਣ ਤੱਕ ਅਸੀਂ ਵ੍ਹਾਈਟ ਹਾਊਸ ਵਿਚ ਨਵੇਂ ਰਾਸ਼ਟਰਪਤੀ ਦੀ ਸੰਤੁਸ਼ਟੀ ਲਈ ਪੂਰੇ ਯਤਨ ਕੀਤੇ। ਇੱਥੇ ਤੱਕ ਕਿ ਟੈਰਿਫ ਦੇ ਮਾਮਲੇ ਵਿਚ ਵੀ ਅਸੀਂ ਇਸ ਉਮੀਦ ਨਾਲ ਉਦਾਰ ਰਹੇ ਕਿ ਚਲੋ ਯੂਕਰੇਨ ਯੁੱਧ ਵਿਚ ਉਨ੍ਹਾਂ ਦੀ ਮਦਦ ਮਿਲੇਗੀ।’’ ਹੁਣ ਅਜਿਹੀਆਂ ਉਮੀਦਾਂ ਨਿਰਾਸ਼ਾ ਵਿਚ ਬਦਲਦੀਆਂ ਜਾ ਰਹੀਆਂ ਹਨ। ਵੇਵਰ ਦੇ ਕਹਿਣ ਦਾ ਮਤਲਬ ਇਹੀ ਹੈ ਕਿ ਹੁਣ ਸਾਰੀਆਂ ਲਛਮਣ ਰੇਖਾਵਾਂ ਲੰਘੀਆਂ ਜਾ ਰਹੀਆਂ ਹਨ ਅਤੇ ਸਮਝਣਾ ਚਾਹੀਦਾ ਹੈ ਕਿ ਖ਼ੁਸ਼ੀ-ਖ਼ੁਸ਼ੀ ਕਿਸੇ ਦੇ ਖੇਮੇ ਵਿਚ ਰਹਿਣ ਅਤੇ ਬਦਹਾਲ ਦਸ਼ਾ ਵਾਲੇ ਗੁਲਾਮ ਵਾਲੀ ਸਥਿਤੀ ਵਿਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਪੋਲੈਂਡ ਦੇ ਪ੍ਰਧਾਨ ਮੰਤਰੀ ਡੋਨਾਲਡ ਟਸਕ ਨੇ ਵੀ ਕਿਹਾ ਕਿ ਕਿਸੇ ਨੂੰ ਖ਼ੁਸ਼ ਕਰਨਾ ਸਿਰਫ਼ ਕਮਜ਼ੋਰੀ ਦਾ ਸੰਕੇਤ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਯੂਰਪ ਕਮਜ਼ੋਰ ਹੋਣਾ ਗਵਾਰਾ ਨਹੀਂ ਕਰ ਸਕਦਾ, ਨਾ ਹੀ ਆਪਣੇ ਸਹਿਯੋਗੀਆਂ ਅਤੇ ਨਾ ਹੀ ਵਿਰੋਧੀਆਂ ਦੇ ਸਾਹਮਣੇ। ਉਨ੍ਹਾਂ ਦਾ ਮੰਨਣਾ ਹੈ ਕਿ ਤੁਸ਼ਟੀਕਰਨ ਦਾ ਕੋਈ ਨਤੀਜਾ ਨਹੀਂ ਮਿਲਦਾ ਅਤੇ ਸਿਰਫ਼ ਅਪਮਾਨ ਤੇ ਤੰਗੀ ਸਹਿਣੀ ਪੈਂਦੀ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਵੀ ਟਰੰਪ ਦੀਆਂ ਤਾਜ਼ਾ ਟੈਰਿਫ ਵਾਲੀਆਂ ਧਮਕੀਆਂ ਨੂੰ ਅਸਵੀਕਾਰ ਕੀਤਾ ਹੈ। ਇਕ ਤਰ੍ਹਾਂ ਨਾਲ ਉਨ੍ਹਾਂ ਨੇ ਟਰੰਪ ਨੂੰ ਪੁਤਿਨ ਦੇ ਖ਼ਤਰੇ ਵਾਂਗ ਮੰਨਦੇ ਹੋਏ ਕਿਹਾ ਕਿ ਕੋਈ ਵੀ ਧਮਕੀ ਜਾਂ ਡਰ ਸਾਨੂੰ ਹੈਰਾਨ-ਪਰੇਸ਼ਾਨ ਨਹੀਂ ਕਰ ਸਕਦਾ, ਨਾ ਯੂਕਰੇਨ ਵਿਚ ਅਤੇ ਨਾ ਗ੍ਰੀਨਲੈਂਡ ਵਿਚ। ਯੂਰਪ ਦੇ ਮੁਕਾਬਲੇ, ਉਸ ਤੋਂ ਬਾਹਰ ਦੇ ਆਗੂ ਟਰੰਪ ਖ਼ਿਲਾਫ਼ ਡਟ ਕੇ ਖੜ੍ਹੇ ਹੋਣ ਵਿਚ ਖ਼ਾਸੇ ਪ੍ਰਭਾਵਸ਼ਾਲੀ ਰਹੇ।

ਇਨ੍ਹਾਂ ਵਿੱਚੋਂ ਇਕ ਹਨ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ। ਉਨ੍ਹਾਂ ਨੇ ਟਰੰਪ ਦੇ ਸਖ਼ਤ ਟੈਰਿਫ ਦੇ ਜਵਾਬ ਵਿਚ ਦੁਰਲਭ ਖਣਿਜਾਂ ਦੇ ਨਿਰਯਾਤ ’ਤੇ ਪਾਬੰਦੀ ਲਗਾ ਕੇ ਅਮਰੀਕਾ ਨੂੰ ਜਵਾਬ ਦਿੱਤਾ ਜਿਸ ਕਾਰਨ ਉਸ ਨੂੰ ਆਪਣਾ ਰੁਖ਼ ਬਦਲਣ ਲਈ ਮਜਬੂਰ ਕਰ ਦਿੱਤਾ। ਅਸਲ ਵਿਚ, ਉਸ ਤੋਂ ਬਾਅਦ ਤੋਂ ਬੀਜਿੰਗ ਨੂੰ ਲੈ ਕੇ ਟਰੰਪ ਦੇ ਤੇਵਰ ਕਈ ਮਾਮਲਿਆਂ ਵਿਚ ਨਰਮ ਦਿਸੇ ਹਨ। ਫਿਰ ਚਾਹੇ ਚੀਨ ਨੂੰ ਅਤਿ-ਆਧੁਨਿਕ ਚਿਪ ਦੀ ਸਪਲਾਈ ਹੋਵੇ ਜਾਂ ਜਾਪਾਨ-ਤਾਇਵਾਨ ਨੂੰ ਡਰਾਉਣ-ਧਮਕਾਉਣ ਵਾਲੇ ਉਸ ਦੇ ਤੌਰ-ਤਰੀਕਿਆਂ ਨੂੰ ਲੈ ਕੇ ਮੌਨ ਧਾਰਨ ਕਰਨਾ ਹੋਵੇ। ਦੂਜੇ ਆਗੂ ਹਨ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ। ਉਨ੍ਹਾਂ ਦੇ ਪਹਿਲਾਂ ਵਾਲੇ ਹਮਰੁਤਬਾ ਜਸਟਿਨ ਟਰੂਡੋ ਨੇ ਟਰੰਪ ਪ੍ਰਤੀ ਨਰਮੀ ਦਿਖਾਈ ਤਾਂ ਬਦਲੇ ਵਿਚ ਟਰੰਪ ਨੇ ਉਨ੍ਹਾਂ ਨੂੰ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀ ਗੱਲ ਆਖੀ। ਇਸ ਦੇ ਉਲਟ, ਸ਼ੁਰੂ ਤੋਂ ਹੀ ਕਾਰਨੀ ਨੇ ਨਿਮਰਤਾ ਦੇ ਨਾਲ-ਨਾਲ ਓਨੀ ਹੀ ਦ੍ਰਿੜਤਾ ਵੀ ਦਿਖਾਈ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਟਰੰਪ ਦਾ ਲਹਿਜ਼ਾ ਵੀ ਕੁਝ ਸਨਮਾਨਜਨਕ ਹੋਇਆ ਹੈ। ਓਟਾਵਾ ਨੇ ਹਾਲ ਹੀ ਵਿਚ ਬੀਜਿੰਗ ਨਾਲ ਇਕ ਵੱਡਾ ਵਪਾਰ ਸਮਝੌਤਾ ਵੀ ਕੀਤਾ ਅਤੇ ਕਿਹਾ ਕਿ ਅਮਰੀਕਾ ਦੀ ਤੁਲਨਾ ਵਿਚ ਚੀਨ ਹੁਣ ਕਿਤੇ ਘੱਟ ਅਨਿਸ਼ਚਿਤਤਾਵਾਂ ਵਾਲਾ ਜੋਟੀਦਾਰ ਹੈ। ਦਾਵੋਸ ਵਿਚ ਵੀ ਉਨ੍ਹਾਂ ਦਾ ਸੰਬੋਧਨ ਬਹੁਤ ਚਰਚਿਤ ਰਿਹਾ, ਜਿਸ ਵਿਚ ਉਨ੍ਹਾਂ ਨੇ ਕਿਹਾ ਕਿ ਅਮਰੀਕਾ ਹੁਣ ਓਨਾ ਭਰੋਸੇਯੋਗ ਨਹੀਂ ਰਿਹਾ, ਇਸ ਲਈ ਕੈਨੇਡਾ ਨੂੰ ਨਵੀਂ ਰਾਹ ਤਲਾਸ਼ਣੀ ਹੀ ਹੋਵੇਗੀ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਵਿਵਸਥਾ ਤੁਹਾਡੀ ਸੁਰੱਖਿਆ ਨਹੀਂ ਕਰਦੀ ਤਾਂ ਆਪਣੀ ਰੱਖਿਆ ਦੇ ਉਪਾਅ ਖ਼ੁਦ ਕਰਨੇ ਹੋਣਗੇ। ਇਹ ਗੱਲਾਂ ਪੂਰੀ ਤਰ੍ਹਾਂ ਸੱਚ ਹਨ। ਟਰੰਪ ਇਸੇ ਤਰ੍ਹਾਂ ਦੀ ਦੁਨੀਆ ਬਣਾ ਰਹੇ ਹਨ। ਇਹ ਅਮਰੀਕਾ ਅਤੇ ਉਸ ਦੇ ਪੁਰਾਣੇ ਸਹਿਯੋਗੀਆਂ ਲਈ ਕਿਸੇ ਤ੍ਰਾਸਦੀ ਤੋਂ ਘੱਟ ਨਹੀਂ ਹੈ। ਇਸ ਲਈ ਇਹ ਮਹੱਤਵਪੂਰਨ ਹੋਵੇਗਾ ਕਿ ਟਰੰਪ ਜੇ ਨਵੇਂ ਟੈਰਿਫ ਲਗਾਉਣ ਤਾਂ ਯੂਰਪ ਨੂੰ ਇਸ ਦਾ ਸਖ਼ਤੀ ਨਾਲ ਜਵਾਬ ਦੇਣਾ ਚਾਹੀਦਾ ਹੈ।

ਵਿਡੰਬਣਾ ਇਹ ਹੈ ਕਿ ਟਰੰਪ ਰਾਸ਼ਟਰੀ ਸੁਰੱਖਿਆ ਦੇ ਨਜ਼ਰੀਏ ਤੋਂ ਗ੍ਰੀਨਲੈਂਡ ਨੂੰ ਲੈ ਕੇ ਉਸ ’ਤੇ ਰੂਸ ਅਤੇ ਚੀਨ ਦੇ ਕਬਜ਼ੇ ਦੀ ਚਿੰਤਾ ਦਾ ਪਾਖੰਡ ਕਰ ਰਹੇ ਹਨ ਜਦਕਿ ਅਸਲੀਅਤ ਇਹ ਹੈ ਕਿ ਪੁਤਿਨ ਦੀ ਇੱਛਾ ਗ੍ਰੀਨਲੈਂਡ ਤੋਂ ਵੱਧ ਨਾਟੋ ਦੀ ਹੋਂਦ ਨੂੰ ਖ਼ਤਮ ਕਰਨ ਦੀ ਹੋਵੇਗੀ ਜਿਸ ਨੂੰ ਟਰੰਪ ਸਾਕਾਰ ਵੀ ਕਰ ਸਕਦੇ ਹਨ। ਕੁੱਲ ਮਿਲਾ ਕੇ, ਅੱਜ ਨਾ ਸਿਰਫ਼ ਰੂਸੀ ਬਲਕਿ ਅਮਰੀਕੀ ਰਾਸ਼ਟਰਪਤੀ, ਦੋਵੇਂ ਮਿਲ ਕੇ ਨਾਟੋ ਅਤੇ ਅਮਰੀਕਾ ਦੀ ਬਣਾਈ ਹੋਈ ਉਸ ਵਿਵਸਥਾ ਨੂੰ ਖੰਡਿਤ ਕਰਨ ’ਤੇ ਉਤਾਰੂ ਹਨ ਜਿਸ ਨੇ 1945 ਤੋਂ ਬਾਅਦ ਤੋਂ ਹੀ ਸਾਰਿਆਂ ਨੂੰ ਬਹੁਤ ਫ਼ਾਇਦਾ ਪਹੁੰਚਾਇਆ ਹੈ। ਇਕ ਅਮਰੀਕੀ ਦੇ ਤੌਰ ’ਤੇ ਇਹ ਮੈਨੂੰ ਚੰਗਾ ਨਹੀਂ ਲੱਗਦਾ ਕਿ ਮੈਂ ਨੇਤਾਵਾਂ ਨੂੰ ਆਪਣੇ ਹੀ ਦੇਸ਼ ਖ਼ਿਲਾਫ਼ ਬਗਾਵਤ ਦਾ ਬਿਗੁਲ ਵਜਾਉਣ ਲਈ ਉਤਸ਼ਾਹਤ ਕਰਾਂ ਅਤੇ ਇਹ ਰਾਸ਼ਟਰ ਪ੍ਰਤੀ ਵਫ਼ਾਦਾਰੀ ਵੀ ਨਹੀਂ ਕਹੀ ਜਾਵੇਗੀ ਪਰ ਹਕੀਕਤ ਵਿਚ ਅਜਿਹਾ ਨਹੀਂ ਹੈ। ਗ੍ਰੀਨਲੈਂਡ ’ਤੇ ਕਬਜ਼ੇ ਨਾਲ ਅਮਰੀਕਾ ਨੂੰ ਅਜਿਹਾ ਕੋਈ ਫ਼ਾਇਦਾ ਨਹੀਂ ਹੋਣ ਵਾਲਾ, ਜਿਹੋ ਜਿਹਾ ਇਰਾਕ ਦੇ ਮਾਮਲੇ ਵਿਚ ਹੋਇਆ ਸੀ। ਅਸੀਂ ਨਹੀਂ ਚਾਹੁੰਦੇ ਕਿ ਸਾਡੇ ਬੱਚੇ ਫਜੁੱਲਾ ਜਾਂ ਕੰਧਾਰ ਦੀ ਤਰ੍ਹਾਂ ਨੂਕ ਜਾਂ ਟੋਰਾਂਟੋ ਵਿਚ ਗਸ਼ਤ ਕਰਦੇ ਦਿਖਾਈ ਦੇਣ।

# 'ਪੰਜਾਬ ਲੋਕ ਰੰਗ' ਦੀ ਟੀਮ ਵੱਲੋਂ ਬਲਜੀਤ ਸਿੰਘ ਦਾ ਸਨਮਾਨ












ਸਾਨਫਰਾਂਸਿਸਕੋ-ਪਿਛਲੇ ਹਫਤੇ 'ਕਾਪਰ ਚਿਮਨੀ' ਰੈਸਟੋਰੈਂਟ ਵਿਚ 'ਪੰਜਾਬ ਲੋਕ ਰੰਗ' ਦੀ ਟੀਮ ਵੱਲੋਂ ਬਲਜੀਤ ਸਿੰਘ ਅਸਿਸਟੈਂਟ ਡਾਇਰੈਕਟਰ ਦੂਰਦਰਸ਼ਨ ਜਲੰਧਰ ਨੂੰ ਖਾਸ ਸੱਦੇ ਤੇ ਇੱਥੇ ਬੁਲਾਇਆ ਗਿਆ, ਜਿੱਥੇ ਬਲਜੀਤ ਸਿੰਘ ਵੱਲੋਂ ਕੀਤੇ ਜਾਂਦੇ ਕੰਮਾਂ ਕਰਕੇ ਜਿਹਨਾਂ ਵਿਚ ਪ੍ਰੋਗਰਾਮ 'ਸੰਦਲੀ ਪੈੜਾਂ' ਅਤੇ 'ਡੰਗ ਤੇ ਚੋਭਾਂ' ਨਾਲ ਪੰਜਾਬੀ ਬੋਲੀ ਨੂੰ ਹੋਰ ਉਚੇਰਾ ਚੁੱਕਣ ਲਈ ਅਤੇ ਉਹਨਾਂ ਵੱਲੋਂ ਦੋ ਡਾਕੂਮੈਂਟਰੀਆਂ ਬਣਾਉਣ ਕਰਕੇ, ਜਿਹਨਾਂ ਵਿਚ 'ਜ਼ਫਰਨਾਮਾ' ਤੇ'ਜਪਿਓ ਜਿਨ ਅਰਜਨ ਦੇਵ ਗੁਰੂ' ਵਰਗੀਆਂ ਡਾਕੂਮੈਂਟਰੀ ਫਿਲਮਾਂ ਲਈ ਅਤੇ 10 ਕਿਤਾਬਾਂ ਲਿਖਣ ਲਈ ਸਨਮਾਨਿਤ ਕੀਤਾ ਗਿਆ।

ਪੰਜਾਬੀ ਬੋਲੀ ਦੇ ਪ੍ਰਸਾਰ ਲਈ ਬਲਜੀਤ ਸਿੰਘ ਹੁਰਾਂ ਨੇ ਸ. ਸੁਰਿੰਦਰ ਸਿੰਘ ਧਨੋਆ ਵੱਲੋਂ ਖੇਡੇ ਜਾਂਦੇ ਨਾਟਕਾਂ ਰਾਹੀਂ ਹੋਰ ਮਾਣ ਵਧਾਇਆ ਤੇ ਚੰਗੇਰੇ ਕੰਮਾਂ ਦੀ ਤਾਰੀਫ ਵੀ ਪੰਜਾਬ ਵਿਚ ਅਤੇ ਬਾਹਰ ਵੀ ਕੀਤੀ ਜਾਂਦੀ ਹੈ। 'ਪੰਜਾਬ ਲੋਕ ਰੰਗ' ਦੀ ਟੀਮ ਵੱਲੋਂ ਬਲਜੀਤ ਸਿੰਘ ਨੂੰ ਇਕ ਲੋਈ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਡਰਾਮੇ ਦੇ ਅਦਾਕਾਰਾਂ ਅਤੇ ਬੀਬੀਆਂ ਵੱਲੋਂ ਫੁੱਲਾਂ ਦਾ ਗੁਲਦਸਤਾ ਵੀ ਭੇਂਟ ਕੀਤਾ ਗਿਆ।

ਸਨਮਾਨਿਤ ਕਰਨ ਵਾਲਿਆਂ 'ਚ ਸੁਰਿੰਦਰ ਸਿੰਘ ਧਨੋਆ, ਪ੍ਰੋ. ਬਲਵਿੰਦਰ ਸਿੰਘ ਧਨੋਆ, ਸੋਨੂ ਰਾਣਾ, ਮੁਖਤਿਆਰ ਸਿੰਘ ਵੜੈਚ, ਸ੍ਰੀ ਮੁਕੰਦ ਲੂੰਬਾ ਜੀ ਵੱਲੋਂ ਸਨਮਾਨਿਤ ਕੀਤਾ ਗਿਆ।

ਬੀਬੀ ਜਸਵਿੰਦਰ ਕੌਰ, ਸੁਰਿੰਦਰ ਕੌਰ ਤੇ ਹੋਰਨਾਂ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਂਟ ਕੀਤਾ ਗਿਆ। ਇਸ ਤੋਂ ਇਲਾਵਾ ਗੁਰੂ ਘਰ ਫਰੀਮਾਂਟ ਵਿਚ ਬਲਜੀਤ ਸਿੰਘ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।

**- ਬਲਬੀਰ ਸਿੰਘ ਐਮ. ਏ.**

# ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਕੈਬਨਿਟ ਮੰਤਰੀ ਖੁੱਡੀਆਂ ਵਲੋਂ ਨਵੀਂ ਸਥਾਪਿਤ ਲਾਇਬ੍ਰੇਰੀ ਦਾ ਉਦਘਾਟਨ





ਚੰਡੀਗੜ੍ਹ- ਪੰਜਾਬ ਰਾਜ ਖੁਰਾਕ ਕਮਿਸ਼ਨ ਦੀ ਨਵੀਂ ਸਥਾਪਿਤ ਲਾਇਬ੍ਰੇਰੀ ਦਾ ਉਦਘਾਟਨ ਅੱਜ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ। ਇਸ ਮੌਕੇ 'ਤੇ, ਖੁਰਾਕ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਦੱਸਿਆ ਕਿ ਪੰਜਾਬ ਰਾਜ ਖੁਰਾਕ ਕਮਿਸ਼ਨ ਭਾਰਤ ਵਿੱਚ ਪਹਿਲਾ ਰਾਜ ਖੁਰਾਕ ਕਮਿਸ਼ਨ ਸੰਸਥਾ ਬਣ ਗਿਆ ਹੈ ਜਿਸਨੇ ਰਸਮੀ ਤੌਰ 'ਤੇ ਲਾਇਬ੍ਰੇਰੀ ਸਥਾਪਤ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਸੂਬੇ ਲਈ ਮਾਣ ਵਾਲੀ ਹੈ ਅਤੇ ਦੂਜੇ ਰਾਜਾਂ ਲਈ ਪ੍ਰੇਰਨਾ ਦਾ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਲਾਇਬ੍ਰੇਰੀ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, ਸੰਵਿਧਾਨਕ ਉਪਬੰਧਾਂ, ਨਿਆਂਇਕ ਫੈਸਲਿਆਂ, ਖੇਤੀਬਾੜੀ, ਪੋਸ਼ਣ ਅਤੇ ਲੋਕ ਭਲਾਈ ਯੋਜਨਾਵਾਂ ਨਾਲ ਸਬੰਧਤ ਕਿਤਾਬਾਂ ਅਤੇ ਖੋਜ ਸਮੱਗਰੀ ਨਾਲ ਲੈਸ ਹੈ। ਇਹ ਫੂਡ ਕਮਿਸ਼ਨ ਦੇ ਕੰਮਕਾਜ ਵਿੱਚ ਪਾਰਦਰਸ਼ਤਾ, ਗੁਣਵੱਤਾ ਅਤੇ ਇੱਕ ਨਿਰਪੱਖ ਫੈਸਲਾ ਲੈਣ ਦੀ ਪ੍ਰਕਿਰਿਆ ਨੂੰ ਮਜ਼ਬੂਤ ਕਰੇਗਾ। ਮੁੱਖ ਮਹਿਮਾਨ ਕੁਲਤਾਰ ਸਿੰਘ ਸੰਧਵਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੀਆਂ ਲਾਇਬ੍ਰੇਰੀਆਂ ਸੰਵਿਧਾਨਕ ਸੰਸਥਾਵਾਂ ਨੂੰ ਬੌਧਿਕ ਤੌਰ 'ਤੇ ਮਜ਼ਬੂਤ ਕਰਦੀਆਂ ਹਨ ਅਤੇ ਜਨਤਕ ਹਿੱਤਾਂ ਨਾਲ ਸਬੰਧਤ ਮਾਮਲਿਆਂ ਵਿੱਚ ਸਹੀ ਦਿਸ਼ਾ ਪ੍ਰਦਾਨ ਕਰਦੀਆਂ ਹਨ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਰਾਜ ਖੁਰਾਕ ਕਮਿਸ਼ਨ ਦੀ ਇਹ ਪਹਿਲ ਖੁਰਾਕ ਸੁਰੱਖਿਆ, ਕਿਸਾਨਾਂ ਦੀ ਭਲਾਈ ਅਤੇ ਗਰੀਬਾਂ ਦੀ ਭਲਾਈ ਲਈ ਬਹੁਤ ਲਾਭਦਾਇਕ ਸਾਬਤ ਹੋਵੇਗੀ। ਲਾਇਬ੍ਰੇਰੀ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, ਸੰਵਿਧਾਨਕ ਉਪਬੰਧਾਂ, ਨਿਆਂਇਕ ਫੈਸਲਿਆਂ, ਖੇਤੀਬਾੜੀ, ਪੋਸ਼ਣ ਅਤੇ ਲੋਕ ਭਲਾਈ ਯੋਜਨਾਵਾਂ ਨਾਲ ਸਬੰਧਤ ਕਿਤਾਬਾਂ ਅਤੇ ਖੋਜ ਸਮੱਗਰੀ ਨਾਲ ਲੈਸ ਹੈ। ਇਹ ਫੂਡ ਕਮਿਸ਼ਨ ਦੇ ਕੰਮਕਾਜ ਵਿੱਚ ਪਾਰਦਰਸ਼ਤਾ, ਗੁਣਵੱਤਾ ਅਤੇ ਇੱਕ ਨਿਰਪੱਖ ਫੈਸਲਾ ਲੈਣ ਦੀ ਪ੍ਰਕਿਰਿਆ ਨੂੰ ਮਜ਼ਬੂਤ ਕਰੇਗਾ। ਇਸ ਮੌਕੇ 'ਤੇ, ਪੰਜਾਬ ਰਾਜ ਖੁਰਾਕ ਕਮਿਸ਼ਨ ਨੇ ਸੁਖਮਨੀ ਸਾਹਿਬ ਦੇ ਪਾਠ, ਸ਼ਬਦ ਕੀਰਤਨ ਅਤੇ ਲੰਗਰ ਦਾ ਆਯੋਜਨ ਕੀਤਾ। ਇਸ ਮੌਕੇ ਫੂਡ ਕਮਿਸ਼ਨ ਦੇ ਮੈਂਬਰ ਵਿਜੇ ਦੱਤ, ਚੇਤਨ ਪ੍ਰਕਾਸ਼ ਧਾਲੀਵਾਲ ਅਤੇ ਜਸਵੀਰ ਸਿੰਘ ਸੇਖੋਂ ਹਾਜ਼ਰ ਸਨ।

# ਮਾਰਚ ਦੇ ਅੱਧ ਤੱਕ ਲਾਗੂ ਹੋ ਜਾਵੇਗਾ ਭਾਰਤ ਅਤੇ ਅਮਰੀਕਾ ਦਾ ਵਪਾਰ ਸਮਝੌਤਾ

ਨਵੀਂ ਦਿੱਲੀ- ਭਾਰਤੀ ਵਪਾਰ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਦੇ ਬਿਆਨਾਂ ਮੁਤਾਬਕ ਭਾਰਤ ਅਤੇ ਅਮਰੀਕਾ ਵੱਲੋਂ ਮਾਰਚ ਦੇ ਅੱਧ ਤੱਕ ਕਾਫੀ ਸਮੇਂ ਤੋਂ ਉਡੀਕੇ ਜਾ ਰਹੇ ਦੁਵੱਲੇ ਵਪਾਰਕ ਸਮਝੌਤੇ ਦੇ ਪਹਿਲੇ ਹਿੱਸੇ 'ਤੇ ਦਸਤਖ਼ਤ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਨਾਲ ਵਾਸ਼ਿੰਗਟਨ ਭਾਰਤੀ ਵਸਤਾਂ 'ਤੇ ਲੱਗਣ ਵਾਲਾ ਦਰਾਮਦ ਟੈਕਸ ਘਟਾ ਦੇਵੇਗਾ। ਇਸ ਸਮਝੌਤੇ 'ਤੇ ਦਸਤਖ਼ਤ ਹੋਣ ਤੋਂ ਬਾਅਦ, ਭਾਰਤ ਵੀ ਅਮਰੀਕਾ ਤੋਂ ਦਰਾਮਦ ਹੋਣ ਵਾਲੀਆਂ ਕੁਝ ਖਾਸ ਵਸਤਾਂ 'ਤੇ ਦਰਾਮਦ ਟੈਕਸ ਘਟਾਉਣਾ ਸ਼ੁਰੂ ਕਰ ਦੇਵੇਗਾ।

ਗੋਇਲ ਨੇ ਇਹ ਵੀ ਦੱਸਿਆ ਕਿ ਦੋਵੇਂ ਦੇਸ਼ ਅਗਲੇ ਚਾਰ-ਪੰਜ ਦਿਨਾਂ ਦੇ ਅੰਦਰ ਇਸ ਸਮਝੌਤੇ ਦੇ ਪਹਿਲੀ ਹਿੱਸੇ ਬਾਰੇ ਇੱਕ ਸਾਂਝੇ ਬਿਆਨ ਨੂੰ ਅੰਤਿਮ ਰੂਪ ਦੇ ਕੇ ਉਸ 'ਤੇ ਦਸਤਖ਼ਤ ਕਰ ਸਕਦੇ ਹਨ ਜਿਸ ਮਗਰੋਂ ਅਮਰੀਕਾ ਵੱਲੋਂ ਲਗਾਇਆ ਗਿਆ ਟੈਰਿਫ ਘੱਟ ਕੇ 18 ਫੀਸਦੀ ਰਹਿ ਜਾਵੇਗਾ। ਦੋਵੇਂ ਦੇਸ਼ਾਂ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਸਮਝੌਤੇ ਨੂੰ ਅੰਤਿਮ ਰੂਪ ਦਿੱਤਾ ਸੀ, ਜਿਸ ਤਹਿਤ ਅਮਰੀਕਾ ਵਿੱਚ ਦਾਖ਼ਲ ਹੋਣ ਵਾਲੀਆਂ ਭਾਰਤੀ ਵਸਤਾਂ 'ਤੇ ਟੈਰਿਫ 50 ਫੀਸਦ ਤੋਂ ਘਟਾ ਕੇ 18 ਫੀਸਦ ਕਰ ਦਿੱਤਾ ਜਾਵੇਗਾ। ਇਸ ਵੇਲੇ ਭਾਰਤੀ ਵਸਤਾਂ 'ਤੇ 50 ਫੀਸਦ ਟੈਕਸ ਲੱਗਦਾ ਹੈ, ਜਿਸ ਵਿੱਚ 25 ਫੀਸਦ ਜਵਾਬੀ ਟੈਕਸ ਅਤੇ ਰੂਸੀ ਕੱਚਾ ਤੇਲ ਖਰੀਦਣ ਕਾਰਨ ਲਗਾਇਆ ਗਿਆ ਵਾਧੂ 25 ਫੀਸਦ ਟੈਕਸ ਸ਼ਾਮਲ ਹੈ। ਗੋਇਲ ਨੇ ਪੱਤਰਕਾਰਾਂ ਨੂੰ ਦੱਸਿਆ, ''ਦੁਵੱਲੇ ਵਪਾਰਕ ਸਮਝੌਤੇ ਦਾ ਪਹਿਲਾ ਹਿੱਸਾ ਲਗਪਗ ਤਿਆਰ ਹੈ। ਰਸਮੀ ਸਮਝੌਤੇ ਦਾ ਖਰੜਾ ਤਿਆਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਡੇਢ ਮਹੀਨਾ ਲੱਗ ਸਕਦਾ ਹੈ। ਆਸ ਹੈ ਕਿ ਮਾਰਚ ਦੇ ਅੱਧ ਤੱਕ ਇਸ 'ਤੇ ਦਸਤਖ਼ਤ ਹੋ ਜਾਣਗੇ।'' ਗੋਇਲ ਨੇ ਸਪੱਸ਼ਟ ਕੀਤਾ ਕਿ ਇਸ ਸਮਝੌਤੇ ਵਿੱਚ ਨਿਵੇਸ਼ ਦੀ ਕੋਈ ਵਚਨਬੱਧਤਾ ਸ਼ਾਮਲ ਨਹੀਂ ਹੈ।

SURYA INDIAN COUSINE
SWEETS & SNACKS
ਮਠਿਆਈਆਂ ਤੇ ਖਾਣਿਆਂ ਲਈ ਮਸ਼ਹੂਰ, ਵਿਆਹ ਤੇ ਹੋਰ ਖੁਸ਼ੀਆਂ ਦੇ ਮੌਕੇ ਲਈ, ਵੱਡੀ ਤੋਂ ਵੱਡੀ ਪਾਰਟੀ ਲਈ ਜਾਂ ਕੇਟਰਿੰਗ ਵਾਸਤੇ ਇਕ ਵਾਰ ਸੇਵਾ ਦਾ ਮੌਕਾ ਦਿਓ



ਸੰਪਰਕ ਕਰੋ: 669-275-2262, 408-892-2810
2846 S White Road Sanjose, CA

Meena Fashion
ਵਿਆਹ ਸ਼ਾਦੀ ਲਈ ਅਤੇ ਜਿਊਲਰੀ ਲਈ ਇਕ ਵਾਰ ਜਰੂਰ ਆਓ
Open six days 10 AM to 9 PM, Closed
WELCOME TO THE WORLD OF FABRIC AND JEWELS
meenafashionsj 408-905-3779 meenafashionsj

# ਸੰਪਾਦਕੀ

## ਪੰਜਾਬ ਦੀ ਸਿਆਸਤ ਕਿਸ ਕਰਵਟ

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਨੂੰ ਹਾਲੇ ਇਕ ਸਾਲ ਦਾ ਸਮਾਂ ਪਿਆ ਹੈ ਪਰ ਸਿਆਸਤ ਦਾ ਤਾਂ ਮੌਜੂਦਾ ਸਾਲ 2026 ਹੀ ਬਾਕੀ ਰਹਿ ਗਿਆ ਹੈ ਕਿਉਂਕਿ ਜਨਵਰੀ-ਫਰਵਰੀ ਵਿਚ ਤਾਂ ਚੋਣ ਜਾਬਤਾ ਲੱਗ ਜਾਂਦਾ ਹੈ। ਇਸ ਇਕ ਸਾਲ ਵਿਚ ਪੰਜਾਬ ਦੀ ਮੌਜੂਦਾ ਸਰਕਾਰ ਕੀ ਕਰਦੀ ਹੈ, ਇਹ ਤਾਂ ਦੇਖਣ ਵਾਲੀ ਗੱਲ ਹੋਵੇਗੀ, ਪਰ ਹੁਣ ਤੱਕ ਦਾ ਰਿਪੋਰਟ ਕਾਰਡ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਕੋਈ ਆਸ਼ਾਵਾਦੀ ਨਹੀਂ ਹੈ।ਪਿਛਲੇ 4 ਸਾਲਾਂ ਵਿਚ ਸਰਕਾਰ ਨੇ ਵਾਅਦੇ ਤਾਂ ਵੱਡੇ-ਵੱਡੇ ਕੀਤੇ ਪਰ ਜ਼ਮੀਨ ਤੇ ਅਜਿਹਾ ਕੁਝ ਨਜ਼ਰ ਨਹੀਂ ਆਇਆ, ਜਿਸ ਦੇ ਬਲਬੂਤੇ ਆਪ ਇਹ ਦਾਅਵਾ ਕਰ ਸਕੇ ਕਿ ਅਗਲੀ ਵਾਰ ਵੀ ਉਹਨਾਂ ਦੀ ਹੀ ਸਰਕਾਰ ਆਵੇਗੀ। ਵਿਕਾਸ ਪੱਖੋਂ ਸੜਕਾਂ ਦੀ ਹਾਲਤ ਮੰਦੀ ਹੈ, ਰੋਡਵੇਜ਼ ਸਹਿਕ-ਸਹਿਕ ਕੇ ਚੱਲ ਰਹੀ ਹੈ, ਕਿਸਾਨੀ ਹਾਲੇ ਵੀ ਕੇਂਦਰੀ ਐਮ. ਐਸ. ਪੀ. ਦੀ ਗੁਲਾਮ ਹੀ ਬਣੀ ਚੱਲ ਰਹੀ ਹੈ, ਰੁਜ਼ਗਾਰ ਦੇ ਮਾਮਲੇ ਵਿਚ ਕੋਈ ਪ੍ਰਗਤੀ ਨਹੀਂ। ਕੁੱਲ ਮਿਲਾ ਕੇ ਸਰਕਾਰ ਦੀ ਕਾਰਗੁਜ਼ਾਰੀ ਪੱਖੋਂ ਪੰਜਾਬ ਦੇ ਵੋਟਰ ਜ਼ਿਆਦਾ ਉਤਸ਼ਾਹਿਤ ਨਜ਼ਰ ਨਹੀਂ ਆ ਰਹੇ ਪਰ ਪੰਜਾਬ ਦੀ ਬਹੁ-ਧਰੁਵੀ ਰਾਜਨੀਤੀ ਨੂੰ ਦੇਖਦਿਆਂ ਅਜਿਹਾ ਵੀ ਨਹੀਂ ਕਿਹਾ ਜਾ ਸਕਦਾ ਕਿ ਮੌਜੂਦਾ ਆਪ ਸਰਕਾਰ ਇੱਕਦਮ ਪਾਸੇ ਕੀਤੀ ਜਾ ਸਕਦੀ ਹੈ।

ਪੰਜਾਬ ਵਿਚ ਕਾਂਗਰਸ ਲੋਕ ਸਭਾ ਚੋਣਾਂ ਵਿਚ ਆਏ ਨਤੀਜਿਆਂ ਤੋਂ ਬਾਅਦ ਉਤਸ਼ਾਹਿਤ ਨਜ਼ਰ ਆ ਰਹੀ ਸੀ ਪਰ ਇਸ ਪਾਰਟੀ ਦੀ ਅੰਦਰੂਨੀ ਲੜਾਈ ਹੁਣ ਜੱਗ ਜਾਹਿਰ ਹੋ ਚੁੱਕੀ ਹੈ। ਇਸ ਪਾਰਟੀ ਵਿਚ ਮੁੱਖ ਮੰਤਰੀ ਦੇ ਉਮੀਦਵਾਰ ਹੀ ਇੰਨੇ ਹੋ ਗਏ ਹਨ ਕਿ ਆਮ ਵਰਕਰ ਦੁਚਿੱਤੀ ਵਿਚ ਨਜ਼ਰ ਆ ਰਿਹਾ ਹੈ। ਰਵਾਇਤੀ ਪੰਜਾਬੀ ਪਾਰਟੀ ਮੰਨੀ ਜਾਂਦੀ ਅਕਾਲੀ ਦਲ ਦੀ ਸਿਆਸਤ ਦੋਫਾੜ ਦਾ ਸ਼ਿਕਾਰ ਹੈ। ਇਕ ਪਾਸੇ ਅਕਾਲੀ ਦਲ (ਬਾਦਲ) ਅਤੇ ਦੂਜੇ ਪਾਸੇ ਬਾਗੀ ਅਕਾਲੀ ਦਲ ਦੀਆਂ ਬੇੜੀਆਂ ਵਿਚ ਵੱਟੇ ਪਾ ਰਹੇ ਹਨ।ਅਕਾਲੀ ਦਲ ਨੇ ਪਿਛਲੀ ਵਾਰ ਬਸਪਾ ਵਰਗੀ ਪਾਰਟੀ ਨਾਲ ਗੱਠਜੋੜ ਕੀਤਾ ਸੀ ਪਰ ਨਤੀਜੇ ਨਿਰਾਸ਼ਾਜਨਕ ਰਹੇ। ਹੁਣ ਇਹ ਗੱਠਜੋੜ ਡਿੱਕ-ਡੋਲੇ ਖਾਂਦਾ ਨਜ਼ਰ ਆ ਰਿਹਾ ਹੈ। ਉਪਰੋਂ ਇਸੇ ਦੀ ਪੁਰਾਣੀ ਸਹਿਯੋਗੀ ਪਾਰਟੀ ਭਾਜਪਾ ਨੇ ਪੰਜਾਬ ਦੀ ਸਿਆਸਤ ਵਿਚ ਹਲਚਲ ਮਚਾਉਣੀ ਆਰੰਭ ਕਰ ਦਿੱਤੀ ਹੈ। ਕਾਂਗਰਸ ਦੇ ਕਈ ਸੀਨੀਅਰ ਲੀਡਰਾਂ ਨੂੰ ਨਾਲ ਲੈ ਕੇ ਤੁਰੀ ਭਾਜਪਾ ਪੰਜਾਬ ਵਿਚ 20 ਫੀਸਦੀ ਦੇ ਕਰੀਬ ਵੋਟ ਬੈਂਕ ਬਣਾ ਚੁੱਕੀ ਹੈ ਅਤੇ ਇਸ ਪਾਰਟੀ ਦੀ ਕੋਸ਼ਿਸ਼ ਸਿਰਫ 10-12 ਫੀਸਦੀ ਵੋਟਾਂ ਹੋਰ ਹਾਸਲ ਕਰਨ ਦੀ ਹੈ। ਇਸੇ ਕੋਸ਼ਿਸ਼ ਤਹਿਤ ਪ੍ਰਧਾਨ ਮੰਤਰੀ ਮੋਦੀ 1 ਫਰਵਰੀ ਨੂੰ ਜਲੰਧਰ ਦੇ ਡੇਰਾ ਬੱਲਾਂ ਵਿਖੇ ਵੀ ਪਹੁੰਚ ਗਏ। ਪੰਜਾਬ ਦੇ ਦੁਆਬਾ ਖੇਤਰ ਵਿਚ ਇਸ ਡੇਰੇ ਦਾ ਬਹੁਤ ਪ੍ਰਭਾਵ ਹੈ ਅਤੇ ਵੋਟ ਬੈਂਕ ਵੀ ਇਸ ਭਾਈਚਾਰੇ ਦਾ ਉਸ ਇਲਾਕੇ ਵਿਚ ਕੁੱਲ ਦਾ 40 ਫੀਸਦੀ ਦੇ ਕਰੀਬ ਦੱਸਿਆ ਜਾਂਦਾ ਹੈ। ਭਾਜਪਾ ਸਿਰਫ ਇਸ ਡੇਰੇ ਦੇ ਸਹਾਰੇ ਨਹੀਂ ਹੈ ਬਲਕਿ ਪੰਜਾਬ ਵਿਚ ਡੇਰਾ ਰਾਧਾ ਸੁਆਮੀ ਅਤੇ ਡੇਰਾ ਸਿਰਸਾ ਵੀ ਭਾਜਪਾ ਦੇ ਪ੍ਰਭਾਵ ਹੇਠ ਜੇਕਰ ਖੁੱਲ੍ਹ ਕੇ ਆ ਗਏ ਤਾਂ ਇਹ ਪਾਰਟੀ ਆਪਣਾ ਟੀਚਾ ਆਸਾਨੀ ਨਾਲ ਪ੍ਰਾਪਤ ਕਰ ਸਕਦੀ ਹੈ। ਭਾਜਪਾ ਨੂੰ ਆਸ ਹੈ ਕਿ ਹਿੰਦੂ ਭਾਈਚਾਰਾ ਹੁਣ ਉਸ ਨਾਲ ਖੁੱਲ੍ਹ ਕੇ ਸਾਹਮਣੇ ਆਵੇਗਾ ਅਤੇ ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਦਾ ਖਮਿਆਜ਼ਾ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਭੁਗਤਣਾ ਪੈ ਸਕਦਾ ਹੈ। ਹਾਲਾਂਕਿ ਫਿਲਹਾਲ ਕਿਸੇ ਨਤੀਜੇ 'ਤੇ ਪਹੁੰਚਣਾ ਜਲਦੀ ਹੋਵੇਗੀ ਪਰ ਪੰਜਾਬ ਵਿਚ ਚਾਰ ਧਿਰਾਂ ਦਰਮਿਆਨ ਵੰਡਿਆ ਦਿਖਾਈ ਦੇ ਰਿਹਾ ਵੋਟਰ ਖੁਦ ਦੁਚਿੱਤੀ ਵਿਚ ਹੈ ਕਿ ਉਹ ਆਖਿਰ ਜਾਵੇ ਤਾਂ ਕਿਸ ਪਾਸੇ ਜਾਵੇ।

-ਬਲਬੀਰ ਸਿੰਘ ਐਮ ਏ

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਯੋਜਨਾ ਤੋਂ ਸੱਖਣਾ ਅਤੇ ਅਸੁਰੱਖਿਅਤ ਸ਼ਹਿਰੀ ਵਿਕਾਸ



ਸੰਜੇ ਗੁਪਤ

ਬੀਤੇ ਦਿਨੀਂ ਇਕ ਦਿਲ ਦਹਿਲਾ ਦੇਣ ਵਾਲੀ ਘਟਨਾ ਵਿਚ ਗ੍ਰੇਟਰ ਨੋਇਡਾ ਵਿਖੇ ਇਕ ਨੌਜਵਾਨ ਇੰਜੀਨੀਅਰ ਯੁਵਰਾਜ ਮਹਿਤਾ ਦੀ ਮੌਤ ਨੇ ਸਾਰੇ ਦੇਸ਼ ਦਾ ਧਿਆਨ ਆਪਣੇ ਵੱਲ ਖਿੱਚਿਆ। ਯੁਵਰਾਜ ਦੀ ਜਾਨ ਉਦੋਂ ਗਈ ਜਦੋਂ ਧੁੰਦ ਕਾਰਨ ਉਸ ਦੀ ਕਾਰ 90 ਡਿਗਰੀ ਦੇ ਯੂ-ਟਰਨ 'ਤੇ ਇਕ ਬੈਰੀਅਰ ਨੂੰ ਤੋੜਦਿਆਂ ਬੇਸਮੈਂਟ ਬਣਾਉਣ ਲਈ ਪੁੱਟੇ ਗਏ ਡੂੰਘੇ ਖੱਡੇ ਵਿਚ ਜਾ ਡਿੱਗੀ ਜਿਸ ਵਿਚ ਪਾਣੀ ਭਰਿਆ ਹੋਇਆ ਸੀ।

ਉਸ ਨੇ ਮਦਦ ਲਈ ਆਪਣੇ ਪਿਤਾ ਨੂੰ ਫੋਨ ਕੀਤਾ ਅਤੇ ਰਾਹਗੀਰਾਂ ਨੂੰ ਵੀ ਮਦਦ ਦੀ ਬੇਨਤੀ ਕੀਤੀ। ਕੁਝ ਸਮੇਂ ਬਾਅਦ ਸਾਰਾ ਸਰਕਾਰੀ ਅਮਲਾ ਉੱਥੇ ਪੁੱਜ ਗਿਆ ਪਰ ਸਰੋਤਾਂ ਦੀ ਘਾਟ ਅਤੇ ਠੰਢੇ ਪਾਣੀ ਵਿਚ ਉਤਰਨ ਦੀ ਝਿਜਕ ਕਾਰਨ ਉਸ ਨੂੰ ਬਚਾਉਣ ਲਈ ਅੱਗੇ ਨਹੀਂ ਵਧਿਆ। ਅਖ਼ੀਰ ਇਸ ਨੌਜਵਾਨ ਨੇ ਆਪਣੇ ਪਿਤਾ ਅਤੇ ਉਸ ਨੂੰ ਬਚਾਉਣ ਆਏ ਲੋਕਾਂ ਦੇ ਸਾਹਮਣੇ ਦਮ ਤੋੜ ਦਿੱਤਾ। ਉਸ ਨੂੰ ਬਚਾਉਣ ਦਾ ਕੰਮ ਨਾ ਤਾਂ ਐੱਸਡੀਆਰਐੱਫ ਨੇ ਕੀਤਾ, ਨਾ ਹੀ ਪੁਲਿਸ ਨੇ ਅਤੇ ਨਾ ਹੀ ਫਾਇਰ ਬ੍ਰਿਗੇਡ ਵਾਲਿਆਂ ਨੇ। ਇਨ੍ਹਾਂ ਸਾਰੇ ਵਿਭਾਗਾਂ ਦੀ ਝਿਜਕ ਨੂੰ ਦੇਖਦਿਆਂ ਇਕ ਡਲਿਵਰੀ ਬੁਆਏ ਨੇ ਠੰਢੇ ਪਾਣੀ ਵਿਚ ਯੁਵਰਾਜ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ।

ਇਸ ਘਟਨਾ ਨੂੰ ਲੈ ਕੇ ਗੁੱਸਾ ਇਸ ਲਈ ਜ਼ਿਆਦਾ ਹੈ ਕਿਉਂਕਿ ਜਿਨ੍ਹਾਂ ਨੂੰ ਉਸ ਨੌਜਵਾਨ ਨੂੰ ਬਚਾਉਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਸਨ, ਉਹ ਇਕ ਤਰ੍ਹਾਂ ਨਾਲ ਮੂਕ-ਦਰਸ਼ਕ ਬਣੇ ਰਹੇ। ਇਸ ਤੋਂ ਮੰਦਭਾਗੀ ਗੱਲ ਹੋਰ ਕੋਈ ਨਹੀਂ ਹੋ ਸਕਦੀ ਕਿ ਕਈ ਵਿਭਾਗਾਂ ਦੇ ਮੁਲਾਜ਼ਮ ਮੌਕੇ 'ਤੇ ਤਾਂ ਪਹੁੰਚ ਜਾਣ ਪਰ ਸੰਕਟ ਵਿਚ ਫਸੇ ਵਿਅਕਤੀ ਨੂੰ ਬਚਾਉਣ ਲਈ ਕੁਝ ਨਾ ਕਰਨ। ਯੁਵਰਾਜ ਮਹਿਤਾ ਦੀ ਮੌਤ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ।



ਮੁੱਖ ਮੰਤਰੀ ਨੇ ਇਸ ਘਟਨਾ ਦੀ ਜਾਂਚ ਦੇ ਆਦੇਸ਼ ਦੇ ਦਿੱਤੇ ਹਨ। ਇਸ ਜਾਂਚ ਦੇ ਜੋ ਵੀ ਨਤੀਜੇ ਹੋਣ ਪਰ ਜੋ ਜ਼ਿੰਦਗੀ ਚਲੀ ਗਈ, ਉਹ ਵਾਪਸ ਨਹੀਂ ਆਉਣ ਵਾਲੀ। ਇਸ ਘਟਨਾ ਤੋਂ ਬਾਅਦ ਉਨ੍ਹਾਂ ਹਾਲਤਾਂ ਵੱਲ ਸਾਰਿਆਂ ਦਾ ਧਿਆਨ ਗਿਆ ਹੈ ਜਿਨ੍ਹਾਂ ਕਾਰਨ ਯੁਵਰਾਜ ਦੀ ਮੌਤ ਹੋਈ ਪਰ ਉਨ੍ਹਾਂ ਵਿਚ ਕੋਈ ਬੁਨਿਆਦੀ ਸੁਧਾਰ ਆਉਣ ਦੀ ਉਮੀਦ ਨਹੀਂ। ਭਾਰਤ ਦੇ ਸ਼ਹਿਰ ਜਿਸ ਤਰ੍ਹਾਂ ਵਿਕਸਤ ਹੋ ਰਹੇ ਹਨ ਅਤੇ ਉੱਥੇ ਨਿਰਮਾਣ ਕਾਰਜਾਂ ਨੂੰ ਸਰਕਾਰੀ ਅਤੇ ਨਿੱਜੀ ਖੇਤਰਾਂ ਵੱਲੋਂ ਜਿਸ ਤਰ੍ਹਾਂ ਅੰਜਾਮ ਦਿੱਤਾ ਜਾਂਦਾ ਹੈ, ਉਹ ਲਗਾਤਾਰ ਦੁਰਘਟਨਾਵਾਂ ਨੂੰ ਹੁਲਾਰਾ ਦੇ ਰਹੇ ਹਨ।

ਸਾਡੀ ਔਸਤ ਨੌਕਰਸ਼ਾਹੀ 'ਤੇ ਕੰਮ-ਚਲਾਊ ਸੱਭਿਆਚਾਰ ਭਾਰੂ ਹੈ। ਉਹ ਨਾਗਰਿਕ ਸੁਵਿਧਾਵਾਂ ਅਤੇ ਜਨ ਸੁਰੱਖਿਆ ਉਪਾਵਾਂ ਦੀਆਂ ਅਣਦੇਖੀਆਂ ਅਤੇ ਉਨ੍ਹਾਂ ਕਾਰਨ ਹੋਣ ਵਾਲੀਆਂ ਦੁਰਘਟਨਾਵਾਂ 'ਤੇ ਲੀਪਾਪੋਤੀ ਕਰਨ ਵਿਚ ਮੁਹਾਰਤ ਹਾਸਲ ਕਰ ਚੁੱਕੀ ਹੈ। ਇਸ ਕਾਰਨ ਨਾਗਰਿਕ ਅਸੁਵਿਧਾਵਾਂ ਵਧਦੀਆਂ ਰਹਿੰਦੀਆਂ ਹਨ ਅਤੇ ਲੋਕ ਹਾਦਸਿਆਂ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ। ਗ੍ਰੇਟਰ ਨੋਇਡਾ ਵਿਚ ਅਨੇਕ ਇਲਾਕਿਆਂ ਵਿਚ ਨਾਲੇ ਖੁੱਲ੍ਹੇ ਹਨ ਅਤੇ ਸੀਵਰ ਦਾ ਪਾਣੀ ਓਵਰਫਲੋ ਹੁੰਦਾ ਰਹਿੰਦਾ ਹੈ ਜਦਕਿ ਇਸ ਨੂੰ ਪ੍ਰਦੇਸ਼ ਦੇ ਵਿਕਸਤ ਸ਼ਹਿਰ ਵਜੋਂ ਜਾਣਿਆ ਜਾਂਦਾ ਹੈ। ਇਸ ਸ਼ਹਿਰ ਵਿਚ ਵੀ ਕੋਈ ਇਹ ਦੇਖਣ ਵਾਲਾ ਨਹੀਂ ਕਿ ਸੜਕਾਂ ਦੇ ਕਿਨਾਰਿਆਂ 'ਤੇ ਪਾਣੀ ਕਿਉਂ ਭਰਿਆ ਰਹਿੰਦਾ ਹੈ, ਸੀਵਰ ਲਾਈਨਾਂ ਕਿਉਂ ਜਾਮ ਰਹਿੰਦੀਆਂ ਹਨ ਅਤੇ ਸੜਕਾਂ ਟੁੱਟੀਆਂ ਹੋਈਆਂ ਕਿਉਂ ਰਹਿੰਦੀਆਂ ਹਨ? ਧਿਆਨ ਰਹੇ, ਅਜਿਹੇ ਸਥਾਨਾਂ 'ਤੇ ਮੱਛਰ ਵੀ ਪਨਪਦੇ ਹਨ ਅਤੇ ਗੰਦਗੀ ਵੀ ਜਮ੍ਹਾ ਹੁੰਦੀ ਹੈ ਜੋ ਬਿਮਾਰੀਆਂ ਦਾ ਕਾਰਨ ਬਣਦੀ ਹੈ।

ਦੇਸ਼ ਦੇ ਛੋਟੇ-ਵੱਡੇ ਸ਼ਹਿਰਾਂ ਵਿਚ ਆਬਾਦੀ ਦਾ ਦਬਾਅ ਲਗਾਤਾਰ ਵਧ ਰਿਹਾ ਹੈ। ਸਰਕਾਰੀ ਵਿਭਾਗ ਜ਼ਮੀਨਾਂ ਐਕੁਵਾਇਰ ਕਰ ਕੇ ਬਿਲਡਰਾਂ ਨੂੰ ਦਿੰਦੇ ਰਹਿੰਦੇ ਹਨ। ਕਿਉਂਕਿ ਅਜਿਹੀਆਂ ਜ਼ਮੀਨਾਂ ਦੇ ਇਰਦ-ਗਿਰਦ ਅਣ-ਅਧਿਕਾਰਤ ਅਤੇ ਗ਼ੈਰ-ਯੋਜਨਾਬੱਧ ਕਾਲੋਨੀਆਂ ਵਿਕਸਤ ਹੁੰਦੀਆਂ ਰਹਿੰਦੀਆਂ ਹਨ, ਇਸ ਲਈ ਬੇਤਰਤੀਬ ਵਿਕਾਸ ਵੀ ਹੁੰਦਾ ਰਹਿੰਦਾ ਹੈ। ਅਜਿਹੀਆਂ ਜ਼ਿਆਦਾਤਰ ਕਾਲੋਨੀਆਂ ਵਿਚ ਸ਼ੁਰੂ ਵਿਚ ਨਾ ਤਾਂ ਆਉਣ-ਜਾਣ ਦੇ ਰਸਤੇ ਸੁਗਮ ਹੁੰਦੇ ਹਨ, ਨਾ ਸਟਰੀਟ ਲਾਈਟ ਹੁੰਦੀ ਹੈ, ਨਾ ਸੀਵਰ ਦੀ ਉੱਚਿਤ ਵਿਵਸਥਾ ਹੁੰਦੀ ਹੈ ਅਤੇ ਨਾ ਹੀ ਬਿਜਲੀ ਦੇ ਕਨੈਕਸ਼ਨ ਸਹੀ ਢੰਗ ਨਾਲ ਹੁੰਦੇ ਹਨ।

ਇਨ੍ਹਾਂ ਕਾਲੋਨੀਆਂ ਵਿਚ ਤਿਆਰ ਹੋਏ ਭਵਨਾਂ ਅਤੇ ਬਹੁ-ਮੰਜ਼ਿਲਾ ਇਮਾਰਤਾਂ ਵਿਚ ਜਦੋਂ ਲੋਕ ਰਹਿਣ ਲਈ ਪਹੁੰਚਦੇ ਹਨ ਤਾਂ ਉਹ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਨ ਪਰ ਉਨ੍ਹਾਂ ਦਾ ਹੱਲ ਕਰਨ ਲਈ ਨਾ ਤਾਂ ਬਿਲਡਰ ਅੱਗੇ ਆਉਂਦੇ ਹਨ ਅਤੇ ਨਾ ਹੀ ਸਰਕਾਰੀ ਵਿਭਾਗ। ਘਰਾਂ ਅਤੇ ਫਲੈਟਾਂ ਦੀ ਮੰਗ ਕਿਉਂਕਿ ਵੱਧ ਹੈ, ਇਸ ਲਈ ਲੋਕ ਗ਼ੈਰ-ਵਿਕਸਤ ਇਲਾਕਿਆਂ ਵਿਚ ਰਹਿਣ ਲਈ ਮਜਬੂਰ ਹੁੰਦੇ ਹਨ। ਗ੍ਰੇਟਰ ਨੋਇਡਾ ਵਿਚ ਯੁਵਰਾਜ ਮਹਿਤਾ ਦੀ ਜਿਸ ਰਸਤੇ 'ਤੇ ਮੌਤ ਹੋਈ, ਉਹ ਕੋਈ ਸੁਗਮ ਰਸਤਾ ਨਹੀਂ ਸੀ।

ਉਸ 'ਤੇ ਬਣਿਆ 90 ਡਿਗਰੀ ਦਾ ਕੋਣ ਉਸ ਨੂੰ ਇਕ ਖ਼ਤਰਨਾਕ ਬਲੈਕ ਸਪਾਟ ਯਾਨੀ ਦੁਰਘਟਨਾ-ਭਰਪੂਰ ਖੇਤਰ ਬਣਾਉਂਦਾ ਸੀ। ਇਸ ਨੂੰ ਲੈ ਕੇ ਪ੍ਰਸ਼ਾਸਨ ਨੂੰ ਸ਼ਿਕਾਇਤ ਵੀ ਕੀਤੀ ਗਈ ਸੀ ਪਰ ਕਿਸੇ ਨੇ ਕੁਝ ਨਹੀਂ ਕੀਤਾ। ਇਸ ਤਰ੍ਹਾਂ ਦੀ ਪ੍ਰਸ਼ਾਸਕੀ ਅਣਦੇਖੀ ਸਾਰੇ ਹੀ ਸ਼ਹਿਰਾਂ ਵਿਚ ਦਿਖਾਈ ਦਿੰਦੀ ਹੈ। ਇਸ ਕਾਰਨ ਲੋਕ ਕਦੇ ਖੁੱਲ੍ਹੇ ਸੀਵਰਾਂ ਵਿਚ ਡਿੱਗ ਕੇ ਜਾਂ ਫਿਰ ਅਸੁਰੱਖਿਅਤ ਰਸਤਿਆਂ 'ਤੇ ਜ਼ਖ਼ਮੀ ਹੋ ਕੇ ਜਾਨ ਗੁਆਉਂਦੇ ਰਹਿੰਦੇ ਹਨ। ਹਰ ਹਾਦਸਾ ਸਰਕਾਰੀ ਨਕਾਰਾਪਣ ਜਾਂ ਬਦਇੰਤਜ਼ਾਮੀ ਕਾਰਨ ਹੁੰਦਾ ਹੈ। ਇਕ ਸਮੱਸਿਆ ਇਹ ਵੀ ਹੈ ਕਿ ਗ਼ੈਰ-ਯੋਜਨਾਬੱਧ ਵਿਕਾਸ ਘਟੀਆ ਤਰੀਕੇ ਨਾਲ ਹੁੰਦਾ ਹੈ। ਇਸ ਕਾਰਨ ਵੀ ਹਾਦਸੇ ਹੁੰਦੇ ਰਹਿੰਦੇ ਹਨ ਪਰ ਕੋਈ ਉਨ੍ਹਾਂ ਦੀ ਸਾਰ ਨਹੀਂ ਲੈਂਦਾ।

ਕਦੇ ਨਵੀਂ ਬਣੀ ਇਮਾਰਤ ਡਿੱਗ ਜਾਂਦੀ ਹੈ ਅਤੇ ਕਦੇ ਨਵੀਂ ਬਣੀ ਸੜਕ ਵਿਚ ਖੱਡੇ ਹੋ ਜਾਂਦੇ ਹਨ। ਸ਼ਹਿਰਾਂ ਵਿਚ ਇਹ ਆਮ ਹੀ ਦੇਖਣ ਵਿਚ ਆਉਂਦਾ ਹੈ ਕਿ ਜਿੱਥੇ ਵੀ ਨਿਰਮਾਣ ਹੋ ਰਿਹਾ ਹੁੰਦਾ ਹੈ, ਉਹ ਆਮ ਤੌਰ 'ਤੇ ਇਕ ਜੋਖ਼ਮ ਵਾਲਾ ਖੇਤਰ ਹੁੰਦਾ ਹੈ। ਉੱਥੇ ਸੜਕਾਂ ਸਹੀ ਨਹੀਂ ਹੁੰਦੀਆਂ ਅਤੇ ਉਨ੍ਹਾਂ ਦੇ ਕਿਨਾਰੇ ਡੂੰਘੇ ਟੋਏ ਵੀ ਹੁੰਦੇ ਹਨ। ਇਸੇ ਤਰ੍ਹਾਂ ਜਲ ਨਿਕਾਸੀ ਦੀ ਕੋਈ ਵਿਵਸਥਾ ਨਹੀਂ ਹੁੰਦੀ। ਅਜਿਹੇ ਜੋਖ਼ਮ ਵਾਲੇ ਸਥਾਨਾਂ ਤੋਂ ਲੋਕਾਂ ਨੂੰ ਸੁਚੇਤ ਕਰਨ ਵਾਲੇ ਕੋਈ ਸੰਕੇਤਕ ਵੀ ਨਹੀਂ ਹੁੰਦੇ। ਕਈ ਵਾਰ ਤਾਂ ਅਜਿਹੇ ਖ਼ਤਰੇ ਵਾਲੇ ਸਥਾਨ ਹਨੇਰੇ ਵਿਚ ਡੁੱਬੇ ਹੁੰਦੇ ਹਨ। ਕੋਈ ਨਹੀਂ ਜਾਣਦਾ ਕਿ ਨੌਕਰਸ਼ਾਹੀ ਦਾ ਨਕਾਰਾਪਣ ਕਦੋਂ ਖ਼ਤਮ ਹੋਵੇਗਾ ਅਤੇ ਕਦੋਂ ਤੱਕ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਹੁੰਦਾ ਰਹੇਗਾ?

ਇਕ ਪਾਸੇ ਮੋਦੀ ਸਰਕਾਰ ਭਾਰਤ ਨੂੰ ਤਿੰਨ ਟ੍ਰਿਲੀਅਨ ਡਾਲਰ ਦੀ ਅਰਥ-ਵਿਵਸਥਾ ਅਤੇ 2047 ਤੱਕ ਵਿਕਸਤ ਦੇਸ਼ ਬਣਾਉਣ ਲਈ ਕੋਸ਼ਿਸ਼ਾਂ ਕਰ ਰਹੀ ਹੈ ਅਤੇ ਦੂਜੇ ਪਾਸੇ ਸਾਡੇ ਸ਼ਹਿਰਾਂ ਦਾ ਬੁਨਿਆਦੀ ਢਾਂਚਾ ਢਹਿ-ਢੇਰੀ ਹੁੰਦਾ ਜਾ ਰਿਹਾ ਹੈ ਅਤੇ ਉਨ੍ਹਾਂ ਵਿਚ ਨਾਗਰਿਕ ਸੁਵਿਧਾਵਾਂ ਦੀ ਘਾਟ ਵਧਣ ਦੇ ਨਾਲ-ਨਾਲ ਜਨਤਕ ਸੁਰੱਖਿਆ ਦੇ ਉਪਾਅ ਵੀ ਨਾਕਾਫ਼ੀ ਹੁੰਦੇ ਜਾ ਰਹੇ ਹਨ। ਸ਼ਹਿਰਾਂ ਵਿਚ ਆਬਾਦੀ ਵਧਣ ਦੇ ਨਾਲ ਸ਼ਹਿਰੀ ਵਿਕਾਸ ਵਿਚ ਸੁਧਾਰ ਨਾ ਹੋਣਾ ਹੈਰਾਨੀਜਨਕ ਹੈ। ਇਹ ਸਥਿਤੀ ਵਿਕਸਤ ਭਾਰਤ ਦੇ ਸੁਪਨੇ ਵਿਚ ਅੜਿੱਕਾ ਹੀ ਬਣੇਗੀ। ਵਿਕਾਸ ਸਿਰਫ਼ ਆਰਥਿਕ ਹੀ ਨਹੀਂ ਹੋਣਾ ਚਾਹੀਦਾ, ਬਲਕਿ ਉਹ ਸੁਰੱਖਿਅਤ ਅਤੇ ਸਰਲ ਤਰੀਕੇ ਨਾਲ ਵੀ ਹੋਣਾ ਚਾਹੀਦਾ ਹੈ। ਨੌਕਰਸ਼ਾਹੀ ਹੋਵੇ ਜਾਂ ਨੇਤਾ ਜਾਂ ਫਿਰ ਨਿਆਪਾਲਿਕਾ, ਸਾਰਿਆਂ ਨੂੰ ਆਪੋ-ਆਪਣੀ ਜ਼ਿੰਮੇਵਾਰੀ ਗੰਭੀਰਤਾ ਨਾਲ ਨਿਭਾਉਣੀ ਹੋਵੇਗੀ। ਸੰਜੀਦਗੀ ਦਾ ਸਬੂਤ ਲੋਕਾਂ ਨੂੰ ਵੀ ਦੇਣਾ ਹੋਵੇਗਾ ਕਿਉਂਕਿ ਉਹ ਵੀ ਨਿਯਮਾਂ ਦੀ ਅਣਦੇਖੀ ਕਰਦੇ ਹਨ। ਵਿਕਾਸਸ਼ੀਲ ਦੇਸ਼ ਹੋਣ ਦਾ ਇਹ ਮਤਲਬ ਨਹੀਂ ਕਿ ਸਰਕਾਰੀ ਤੰਤਰ ਅਤੇ ਆਮ ਜਨਤਾ ਆਪੋ-ਆਪਣੀ ਜ਼ਿੰਮੇਵਾਰੀ ਸਹੀ ਤਰੀਕੇ ਨਾਲ ਨਾ ਨਿਭਾਉਣ।

ਸਰਕਾਰੀ ਵਿਭਾਗ ਕਿਉਂਕਿ ਨਿਯਮਾਂ-ਕਾਨੂੰਨਾਂ ਦੀ ਪਾਲਣਾ ਕਰਨ ਪ੍ਰਤੀ ਚੌਕਸ ਨਹੀਂ, ਇਸ ਲਈ ਲੋਕ ਵੀ ਉਨ੍ਹਾਂ ਦੀ ਉਲੰਘਣਾ ਕਰਦੇ ਹਨ। ਗ੍ਰੇਟਰ ਨੋਇਡਾ ਦੀ ਘਟਨਾ ਵਿਚ ਬਿਲਡਰਾਂ ਦੇ ਨਾਲ-ਨਾਲ ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਵੀ ਸਪਸ਼ਟ ਹੈ। ਬਿਲਡਰਾਂ ਨੂੰ ਗ੍ਰਿਫ਼ਤਾਰ ਕਰਨ ਦੇ ਨਾਲ ਹੀ ਕੁਝ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਪਰ ਇਸ ਵਿਚ ਸੰਦੇਹ ਹੈ ਕਿ ਇਸ ਨਾਲ ਹਾਲਾਤ ਸੁਧਰਨਗੇ। ਇਸ ਦੇ ਆਸਾਰ ਵੀ ਘੱਟ ਹਨ ਕਿ ਇਸ ਘਟਨਾ ਤੋਂ ਹੋਰ ਸ਼ਹਿਰਾਂ ਦੇ ਅਧਿਕਾਰੀ ਸਬਕ ਲੈਣਗੇ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | |
|---|---|---|
| (1) ਰਣਜੀਤ ਕੰਦੋਲਾ | (8) ਸ. ਮਹਿੰਗਾ ਸਿੰਘ ਸਰਪੰਚ | (15) ਬਲਦੇਵ ਸਿੰਘ ਮਾਨ |
| (2) ਅਵਤਾਰ ਸਿੰਘ ਸਹੋਤਾ | (9) ਕੁਲਦੀਪ ਸਿੰਘ ਅਟਵਾਲ | (16) ਰਾਜ ਬਡਵਾਲ |
| (3) ਇੰਦਰਜੀਤ ਸਿੰਘ, ਹੇਵਰਡ | (10) ਸੁਰਜੀਤ ਸਿੰਘ ਅਟਵਾਲ | (17) ਪ੍ਰੋ. ਜਸਪਾਲ ਸਿੰਘ ਸੈਣੀ |
| (4) ਰੋਜ਼ੀ ਕਮਲ ਕੌਰ | (11) ਭੁਪਿੰਦਰ ਸਿੰਘ ਪਦਮ | (18) ਜਸਵੀਰ ਸਿੰਘ ਤੱਖਰ |
| (5) ਗੁਰਚਰਨ ਸਿੰਘ ਮਾਨ | (12) ਅਟਾਰਨੀ ਤਨਵੀਰ ਜੋਸ਼ੀ | (19) ਸੁਖਵਿੰਦਰ ਭੇਲਾ |
| (6) ਡਾ. ਚਰਨਜੀਤ ਸਿੰਘ ਉਪਲ | (13) ਸੁਰਿੰਦਰ ਸਿੰਘ ਧਨੋਆ | (20) ਰਵਿੰਦਰ ਪਾਲ |
| (7) ਪਰਮਪਾਲ ਸਿੰਘ | (14) ਕਸ਼ਮੀਰ ਸਿੰਘ ਧੁੱਗਾ | (21) ਸ. ਮੇਜਰ ਸਿੰਘ |

# ਦਲ ਬਦਲੀ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਕੈਨੇਡਾ

ਸੱਤਾ ਦੇ ਮੋਹ ਖ਼ਾਤਰ ਲੋਕਤੰਤਰੀ ਪ੍ਰਣਾਲੀ ਦੇ ਨਾਲ ਹੀ ਦਲ ਬਦਲੀ ਵਰਗੀ ਅੱਤ ਦੀ ਸ਼ਰਮਨਾਕ ਕੁਰੀਤੀ ਨੇ ਵੀ ਜਨਮ ਲਿਆ। ਇਸ ਤੋਂ ਵਿਸ਼ਵ ਦੇ ਅਨੇਕ ਮੁਲਕ ਪੀੜਤ ਰਹੇ ਹਨ। ਭਾਰਤ ਵਰਗੇ ਗਿਆਨ ਕੁੰਡ ਨਾਲ ਲਬਰੇਜ਼ ਦੇਸ਼ ਅੰਦਰ ਸੱਤਾ ਖ਼ਾਤਰ ਦਲ ਬਦਲੀ ਦੇ ਬਹੁਤ ਹੀ ਸ਼ਰਮਨਾਕ ਪਰ ਦਿਲਚਸਪ ਕਿੱਸੇ ਮਸ਼ਹੂਰ ਹਨ। ਅਮਰੀਕਾ ਵਰਗੇ ਲੋਕਤੰਤਰੀ ਦੇਸ਼ ਅੰਦਰ ਸੱਤਾ ਸ਼ਕਤੀ ਦਾ ਜਾਦੂ ਕਿਵੇਂ ਸਿਰ ਚੜ੍ਹ ਕੇ ਬੋਲਦਾ ਹੈ, ਇਸ ਦੀ ਮਿਸਾਲ ਹੈ 2020 ਦੀਆਂ ਰਾਸ਼ਟਰਪਤੀ ਚੋਣਾਂ ਵਿਚ 45ਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਹਾਰ ਨੂੰ ਜਬਰਦਸਤੀ ਜਿੱਤ ਵਿਚ ਬਦਲਣ ਲਈ 6 ਜਨਵਰੀ 2021 ਨੂੰ ਆਪਣੇ ਹਮਾਇਤੀਆਂ ਦੀ ਭੀੜ ਨੂੰ ਅਮਰੀਕੀ ਕੈਪੀਟਲ (ਪਾਰਲੀਮੈਂਟ) ’ਤੇ ਹਮਲਾ ਕਰਨ ਲਈ ਉਕਸਾਇਆ। ਉੱਥੇ ਬੜੀ ਮੁਸ਼ਕਲ ਨਾਲ ਕਾਂਗਰਸਮੈਨ ਹਿੰਸਾ ਅਤੇ ਭੰਨਤੋੜ ਦੇ ਭਿਆਨਕ ਮਾਹੌਲ ਵਿਚ ਆਪਣੀਆਂ ਜਾਨਾਂ ਬਚਾ ਸਕੇ ਸਨ। ਪੱਛਮੀ ਦੇਸ਼ਾਂ ਫਰਾਂਸ, ਇਟਲੀ, ਹੰਗਰੀ ਅਤੇ ਪੋਲੈਂਡ ਆਦਿ ’ਚ ਸੱਤਾ ਖ਼ਾਤਰ ਦਲ ਬਦਲੀ ਦੀਆਂ ਬਹੁਤ ਘੱਟ ਮਿਸਾਲਾਂ ਮਿਲਦੀਆਂ ਹਨ। ਉੱਥੇ ਲੋਕਤੰਤਰ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦਾ ਬਹੁਤ ਸਨਮਾਨ ਕੀਤਾ ਜਾਂਦਾ ਹੈ। ਅਕਸਰ ਘੱਟ ਗਿਣਤੀ ਸਰਕਾਰਾਂ ਵਧੀਆ ਸ਼ਾਸਨ ਚਲਾਉਂਦੀਆਂ ਵੇਖੀਆਂ ਜਾਂਦੀਆਂ ਹਨ। ਇਕ ਸੰਸਦ ਮੈਂਬਰ ਦੇ ਬਹੁਮਤ ਨਾਲ ਰਾਸ਼ਟਰੀ ਅਤੇ ਇਵੇਂ ਹੀ ਇਕ ਮੈਂਬਰ ਦੇ ਬਹੁਮਤ ਨਾਲ ਰਾਜ ਸਰਕਾਰਾਂ ਆਪਣਾ ਕਾਰਜਕਾਲ ਜਨਤਕ ਫ਼ਤਵੇ ਦਾ ਸਨਮਾਨ ਕਰਦੇ ਹੋਏ ਪੂਰਾ ਕਰਦੀਆਂ ਵੇਖੀਆਂ ਜਾਂਦੀਆਂ ਹਨ। ਇਹ ਵਿਧਾਨਕਾਰ, ਸਾਂਸਦ ਅਤੇ ਸਰਕਾਰਾਂ ਲੋਕਤੰਤਰ, ਜਨ ਸੇਵਾ, ਜਵਾਬਦੇਹੀ, ਪਾਰਦਰਸ਼ਿਤਾ, ਇਮਾਨਦਾਰੀ ਅਤੇ ਉੱਚ ਮਾਨਵੀ ਕਦਰਾਂ-ਕੀਮਤਾਂ ਨੂੰ ਸਮਰਪਿਤ ਹੁੰਦੀਆਂ ਹਨ। ਇਹ ਪਦਾਰਥਵਾਦ ਦੀ ਚਕਾਚੌਂਧ ਤੋਂ ਬਿਲਕੁਲ ਨਿਰਲੇਪ ਹੁੰਦੀਆਂ ਹਨ।



ਕੈਨੇਡਾ ਉੱਤਰੀ ਅਮਰੀਕਾ ਮਹਾਦੀਪ ਦਾ ਇਕ ਖ਼ੂਬਸੂਰਤ ਲੋਕਤੰਤਰੀ ਦੇਸ਼ ਹੈ। ਨਿਰਸੰਦੇਹ ਇੱਥੇ ਫੈਡਰਲ ਅਤੇ ਪ੍ਰਾਂਤਕ ਪੱਧਰ ’ਤੇ ਲੋਕਤੰਤਰ ਬਹੁਤ ਵਧੀਆ ਢੰਗ ਨਾਲ ਚੱਲ ਰਿਹਾ ਹੈ। ਅਕਸਰ ਫੈਡਰਲ ਅਤੇ ਪ੍ਰਾਂਤਕ ਪੱਧਰ ’ਤੇ ਬਿਨਾਂ ਦਲ ਬਦਲੀ ਦੇ ਘੱਟ ਗਿਣਤੀ ਸਰਕਾਰਾਂ ਚੱਲਦੀਆਂ ਵੇਖੀਆਂ ਜਾਂਦੀਆਂ ਹਨ ਪਰ ਕਈ ਵਾਰ ਸੱਤਾ ਭੁੱਖ ਜਾਂ ਸੱਤਾਧਾਰੀ ਪਾਰਟੀ ਨਾਲ ਜੁੜ ਕੇ ਆਪਣੇ ਸੰਸਦੀ ਜਾਂ ਵਿਧਾਨਕਾਰ ਹਲਕੇ ਦੀ ਬਿਹਤਰ ਸੇਵਾ ਲਈ ਦਲ ਬਦਲੀ ਦਾ ਕਾਲਾ ਗ੍ਰਹਿਣ ਲੱਗਣ ਦਾ ਇਤਿਹਾਸ ਬੋਲਦਾ ਹੈ। ਇਹ ਸਿਲਸਿਲਾ ਅਜੋਕੀ ਮਾਰਕ ਕਾਰਨੀ ਦੀ ਲਿਬਰਲ ਪਾਰਟੀ ਦੀ ਸਰਕਾਰ ਵਿਚ ਜਾਰੀ ਹੈ।

ਬੀਤੇ ਸਾਲ 29 ਅਪ੍ਰੈਲ ਨੂੰ ਹੋਈਆਂ ਫੈਡਰਲ ਚੋਣਾਂ ਵਿਚ ਲਿਬਰਲ ਪਾਰਟੀ ਨੇ 343 ਮੈਂਬਰੀ ਹਾਊਸ ਵਿਚ ਬਹੁਮਤ ਤੋਂ ਤਿੰਨ ਘੱਟ ਭਾਵ 169 ਸੀਟਾਂ ਪ੍ਰਾਪਤ ਕੀਤੀਆਂ, ਕੰਜ਼ਰਵੇਟਿਵ ਪਾਰਟੀ ਨੇ 144, ਐੱਨਡੀਪੀ ਨੇ ਸੱਤ, ਬਲਾਕ ਕਿਊਬਿਕ ਨੇ 22 ਤੇ ਗ੍ਰੀਨ ਪਾਰਟੀ ਨੇ ਇਕ ਸੀਟ ਪ੍ਰਾਪਤ ਕੀਤੀ। ਲਿਬਰਲ ਪਾਰਟੀ ਨੇ ਮਾਰਕ ਕਾਰਨੀ ਦੀ ਅਗਵਾਈ ਵਿਚ ਘੱਟ ਗਿਣਤੀ ਸਰਕਾਰ ਗਠਿਤ ਕੀਤੀ। ਇਸ ਸਰਕਾਰ ਨੂੰ ਆਪਣਾ ਬਜਟ 17 ਨਵੰਬਰ 20 25 ਨੂੰ 168 ਦੇ ਮੁਕਾਬਲੇ 170 ਵੋਟਾਂ ਦੇ ਫ਼ਰਕ ਨਾਲ ਪਾਸ ਕਰਾਉਣ ਵੇਲੇ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ। ਪ੍ਰਧਾਨ ਮੰਤਰੀ ਅਤੇ ਲਿਬਰਲ ਪਾਰਟੀ ਕਾਕਸ ਨਹੀਂ ਚਾਹੁੰਦੇ ਕਿ ਦੇਸ਼ ਨੂੰ ਮੁੜ ਮੱਧਕਾਲੀ ਚੋਣਾਂ ਹਵਾਲੇ ਕੀਤਾ ਜਾਵੇ। ਇਸ ਲਈ ਅੰਦਰਖਾਤੇ ਬਹੁਮਤ ਦਲ ਬਦਲੀ ਸਹਾਰੇ ਪ੍ਰਾਪਤ ਕਰਨ ਦੀ ਲੁਕਵੀਂ ਕਵਾਇਦ ਜਾਰੀ ਹੈ। ਗੁਆਂਢੀ ਦੇਸ਼ ਅਮਰੀਕਾ ਦੇ ਸਨਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟਰੰਪ ਟੈਰਰ ਅਤੇ ਕੈਨੇਡਾ ਨੂੰ ਮੁਨਰੋ ਨੀਤੀ 1823 ਤਹਿਤ 51ਵਾਂ ਸੂਬਾ ਬਣਾਉਣ ਦੇ ਦਾਅਵੇ ਕਰ ਕੇ ਕੈਨੇਡਾ ਅੰਦਰ ਕਾਰਨੀ ਲਿਬਰਲ ਸਰਕਾਰ ਦਾ ਸਥਿਰ, ਮਜ਼ਬੂਤ ਅਤੇ ਬਹੁਮਤ ਵਿਚ ਹੋਣਾ ਜ਼ਰੂਰੀ ਸਮਝਿਆ ਜਾ ਰਿਹਾ ਹੈ।

ਚਾਰ ਨਵੰਬਰ 2025 ਨੂੰ ਨੋਵਾ ਸਕੋਸ਼ੀਆ ਤੋਂ ਕੰਜ਼ਰਵੇਟਿਵ ਸਾਂਸਦ ਡੀ ਐਂਟਰਮੋਂਟ ਦਲ ਬਦਲੀ ਕਰਦਿਆਂ ਸੱਤਾਧਾਰੀ ਲਿਬਰਲ ਪਾਰਟੀ ਵਿਚ ਸ਼ਾਮਲ ਹੋ ਗਏ। ਉਨ੍ਹਾਂ ਕਿਹਾ ਕਿ ਉਹ ਵਿਰੋਧੀ ਧਿਰ ਵਿਚ ਬੈਠਣ ਨਾਲੋਂ ਸਰਕਾਰੀ ਧਿਰ ਵਿਚ ਬੈਠਣਾ ਪਸੰਦ ਕਰਦੇ ਹਨ। ਲਗਪਗ ਪੰਜ ਸਾਲ ਵਿਰੋਧੀ ਧਿਰ ਵਿਚ ਬੈਠਣ ਦੌਰਾਨ ਉਨ੍ਹਾਂ ਨੂੰ ਉਨ੍ਹਾਂ ਦੇ ਹਲਕੇ ਦੇ ਲੋਕ ਪੁੱਛਦੇ ਅਤੇ ਮੁਤਾਲਬਾ ਕਰਦੇ ਹਨ ਕਿ ਉਨ੍ਹਾਂ ਨੇ ਜਨਤਾ ਦੀ ਭਲਾਈ ਲਈ ਕੀ ਕਾਰਜ ਕੀਤੇ ਹਨ?

11 ਦਸੰਬਰ 2020 ਨੂੰ ਟਾਰੀ ਸੂਬੇ ਦੇ ਮਾਈਕਲ ਮਾਅ ਕੰਜ਼ਰਵੇਟਰ ਸਾਂਸਦ ਮਰਖਮ ਯੂਨੀਅਨ ਵਿਲੇ ਨੇ ਸੱਤਾਧਾਰੀ ਲਿਬਰਲ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਉਸ ਨੇ ਕਿਹਾ ਕਿ ਉਹ ਹੁਣ ਆਪਣੇ ਹਲਕੇ ਦੇ ਲੋਕਾਂ ਦੀ ਆਵਾਜ਼ ਨੂੰ ਧਿਆਨ ਨਾਲ ਸੁਣ ਸਕੇਗਾ ਅਤੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਦੂਰ ਕਰ ਸਕੇਗਾ।

ਹਾਊਸ ਆਫ ਕਾਮਨਜ਼ ਵਿਚ ਲਿਬਰਲ ਪਾਰਟੀ ਦੇ ਆਗੂ ਸਟੀਵਨ ਮੈਕਨਾਨ ਜੋ ਮਾਰਕ ਕਾਰਨੀ ਸਰਕਾਰ ਵਿਚ ਟਰਾਂਸਪੋਰਟ ਮੰਤਰੀ ਵੀ ਹਨ, ਨੇ ਦਾਅਵਾ ਕੀਤਾ ਕਿ ਅਜੇ ਹੋਰ ਵੀ ਕੰਜ਼ਰਵੇਟਿਵ ਸਾਂਸਦ ਦਲ ਬਦਲੀ ਕਰਨ ਲਈ ਤਿਆਰ ਬੈਠੇ ਹਨ ਕਿਉਂਕਿ ਉਹ ਕੰਜ਼ਰਵੇਟਿਵ ਪਾਰਟੀ ਆਗੂ ਪੀਅਰ ਪੋਇਲੀਵਰ ਦੀਆਂ ਨੀਤੀਆਂ ਅਤੇ ਵਿਵਹਾਰ ਤੋਂ ਨਾਰਾਜ਼ ਹਨ। ਤਵੱਕੋ ਕੀਤੀ ਜਾ ਰਹੀ ਹੈ ਕਿ ਜਦੋਂ ਮੁੜ ਹਾਊਸ ਆਫ ਕਾਮਨਜ਼ ਜੁੜੇਗਾ ਤਾਂ ਸ਼ਾਇਦ ਮਾਰਕ ਕਾਰਨੀ ਦੀ ਲਿਬਰਲ ਸਰਕਾਰ ਦਲ ਬਦਲੀ ਸਹਾਰੇ ਬਹੁਮਤ ਪ੍ਰਾਪਤ ਕਰ ਲਵੇ। ਸਿਰਫ਼ ਇਕ ਸਾਂਸਦ ਵੱਲੋਂ ਦਲ ਬਦਲੀ ਕਰਨ ਨਾਲ ਕੰਮ ਸਰ ਜਾਵੇਗਾ।

ਕੈਨੇਡਾ ਵਿਚ ਬਰੈਂਪਟਨ ਵੈਸਟ ਟਾਰੀ ਤੋਂ ਕੰਜ਼ਰਵੇਟਿਵ ਸੰਸਦ ਅਮਰਜੀਤ ਗਿੱਲ ਨੇ ਸੋਸ਼ਲ ਮੀਡੀਆ ’ਤੇ ਇਕ ਪੋਸਟ ਸਾਂਝੀ ਕਰਦਿਆਂ ਖ਼ੁਲਾਸਾ ਕੀਤਾ ਕਿ ਕੁਝ ਲਿਬਰਲ ਪਾਰਟੀ ਦੇ ਆਗੂ ਉਨ੍ਹਾਂ ਨੂੰ ਟੋਹਣ ਦਾ ਯਤਨ ਕਰਦੇ ਰਹੇ ਕਿ ਕੀ ਉਹ ਦਲ ਬਦਲੀ ਲਈ ਰਾਜ਼ੀ ਹਨ ਪਰ ਉਨ੍ਹਾਂ ਨੇ ਸਪਸ਼ਟ ਕਿਹਾ ਕਿ ਉਹ ਆਪਣੇ ਹਲਕੇ ਦੇ ਲੋਕਾਂ ਨਾਲ ਗ਼ਦਾਰੀ ਨਹੀਂ ਕਰ ਸਕਦੇ। ਜਿਨ੍ਹਾਂ ਨੇ ਉਸ ਵਿਚ ਭਰੋਸਾ ਕਰਦਿਆਂ ਉਸ ਨੂੰ ਚੁਣਿਆ, ਉਹ ਉਨ੍ਹਾਂ ਤੋਂ ਮੂੰਹ ਨਹੀਂ ਫੇਰਨਗੇ। ਉਹ ਕੰਜ਼ਰਵੇਟਿਵ ਆਗੂ ਨਾਲ ਚੱਟਾਨ ਵਾਂਗ ਖੜ੍ਹੇ ਹਨ। ਇਹ ਵੀ ਇੰਕਸ਼ਾਫ ਹੋਇਆ ਹੈ ਕਿ ਸੱਤਾਧਾਰੀਆਂ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਕੰਜ਼ਰਵੇਟਿਵ ਸਾਂਸਦ ਸਕਾਟ ਐਂਡਰਸਨ ਜੋ ਵਰਨਨ ਲੇਕ ਹਲਕੇ ਦੀ ਪ੍ਰਤੀਨਿਧਤਾ ਕਰਦੇ ਹਨ, ਉੱਤੇ ਦਲ ਬਦਲੀ ਦਾ ਦਬਾਅ ਬਣਾਉਣਾ ਚਾਹਿਆ ਪਰ ਉਹ ਮੰਤਰੀ ਪਦ ਦੀ ਸ਼ਰਤ ਰੱਖ ਰਹੇ ਸਨ।

ਕੰਜ਼ਰਵੇਟਿਵ ਪਾਰਟੀ ਦੇ ਬੁਲਾਰੇ ਸਾਮ ਲਿਲੀ ਨੇ ਦਲ ਬਦਲੀ ਦੀ ਕਵਾਇਦ ਨੂੰ ਕੈਨੇਡੀਅਨ ਲੋਕਾਂ ਦੀ ਤੌਹੀਨ ਦੱਸਿਆ ਜਿਨ੍ਹਾਂ ਨੇ ਘੱਟ ਗਿਣਤੀ ਸਰਕਾਰ ਦੇ ਹੱਕ ਵਿਚ ਫ਼ਤਵਾ ਦਿੱਤਾ ਸੀ। ਬ੍ਰਿਟਿਸ਼ ਕੋਲੰਬੀਆ ਤੋਂ ਸਾਂਸਦ ਐਰੋਗਨ ਬਾਰੇ ਵੀ ਖ਼ਦਸ਼ਾ ਹੈ ਕਿ ਕਿਤੇ ਨੇੜ ਭਵਿੱਖ ਵਿਚ ਉਹ ਦਲ ਬਦਲੀ ਨਾ ਕਰ ਲਵੇ।

ਕੈਨੇਡਾ ਅੰਦਰ 1867 ਵਿਚ ਲੋਕਤੰਤਰੀ ਰਾਜ ਦੀ ਸਥਾਪਤੀ ਤੋਂ ਲੈ ਕੇ ਹੁਣ ਤੱਕ ਲਗਪਗ 300 ਸੰਸਦ ਮੈਂਬਰ ਦਲ ਬਦਲੀ ਕਰ ਚੁੱਕੇ ਹਨ ਪਰ ਭਾਰਤ ਵਾਂਗ ਇੱਥੇ ਦਲ ਬਦਲੀ ਕਾਨੂੰਨ ਬਣਾਉਣ ਦੀ ਨੌਬਤ ਨਹੀਂ ਆਈ। ਸਭ ਤੋਂ ਪਹਿਲਾਂ 1868 ਵਿਚ ਨੋਵਾ ਸਕੋਸ਼ੀਆ ਨਾਲ ਸਬੰਧਤ ਸਾਂਸਦ ਸਟੀਵਰਡ ਕੈਂਪਬੈਲ ਨੇ ਦਲ ਬਦਲੀ ਕਰ ਕੇ ਸਰ ਜੌਹਨ ਮੈਕਡੋਨਾਲਡ ਦੀ ਲਿਬਰਲ ਕੰਜ਼ਰਵੇਟਿਵ ਵਿਚ ਕਨਫਡਰੇਟਾਂ ਨੂੰ ਛੱਡ ਕੇ ਸ਼ਮੂਲੀਅਤ ਕੀਤੀ। ਇਤਿਹਾਸ ਦੱਸਦਾ ਹੈ ਕਿ ਲੋਕਾਂ ਨੇ ਉਸ ਦੇ ਇਸ ਘਟੀਆ ਕਾਰਨਾਮੇ ਤੋਂ ਨਾਰਾਜ਼ ਹੋ ਕੇ ਉਸ ’ਤੇ ਆਂਡਿਆਂ ਦੀ ਵਰਖਾ ਕਰ ਕੇ ਬੇਇੱਜ਼ਤ ਕੀਤਾ ਸੀ। ਸੰਨ 1917 ਵਿਚ ਪਹਿਲੀ ਵਿਸ਼ਵ ਜੰਗ ਕਰਕੇ ਜਬਰੀ ਭਰਤੀ ਦੇ ਸਵਾਲ ’ਤੇ ਵਿਲਫਰਡ ਲਾਰੀਅਰ ਦੀ ਪੂਰੀ ਲਿਬਰਲ ਪਾਰਟੀ ਨੇ ਦਲ ਬਦਲੀ ਕਰ ਲਈ ਸੀ।

ਸਤੰਬਰ 2000 ਵਿਚ ਕਿਊਬਿਕ ਪ੍ਰਾਂਤ ਦੇ ਦੋ ਸਾਂਸਦ ਡੇਵਿਡ ਪ੍ਰਾਈਸ ਅਤੇ ਡਾਇਨਾ ਜੈਕਸ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਛੱਡ ਕੇ ਲਿਬਰਲ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਇਵੇਂ ਹੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਾਂਸਦ ਐਂਡਰੇ ਹਾਰਵੇ ਨੇ ਪਾਰਟੀ ਛੱਡ ਕੇ ਕੁਝ ਸਮਾਂ ਆਜ਼ਾਦ ਮੈਂਬਰ ਬਣੇ ਰਹਿਣ ਤੋਂ ਬਾਅਦ ਲਿਬਰਲ ਪਾਰਟੀ ਵਿਚ ਸ਼ਮੂਲੀਅਤ ਕਰ ਲਈ ਸੀ।

ਸੰਨ 2003 ਵਿਚ ਪ੍ਰੋਗਰੈਸਿਵ ਕੰਜ਼ਰਵੇਟਿਵ ਸਾਂਸਦ ਸਕਾਟ ਬ੍ਰਿਸ਼ਨ ਨੇ ਲਿਬਰਲ ਪਾਰਟੀ ਦਾ ਪੱਲਾ ਫੜ ਲਿਆ। ਬਲਿੰਡਾ ਸਟਰੋਨਚ ਜਿਸ ਨੇ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਲਈ 2004 ਵਿਚ ਚੋਣ ਲੜੀ ਸੀ, ਉਨ੍ਹਾਂ ਨੇ 2005 ਵਿਚ ਲਿਬਰਲ ਪਾਰਟੀ ਦਾ ਪੱਲਾ ਫੜ ਲਿਆ ਸੀ। ਸੰਨ 2006 ਵਿਚ ਚੋਣ ਜਿੱਤਣ ਦੇ ਦੋ ਹਫ਼ਤਿਆਂ ਬਾਅਦ ਹੀ ਡੇਵਿਡ ਐਮਰਸਨ ਲਿਬਰਲ ਪਾਰਟੀ ਛੱਡ ਕੇ ਕੰਜ਼ਰਵੇਟਿਵ ਪਾਰਟੀ ਵਿਚ ਚਲਾ ਗਿਆ ਜਿਸ ਨੂੰ ਸਟੀਫਨ ਹਾਰਪਰ ਦੀ ਪਹਿਲੀ ਸਰਕਾਰ ਵਿਚ ਇਨਾਮ ਵਜੋਂ ਮੰਤਰੀ ਬਣਾਇਆ ਗਿਆ। ਸੰਨ 2018 ਵਿਚ ਲਿ ਨਾ ਲੈਸਲੇਵ ਨੇ ਲਿਬਰਲ ਪਾਰਟੀ ਛੱਡ ਕੇ ਕੰਜ਼ਰਵੇਟਿਵ ਪਾਰਟੀ ਦਾ ਪੱਲਾ ਫੜ ਲਿਆ। ਸੰਨ 2021 ਵਿਚ ਐਟਲਾਂਟਿਕ ਕੈਨੇਡਾ ਵਿਚ ਪਹਿਲੀ ਵਾਰ ਜਿੱਤੇ ਫਰੈਡਰਿਕਨ ਤੋਂ ਗਰੀਨ ਪਾਰਟੀ ਆਗੂ ਜੈਨਿਕ ਐਟਵਿਨ ਲਿਬਰਲ ਪਾਰਟੀ ’ਚ ਸ਼ਾਮਲ ਹੋ ਗਏ ਸਨ।

ਕੈਨੇਡਾ ’ਚ ਅਜੋਕੇ ਸਮੇਂ ਲੋਕ ਰਾਜਨੀਤਕ ਪਾਰਟੀਆਂ ਨੂੰ ਸਰਕਾਰ ਗਠਿਤ ਕਰਨ ਲਈ ਨਹੀਂ ਬਲਕਿ ਪ੍ਰਧਾਨ ਮੰਤਰੀ ਨੂੰ ਚੁਣਦੇ ਹਨ। ਅੰਦਰੂਨੀ ਲੋਕਤੰਤਰ ਰਾਹੀਂ ਸਥਾਨਕ ਪੱਧਰ ’ਤੇ ਹਲਕਿਆਂ ’ਚ ਸਾਂਸਦ ਜਾਂ ਵਿਧਾਨਕਾਰ ਚੁਣੇ ਜਾਂਦੇ ਹਨ। ਜਦੋਂ ਕੈਨੇਡੀਅਨ ਇਕ ਸਾਂਸਦ ਚੁਣਦੇ ਹਨ ਤਾਂ ਉਸ ਵਿਚ ਪੂਰਾ ਭਰੋਸਾ ਜਤਾਉਂਦੇ ਹੋਏ ਉਸ ਨੂੰ ਅਧਿਕਾਰਤ ਕਰਦੇ ਹਨ ਕਿ ਉਹ ਉਨ੍ਹਾਂ ਦੀ ਬੇਹਤਰੀ ਲਈ ਆਪਣੀ ਅੰਤਰ ਆਤਮਾ ਅਨੁਸਾਰ ਜੋ ਵਧੀਆ ਸਮਝੇ, ਕਰ ਸਕਦਾ ਹੈ। ਜੇ ਕੋਈ ਸੰਸਦ ਮੈਂਬਰ ਜ਼ਰੂਰੀ ਸਮਝੇ ਕਿ ਉਹ ਜਿਸ ਪਾਰਟੀ ਦੀ ਟਿਕਟ ’ਤੇ ਜਿੱਤਦਾ ਹੈ, ਉਸ ਦੀ ਥਾਂ ਦੂਸਰੀ ਪਾਰਟੀ ਵਿਚ ਜਾਣ ਨਾਲ ਆਪਣੇ ਹਲਕੇ ਦੀ ਵਧੀਆ ਪ੍ਰਤੀਨਿਧਤਾ ਕਰ ਸਕਦਾ ਹੈ ਤਾਂ ਪਾਲਾ ਬਦਲ ਸਕਦਾ ਹੈ ਜਾਂ ਆਜ਼ਾਦ ਸਾਂਸਦ ਦੇ ਤੌਰ ’ਤੇ ਸਦਨ ਵਿਚ ਬੈਠ ਸਕਦਾ ਹੈ। ਇਸ ਲਈ ਕੈਨੇਡਾ ਨੂੰ ਦਲ ਬਦਲੀ ਸਬੰਧੀ ਕੋਈ ਕਾਨੂੰਨ ਬਣਾਉਣ ਦੀ ਲੋੜ ਨਹੀਂ ਪਈ।




‘ਪਰਦੇਸ ਟਾਇਮਜ਼’ ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ

ਸੰਪਰਕ ਕਰੋ: 510-938-7771 shaadi@pardestimes.com

ਲੜਕੀ ਦੀ ਲੋੜ

ਜੱਟ ਸਿੱਖ ਬੈਂਸ, 24 ਸਾਲਾ, 5 ਫੁੱਟ 10 ਇੰਚ ਕੱਦ, ਬਹੁਤ ਹੀ ਸੋਹਣਾ ਤੇ ਹਾਈ ਸਕੂਲ ਪਾਸ, ਜੋ ਅਮਰੀਕਾ ਵਿਚ ਪਿਛਲੇ 4 ਸਾਲਾਂ ਤੋਂ ਰਹਿ ਰਿਹਾ ਹੈ, ਕੰਮ ਕਰਦੇ ਲੜਕੇ ਲਈ ਯੋਗ ਸਿਟੀਜ਼ਨ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ 510-304-6982

# ਸਿਆਸੀ ਲੋਕ ਜਿਨ੍ਹਾਂ ਨੇ ਜਹਾਜ਼ ਹਾਦਸਿਆਂ ਵਿੱਚ ਜਾਨ ਗੁਆਈ

ਬੁੱਧਵਾਰ ਸਵੇਰੇ ਮਹਾਰਾਸ਼ਟਰ ਦੇ ਬਾਰਾਮਤੀ ਹਵਾਈ ਅੱਡੇ 'ਤੇ ਇੱਕ ਨਿੱਜੀ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਸਣੇ ਪੰਜ ਲੋਕਾਂ ਦੀ ਮੌਤ ਹੋ ਗਈ। ਪਵਾਰ ਦੇ ਨਾਲ, ਮ੍ਰਿਤਕਾਂ ਵਿੱਚ ਉਨ੍ਹਾਂ ਦਾ ਨਿੱਜੀ ਸੁਰੱਖਿਆ ਅਧਿਕਾਰੀ, ਨਿੱਜੀ ਸਹਾਇਕ, ਫਲਾਈਟ ਅਫਸਰ ਅਤੇ ਪਾਇਲਟ ਵੀ ਸ਼ਾਮਲ ਹਨ। ਇਸ ਤੋਂ ਪਹਿਲਾਂ ਵੀ ਕਈ ਸਿਆਸਤਦਾਨ ਹਵਾਈ ਹਾਦਸਿਆਂ ਵਿੱਚ ਜਾਨ ਗੁਆ ਚੁੱਕੇ ਹਨ। ਕੁਝ ਹੈਲੀਕਾਪਟਰ ਹਾਦਸਿਆਂ ਵਿੱਚ ਮਾਰੇ ਗਏ, ਜਦੋਂ ਕਿ ਕੁਝ ਜਹਾਜ਼ ਹਾਦਸਿਆਂ ਵਿੱਚ ਮਾਰੇ ਗਏ ਹਨ।

**ਵਿਜੇ ਰੂਪਾਨੀ–** 12 ਜੂਨ, 2025 ਨੂੰ ਅਹਿਮਦਾਬਾਦ ਵਿੱਚ ਇੱਕ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ ਸਵਾਰ 242 ਲੋਕਾਂ ਵਿੱਚੋਂ 241 ਲੋਕਾਂ ਦੀ ਮੌਤ ਹੋ ਗਈ ਸੀ। ਜਹਾਜ਼ ਵਿੱਚ 230 ਯਾਤਰੀ ਅਤੇ 12 ਚਾਲਕ ਦਲ ਦੇ ਮੈਂਬਰ ਸਵਾਰ ਸਨ। ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਵੀ ਇਸੇ ਜਹਾਜ਼ ਵਿੱਚ ਸਵਾਰ ਸਨ। ਇਹ ਇਤਿਹਾਸ ਦੇ ਸਭ ਤੋਂ ਘਾਤਕ ਹਾਦਸਿਆਂ ਵਿੱਚੋਂ ਇੱਕ ਸੀ। ਭਾਰਤੀ ਮੂਲ ਦੇ ਬ੍ਰਿਟਿਸ਼ ਯਾਤਰੀ ਵਿਸ਼ਵਾਸ ਕੁਮਾਰ ਰਮੇਸ਼ ਇਸ ਹਾਦਸੇ ਵਿੱਚ ਬਚ ਗਏ। ਅਗਸਤ 2016 ਵਿੱਚ ਆਨੰਦੀਬੇਨ ਪਟੇਲ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਵਿਜੇ ਰੂਪਾਨੀ ਨੂੰ ਗੁਜਰਾਤ ਦਾ ਮੁੱਖ ਮੰਤਰੀ ਨਿਯੁਕਤ ਕੀਤਾ ਗਿਆ ਸੀ। ਬਾਅਦ ਵਿੱਚ ਉਹ 2021 ਦੇ ਅੱਧ ਤੱਕ ਇਸ ਅਹੁਦੇ 'ਤੇ ਰਹੇ। ਵਿਜੇ ਰੂਪਾਨੀ ਆਪਣੇ ਵਿਦਿਆਰਥੀ ਜੀਵਨ ਤੋਂ ਹੀ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ (ਏਬੀਵੀਪੀ) ਵਿੱਚ ਸਰਗਰਮ ਸਨ। ਉੱਥੋਂ ਮੁੱਖ ਮੰਤਰੀ ਬਣਨ ਤੱਕ ਦਾ ਉਨ੍ਹਾਂ ਦਾ ਰਾਜਨੀਤਿਕ ਸਫ਼ਰ ਲੰਮਾ ਅਤੇ ਨਿਰੰਤਰ ਰਿਹਾ।

**ਸੰਜੇ ਗਾਂਧੀ–** ਸੰਜੇ ਗਾਂਧੀ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਪੁੱਤਰ ਸਨ। ਸੰਜੇ ਗਾਂਧੀ ਨੂੰ ਹਵਾਈ ਯਾਤਰਾ ਦਾ ਬਹੁਤ ਸ਼ੌਕ ਸੀ। 23 ਜੂਨ, 1980 ਨੂੰ ਉਹ ਦਿੱਲੀ ਦੇ ਸਫਦਰਜੰਗ ਹਵਾਈ ਅੱਡੇ 'ਤੇ ਇੱਕ ਨਿੱਜੀ ਜਹਾਜ਼ ਉਡਾ ਰਹੇ ਸਨ, ਉਸ ਸਮੇਂ ਹੀ ਉਨ੍ਹਾਂ ਦਾ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਉਨ੍ਹਾਂ ਦੇ ਸਹਿ-ਪਾਇਲਟ, ਸੁਭਾਸ਼ ਸਕਸੈਨਾ ਵੀ ਜਹਾਜ਼ ਵਿੱਚ ਸਨ। ਦੋਵਾਂ ਦੀ ਜਹਾਜ਼ ਹਾਦਸੇ ਵਿੱਚ ਮੌਕੇ 'ਤੇ ਹੀ ਮੌਤ ਹੋ ਗਈ। ਸੰਜੇ ਗਾਂਧੀ ਨੂੰ 1976 ਵਿੱਚ ਹਲਕੇ ਜਹਾਜ਼ ਉਡਾਉਣ ਦਾ ਲਾਇਸੈਂਸ ਮਿਲਿਆ ਸੀ। ਇੰਦਰਾ ਗਾਂਧੀ ਸਰਕਾਰ ਨੂੰ ਹਟਾਏ ਜਾਣ ਅਤੇ ਜਨਤਾ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਉਨ੍ਹਾਂ ਦਾ ਲਾਇਸੈਂਸ ਰੱਦ ਕਰ ਦਿੱਤਾ ਗਿਆ ਸੀ। ਇੰਦਰਾ ਗਾਂਧੀ ਦੇ ਮੁੜ ਸੱਤਾ ਵਿੱਚ ਆਉਣ 'ਤੇ ਉਨ੍ਹਾਂ ਦਾ ਲਾਇਸੈਂਸ ਬਹਾਲ ਕਰ ਦਿੱਤਾ ਗਿਆ ਸੀ। ਉਨ੍ਹਾਂ ਨੇ 23 ਜੂਨ, 1980 ਨੂੰ ਸਵੇਰੇ 7:58 ਵਜੇ ਦਿੱਲੀ ਦੇ ਸਫਦਰਜੰਗ ਹਵਾਈ ਅੱਡੇ ਤੋਂ ਉਡਾਣ ਭਰੀ ਸੀ। ਰਾਣੀ ਸਿੰਘ ਆਪਣੀ ਕਿਤਾਬ, "ਸੋਨੀਆ ਗਾਂਧੀ - ਇੱਕ ਅਸਾਧਾਰਨ ਜ਼ਿੰਦਗੀ" ਵਿੱਚ ਲਿਖਦੇ ਹਨ ਕਿ "ਸਕਸੈਨਾ ਦੇ ਨੌਕਰ ਨੇ ਸੰਜੇ ਗਾਂਧੀ ਦੀ ਲਾਸ਼ ਨੂੰ ਹਾਦਸਾਗ੍ਰਸਤ ਜਹਾਜ਼ ਤੋਂ ਚਾਰ ਫੁੱਟ ਦੂਰ ਪਈ ਦੇਖਿਆ। ਕੈਪਟਨ ਸਕਸੈਨਾ ਦਾ ਹੇਠਲਾ ਸਰੀਰ ਮਲਬੇ ਹੇਠ ਫਸਿਆ ਹੋਇਆ ਸੀ, ਹਾਲਾਂਕਿ ਉਨ੍ਹਾਂ ਦਾ ਸਿਰ ਬਾਹਰ ਨਿਕਲਿਆ ਹੋਇਆ ਸੀ।" ਉਹ ਅੱਗੇ ਲਿਖਦੇ ਹਨ, "ਇੰਦਰਾ ਗਾਂਧੀ ਖੁਦ ਐਂਬੂਲੈਂਸ ਵਿੱਚ ਸਵਾਰ ਹੋ ਕੇ ਰਾਮ ਮਨੋਹਰ ਲੋਹੀਆ ਹਸਪਤਾਲ ਗਏ ਸਨ, ਜਿੱਥੇ ਡਾਕਟਰਾਂ ਨੇ ਦੋਵਾਂ ਪਾਇਲਟਾਂ ਨੂੰ ਮ੍ਰਿਤਕ ਐਲਾਨ ਦਿੱਤਾ।" ਇੰਦਰਾ ਗਾਂਧੀ ਨੇ ਆਪਣੀਆਂ ਭਾਵਨਾਵਾਂ ਨੂੰ ਲੁਕਾਉਣ ਲਈ ਅੰਤਿਮ ਸੰਸਕਾਰ ਦੌਰਾਨ ਕਾਲੇ ਚਸ਼ਮੇ ਲਗਾਏ ਸਨ।



**ਮਾਧਵਰਾਓ ਸਿੰਧੀਆ–** ਕਾਂਗਰਸ ਨੇਤਾ ਮਾਧਵਰਾ ਸਿੰਧੀਆ ਦੀ ਮੌਤ 30 ਸਤੰਬਰ, 2001 ਨੂੰ ਉੱਤਰ ਪ੍ਰਦੇਸ਼ ਦੇ ਮੈਨਪੁਰੀ ਜ਼ਿਲ੍ਹੇ ਵਿੱਚ ਭੋਗਾਂ ਤਹਿਸੀਲ ਦੇ ਨੇੜੇ ਮੋਟਾ ਵਿੱਚ ਇੱਕ ਜਹਾਜ਼ ਹਾਦਸੇ ਵਿੱਚ ਹੋਈ ਸੀ। ਸਿੰਧੀਆ ਕਾਨਪੁਰ ਵਿੱਚ ਇੱਕ ਇਕੱਠ ਨੂੰ ਸੰਬੋਧਨ ਕਰਨ ਜਾ ਰਹੇ ਸਨ। ਜਹਾਜ਼ ਵਿੱਚ ਉਨ੍ਹਾਂ ਨਾਲ ਛੇ ਹੋਰ ਲੋਕ ਵੀ ਸਵਾਰ ਸਨ। ਜਿੰਦਲ ਗਰੁੱਪ ਦਾ 10 ਸੀਟਾਂ ਵਾਲਾ ਚਾਰਟਰਡ ਜਹਾਜ਼, ਸੇਸਨਾ ਸੀ-90, ਨਵੀਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਰਵਾਨਾ ਹੋਇਆ ਸੀ। ਇਹ ਜਹਾਜ਼ ਆਗਰਾ ਤੋਂ 85 ਕਿਲੋਮੀਟਰ ਦੂਰ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ ਸਵਾਰ ਸਾਰੇ ਲੋਕ ਮਾਰੇ ਗਏ। ਮਾਧਵਰਾ ਸਿੰਧੀਆ ਨੂੰ ਕਾਂਗਰਸ ਪਾਰਟੀ ਦੇ ਮੋਹਰੀ ਆਗੂਆਂ ਵਿੱਚੋਂ ਇੱਕ ਮੰਨਿਆ ਜਾਂਦਾ ਸੀ। ਉਨ੍ਹਾਂ ਨੂੰ ਇੱਕ ਨੌਜਵਾਨ ਅਤੇ ਪ੍ਰਸਿੱਧ ਆਗੂ ਮੰਨਿਆ ਜਾਂਦਾ ਸੀ। ਰਾਜਨੀਤਿਕ ਹਲਕਿਆਂ ਦਾ ਮੰਨਣਾ ਸੀ ਕਿ ਕਾਂਗਰਸ ਪਾਰਟੀ ਵਿੱਚ ਉਨ੍ਹਾਂ ਦਾ ਭਵਿੱਖ ਉੱਜਵਲ ਸੀ।

**ਵਾਈ. ਐਸ. ਰਾਜਸ਼ੇਖਰ ਰੈਡੀ–** 2 ਸਤੰਬਰ, 2009 ਨੂੰ ਆਂਧਰਾ ਪ੍ਰਦੇਸ਼ ਦੇ ਤਤਕਾਲੀ ਮੁੱਖ ਮੰਤਰੀ, ਵਾਈਐੱਸ ਰਾਜਸ਼ੇਖਰ ਰੈਡੀ ਸਵੇਰੇ 8:38 ਵਜੇ ਹੈਲੀਕਾਪਟਰ ਰਾਹੀਂ ਬੇਗਮਪੇਟ ਤੋਂ ਰਵਾਨਾ ਹੋਏ। ਉਹ ਚਿਤੂਰ ਜ਼ਿਲ੍ਹੇ ਵਿੱਚ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਣਾ ਚਾਹੁੰਦੇ ਸਨ। ਸ਼ਡਿਊਲ ਅਨੁਸਾਰ, ਉਨ੍ਹਾਂ ਨੂੰ ਸਵੇਰੇ 10:30 ਵਜੇ ਉੱਥੇ ਪਹੁੰਚਣਾ ਸੀ। ਪਰ ਉਹ ਕਦੇ ਨਹੀਂ ਪਹੁੰਚੇ। ਮੁੱਖ ਮੰਤਰੀ ਦੇ ਹੈਲੀਕਾਪਟਰ ਦੇ ਲਾਪਤਾ ਹੋਣ ਦੀ ਖ਼ਬਰ ਰਾਸ਼ਟਰੀ ਪੱਧਰ 'ਤੇ ਸਨਸਨੀ ਬਣ ਗਈ। ਕੇਂਦਰ ਸਰਕਾਰ ਨੂੰ ਵੀ ਸੂਚਿਤ ਕੀਤਾ ਗਿਆ। ਜਿਸ ਹੈਲੀਕਾਪਟਰ ਵਿੱਚ ਰਾਜਸ਼ੇਖਰ ਰੈਡੀ ਯਾਤਰਾ ਕਰ ਰਹੇ ਸਨ, ਉਹ ਇੱਕ ਬੇਲ-430 ਸੀ ਅਤੇ ਉਹ ਲਾਪਤਾ ਹੋ ਗਿਆ। ਫੌਜ ਦੀ ਮਦਦ ਨਾਲ ਨੱਲਮਾਲਾ ਜੰਗਲ ਖੇਤਰ ਵਿੱਚ ਹੈਲੀਕਾਪਟਰ ਦੀ ਭਾਲ ਕੀਤੀ ਗਈ। ਹੈਲੀਕਾਪਟਰ ਦਾ ਮਲਬਾ 3 ਸਤੰਬਰ ਨੂੰ ਮਿਲਿਆ, ਜਿਸ ਵਿੱਚ ਰਾਜਸ਼ੇਖਰ ਰੈਡੀ ਅਤੇ ਚਾਰ ਹੋਰ ਲੋਕਾਂ ਦੀ ਮੌਤ ਹੋ ਗਈ।

**ਦੋਰਜੀ ਖਾਂਡੂ–** 30 ਅਪ੍ਰੈਲ, 2011 ਨੂੰ ਈਟਾਨਗਰ ਤੋਂ ਤਵਾਂਗ ਜਾ ਰਿਹਾ ਇੱਕ ਹੈਲੀਕਾਪਟਰ ਲਾਪਤਾ ਹੋ ਗਿਆ, ਜਿਸ ਵਿੱਚ ਅਰੁਣਾਚਲ ਪ੍ਰਦੇਸ਼ ਦੇ ਤਤਕਾਲੀ ਮੁੱਖ ਮੰਤਰੀ ਦੋਰਜੀ ਖਾਂਡੂ ਅਤੇ ਚਾਰ ਹੋਰ ਲੋਕ ਸਵਾਰ ਸਨ। ਪੰਜ ਦਿਨਾਂ ਤੱਕ ਚੱਲੇ ਇੱਕ ਵਿਆਪਕ ਖੋਜ ਕਾਰਜ ਤੋਂ ਬਾਅਦ ਖੋਜ ਟੀਮਾਂ ਨੂੰ ਉਨ੍ਹਾਂ ਦੇ ਹੈਲੀਕਾਪਟਰ ਦਾ ਮਲਬਾ ਮਿਲਿਆ। ਖਾਂਡੂ ਪਵਨ ਹੰਸ ਚਾਰ ਸੀਟਾਂ ਵਾਲੇ ਸਿੰਗਲ-ਇੰਜਣ ਹੈਲੀਕਾਪਟਰ, ਏਐੱਸ-ਬੀ350-ਬੀ3 ਵਿੱਚ ਯਾਤਰਾ ਕਰ ਰਹੇ ਸਨ। ਖੋਜ ਟੀਮ ਨੇ ਪੰਜਵੇਂ ਦਿਨ ਕਰੈਸ਼ ਹੋਏ ਹੈਲੀਕਾਪਟਰ ਦਾ ਮਲਬਾ ਅਤੇ ਸਵਾਰ ਸਾਰੇ ਪੰਜ ਲੋਕਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ।

E**. ਪੀ. ਜਿੰਦਲ–** 31 ਮਾਰਚ, 2005 ਨੂੰ, ਪ੍ਰਸਿੱਧ ਸਟੀਲ ਉਦਯੋਗਪਤੀ ਅਤੇ ਸਿਆਸਤਦਾਨ ਓ.ਪੀ. ਜਿੰਦਲ ਦੀ ਇੱਕ ਜਹਾਜ਼ ਹਾਦਸੇ ਵਿੱਚ ਮੌਤ ਹੋ ਗਈ। ਉਨ੍ਹਾਂ ਦੇ ਨਾਲ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਬੰਸੀ ਲਾਲ ਦੇ ਪੁੱਤਰ ਸੁਰੇਂਦਰ ਸਿੰਘ ਵੀ ਸਨ।

# ਪਤੰਗਾਂ ਦੀ ਬਦੌਲਤ ਹੀ ਦੁਨੀਆ ਵਿੱਚ ਬਿਜਲੀ ਦੀ ਖੋਜ ਹੋਈ



ਬਿਜਲੀ ਦੀ ਕਾਢ ਕਿਸ ਨੇ ਕੱਢੀ? ਇਸ ਸਵਾਲ ਦੇ ਜਵਾਬ ਵਿੱਚ ਜ਼ਿਆਦਾਤਰ ਲੋਕ ਕਿਸੇ ਅਮਰੀਕੀ ਦਾ ਨਾਮ ਲੈਣਗੇ, ਪਰ ਕੀ ਇਹ ਜਵਾਬ ਸਹੀ ਹੋਵੇਗਾ? ਇਸ ਖੋਜਕਰਤਾ ਨੇ ਸਥਿਰ ਬਿਜਲੀ ਦੇ ਸਿਧਾਂਤ ਨੂੰ ਸਥਾਪਿਤ ਕਰਨ ਲਈ ਬਹੁਤ ਚਰਚਾ ਵਿੱਚ ਆਇਆ ਪਤੰਗ ਪ੍ਰਯੋਗ ਕੀਤਾ ਅਤੇ ਗਰਜਦੇ ਬੱਦਲਾਂ ਅਤੇ ਬਿਜਲੀ ਵਿਚਕਾਰ ਸੰਬੰਧ ਸਥਾਪਿਤ ਕੀਤਾ। ਗੁਜਰਾਤੀ ਲੋਕ ਉੱਤਰਾਇਣ ਅਤੇ ਵਾਸੀ-ਉੱਤਰਾਇਣ ਦੇ ਦਿਨਾਂ 'ਚ ਪਤੰਗਾਂ ਉਡਾਉਂਦੇ ਹਨ, ਪਰ ਇਸ ਦੌਰਾਨ ਅਸੀਂ 1752 ਦੇ ਬਹੁਤ ਚਰਚਾ ਵਾਲੇ ਪ੍ਰਯੋਗ ਨੂੰ ਬਹੁਤ ਘੱਟ ਯਾਦ ਕਰਦੇ ਹਾਂ। ਇਹ ਖੋਜੀ ਬਹੁਪੱਖੀ ਪ੍ਰਤਿਭਾ ਵਾਲਾ ਸੀ ਅਤੇ ਉਸ ਨੇ ਬਹੁਤ ਖੋਜਾਂ ਕੀਤੀਆਂ। ਜੇਕਰ ਤੁਸੀਂ ਅਮਰੀਕਾ ਦੀ ਯਾਤਰਾ ਕਰੋਗੇ, ਤਾਂ ਉਸ ਦਾ ਚਿਹਰਾ ਬਾਰ-ਬਾਰ ਦੇਖਣ ਨੂੰ ਮਿਲੇਗਾ।

**ਬਿਜਲੀ ਦੀ ਖੋਜ ਕਿਸ ਨੇ ਕੀਤੀ?**

ਜੇਕਰ ਤੁਸੀਂ ਕਿਸੇ ਨੂੰ ਪੁੱਛੋ ਕਿ ਬਿਜਲੀ ਦੀ ਖੋਜ ਕਿਸ ਨੇ ਕੀਤੀ, ਤਾਂ ਸਭ ਤੋਂ ਵੱਧ ਸੰਭਾਵੀ ਉੱਤਰ ਬੇਂਜਾਮਿਨ ਫ੍ਰੈਂਕਲਿਨ ਹੋਵੇਗਾ। ਬੇਂਜਾਮਿਨ ਫ੍ਰੈਂਕਲਿਨ ਦਾ ਜਨਮ ਇੱਕ ਅਮੀਰ ਅਮਰੀਕੀ ਪਰਿਵਾਰ ਵਿੱਚ ਹੋਇਆ ਸੀ, ਜੋ ਸਾਬਣ ਅਤੇ ਅੱਤਰ ਬਣਾਉਣ ਦਾ ਕਾਰੋਬਾਰ ਕਰਦੇ ਸਨ। ਉਨ੍ਹਾਂ ਨੂੰ ਬਚਪਨ ਤੋਂ ਹੀ ਖੋਜ ਕਰਨ ਦਾ ਸ਼ੌਂਕ ਸੀ। ਉਨ੍ਹਾਂ ਨੇ ਤੇਜ਼ ਤੈਰਨ ਵਿੱਚ ਮਦਦ ਕਰਨ ਲਈ ਮੱਛੀ ਦੇ ਖੰਭ ਵਰਗਾ ਨਕਲੀ ਯੰਤਰ ਬਣਾਇਆ। ਬੇਂਜਾਮਿਨ ਨੇ ਆਪਣੇ ਕਰਿਅਰ ਦੇ ਸ਼ੁਰੂਆਤੀ ਸਾਲਾਂ ਵਿੱਚ ਕਈ ਕੰਮ ਕਰਕੇ ਪੈਸਾ ਕਮਾਇਆ, ਅਤੇ 1746 ਤੋਂ ਬਾਅਦ ਇਸਦਾ ਉਪਯੋਗ ਬਿਜਲੀ ਅਤੇ ਸੰਬੰਧਿਤ ਮਾਮਲਿਆਂ 'ਤੇ ਪ੍ਰਯੋਗ ਅਤੇ ਖੋਜ ਕਰਨ ਲਈ ਕੀਤਾ।

ਇਹਨਾਂ ਵਿਚੋਂ, ਜੂਨ 1752 ਵਿੱਚ ਪਤੰਗਾਂ ਨਾਲ ਕੀਤਾ ਗਿਆ ਬਿਜਲੀ ਦਾ ਪ੍ਰਯੋਗ ਬਹੁਤ ਪ੍ਰਸਿੱਧ ਹੋਇਆ। ਹਾਲਾਂਕਿ, ਇਸ ਦੀ ਖੋਜ ਦਾ ਸਿਹਰਾ ਕਿਸੇ ਇੱਕ ਵਿਅਕਤੀ ਨੂੰ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਇਸ ਦਿਸ਼ਾ ਵਿੱਚ ਸਦੀਆਂ ਤੋਂ ਖੋਜ ਚੱਲ ਰਹੀ ਸੀ ਅਤੇ ਕਈ ਲੋਕਾਂ ਨੇ ਇਸ ਵਿੱਚ ਯੋਗਦਾਨ ਪਾਇਆ ਸੀ। ਇਸ ਤੋਂ ਇਲਾਵਾ, ਬਿਜਲੀ ਪਹਿਲਾਂ ਤੋਂ ਹੀ ਸਾਡੇ ਆਲੇ-ਦੁਆਲੇ ਮੌਜੂਦ ਸੀ, ਖੋਜਕਰਤਾਵਾਂ ਨੇ ਇਸ ਦੀ 'ਕਾਢ' ਨਹੀਂ ਕੀਤੀ, ਸਗੋਂ ਇਸ ਦੀ 'ਖੋਜ' ਕੀਤੀ ਸੀ।

ਜੂਨ 1752 ਦੀ ਇੱਕ ਦੁਪਹਿਰ ਨੂੰ ਫਿਲਾਡੈਲਫੀਆ ਉੱਤੇ ਸੰਘਣੇ ਬੱਦਲ ਛਾ ਗਏ ਅਤੇ ਗਰਜ ਤੇ ਬਿਜਲੀ ਨਾਲ ਬਾਰਿਸ਼ ਹੋਣ ਲੱਗੀ। ਬੇਂਜਾਮਿਨ ਇਹ ਸਾਬਿਤ ਕਰਨਾ ਚਾਹੁੰਦੇ ਸਨ ਕਿ ਗਰਜ ਵੀ ਬਿਜਲੀ ਦਾ ਇੱਕ ਰੂਪ ਹੈ ਇਸ ਲਈ ਉਨ੍ਹਾਂ ਨੂੰ ਲੱਗਿਆ ਕਿ ਪ੍ਰਯੋਗ ਕਰਨ ਦਾ ਇਹ ਸਹੀ ਸਮਾਂ ਹੈ। ਬੇਂਜਾਮਿਨ ਇੰਸਟੀਚਿਊਟ ਦੀ ਇੱਕ ਰਿਪੋਰਟ ਅਨੁਸਾਰ, ਉਨ੍ਹਾਂ ਨੇ ਰੇਸ਼ਮੀ ਰੁਮਾਲ, ਸੂਤੀ ਧਾਗੇ, ਰੇਸ਼ਮੀ ਧਾਗੇ, ਘਰ ਦੀ ਚਾਬੀ, ਲੇਡਨ ਜਾਰ (ਬਿਜਲੀ ਸਟੋਰ ਕਰਨ ਲਈ ਇੱਕ ਬੈਟਰੀ ਵਰਗਾ ਯੰਤਰ) ਅਤੇ ਤਾਰ ਨਾਲ ਇੱਕ ਪਤੰਗ ਤਿਆਰ ਕੀਤੀ। ਇਸ ਪ੍ਰਯੋਗ ਵਿੱਚ ਬੇਂਜਾਮਿਨ ਦੇ ਪੁੱਤਰ ਨੇ ਉਨ੍ਹਾਂ ਦੀ ਮਦਦ ਕੀਤੀ ਸੀ।

ਉਨ੍ਹਾਂ ਨੇ ਪਤੰਗ ਦੇ ਉੱਪਰ ਵਾਲੇ ਹਿੱਸੇ ਨਾਲ ਇਕ ਤਾਰ ਬੰਨ੍ਹੀ, ਜਿਸ ਨੂੰ ਬਿਜਲੀ ਦੇ ਖੰਭੇ ਨਾਲ ਬੰਨ ਦਿੱਤਾ ਅਤੇ ਪਤੰਗ ਦੇ ਹੇਠਲੇ ਹਿੱਸੇ 'ਤੇ ਹੈਂਪ ਰੋਪ (ਭੰਗ ਦੇ ਪੌਦੇ ਦੇ ਰੇਸ਼ੇ ਤੋਂ ਬਣੀ ਰੱਸੀ) ਬੰਨੀ। ਇਸ ਦੇ ਨਾਲ ਇੱਕ ਰੇਸ਼ਮ ਦੀ ਰੱਸੀ ਵੀ ਬੰਨ੍ਹੀ। ਜਵਾਬ ਇਹ ਹੈ ਕਿ ਜਦੋਂ ਮੀਂਹ ਪੈਂਦਾ ਹੈ ਤਾਂ ਹੈਂਪ ਰੋਪ ਜਲਦੀ ਗਿੱਲੀ ਹੋ ਜਾਂਦੀ ਹੈ, ਇਹ ਨਮੀ ਸੋਖ ਲੈਂਦੀ ਹੈ ਅਤੇ ਜਲਦੀ ਹੀ ਬਿਜਲੀ ਨਾਲ ਚੱਲ ਪੈਂਦੀ ਹੈ। ਬੇਂਜਾਮਿਨ ਨੇ ਆਪ ਰੇਸ਼ਮ ਦੀ ਰੱਸੀ ਨੂੰ ਫੜਿਆ ਸੀ ਤਾਂ ਕਿ ਉਹ ਸੁੱਕੀ ਰਹੇ ਅਤੇ ਇਸ ਦੌਰਾਨ ਉਹ ਆਪ ਆਪਣੇ ਪੁੱਤਰ, ਜਿਸ ਨੇ ਰੱਸੀ ਫੜ੍ਹੀ ਹੋਈ ਸੀ, ਉਸ ਨਾਲ ਵਿਹੜੇ ਵਿੱਚ ਖੜ੍ਹੇ ਸੀ।

ਫ਼ਿਰ ਬੇਂਜਾਮਿਨ ਨੇ ਆਪਣੇ ਪੁੱਤਰ ਦੀ ਮਦਦ ਨਾਲ ਚਾਬੀ ਨੂੰ ਇੱਕ ਸੂਤੀ ਧਾਗੇ ਨਾਲ ਤਾਲੇ 'ਚ ਬੰਨ੍ਹ ਦਿੱਤਾ। ਅਚਾਨਕ ਉਹ ਢਿੱਲਾ ਸੂਤੀ ਧਾਗਾ ਖਿੱਚਿਆ ਗਿਆ ਅਤੇ ਸਖ਼ਤ ਹੋ ਗਿਆ। ਬੇਂਜਾਮਿਨ ਨੇ ਆਪਣੀ ਉਂਗਲ ਚਾਬੀ 'ਤੇ ਰੱਖੀ। ਚਾਬੀ ਨਕਾਰਾਤਮਕ ਤੌਰ 'ਤੇ ਚਾਰਜ ਕੀਤੀ ਗਈ ਸੀ ਅਤੇ ਉਸ ਦੀ ਉਂਗਲੀ ਸਕਾਰਾਤਮਕ ਤੌਰ 'ਤੇ ਚਾਰਜ ਕੀਤੀ ਗਈ ਸੀ, ਜਿਸ ਨਾਲ ਇੱਕ ਚਿੰਗਾਰੀ ਪੈਦਾ ਹੋਈ। ਫ਼ਿਰ ਉਨ੍ਹਾਂ ਨੇ ਆਪਣੀ ਮੁੱਠੀ ਨੂੰ ਵੀ ਛੂਹਿਆ। ਉਨ੍ਹਾਂ ਦੀ ਖੋਜ ਪੂਰੀ ਹੋ ਗਈ। ਉਨ੍ਹਾਂ ਨੇ ਬਿਜਲੀ ਨੂੰ ਇੱਕ ਲੇਡਨ ਜਾਰ ਵਿੱਚ ਸਟੋਰ ਕਰ ਲਿਆ ਤਾਂ ਜੋ ਬਾਅਦ ਵਿੱਚ ਉਸਦੀ ਵਰਤੋਂ ਕੀਤੀ ਜਾ ਸਕੇ। ਅਜਿਹਾ ਮੰਨਿਆ ਜਾਂਦਾ ਹੈ ਕਿ ਬਾਰਿਸ਼ ਦੌਰਾਨ ਬਿਜਲੀ ਡਿੱਗਣ ਨਾਲ ਚਿੰਗਾਰੀ ਨਿਕਲੀ ਸੀ, ਹਾਲਾਂਕਿ ਮਾਹਰ ਇਹ ਗੱਲ ਨਹੀਂ ਮੰਨਦੇ, ਕਿਉਂਕਿ ਜੇ ਅਜਿਹਾ ਹੁੰਦਾ ਤਾਂ ਉਨ੍ਹਾਂ ਨੂੰ ਬਿਜਲੀ ਦਾ ਝਟਕਾ ਲੱਗਦਾ। ਪਤੰਗ ਨੇ ਗਰਜਦੇ ਬੱਦਲਾਂ ਵਿੱਚ ਮੌਜੂਦ ਬਿਜਲੀ ਨੂੰ ਸੰਚਾਰਿਤ ਕਰ ਦਿੱਤਾ।

ਇਹ ਪ੍ਰਯੋਗ ਤੋਂ ਇੱਕ ਮਹੀਨਾ ਪਹਿਲਾਂ ਇੱਕ ਫਰਾਂਸੀਸੀ ਭੌਤਿਕ ਵਿਗਿਆਨੀ ਨੇ ਇਸ ਸਿੱਧਾਤ ਨੂੰ ਸਥਾਪਿਤ ਕੀਤਾ ਸੀ ਪਰ ਇਸਦਾ ਸਿਹਰਾ ਅਮਰੀਕੀ ਖੋਜਕਰਤਾ ਨੂੰ ਮਿਲਿਆ ਕਿਉਂਕਿ ਇਸ ਲਈ ਬੈਂਜਾਮਿਨ ਫਰੈਂਕਲਿਨ ਦੇ ਨੋਟਸ ਦੀ ਵਰਤੋਂ ਕੀਤੀ ਗਈ ਸੀ। 19 ਅਕਤੂਬਰ, 1752 ਦੇ ਪੈਨਸਿਲਵੇਨੀਆ ਗਜ਼ਟ ਵਿੱਚ, ਬੈਂਜਾਮਿਨ ਫਰੈਂਕਲਿਨ ਨੇ ਇੱਕ ਵੇਰਵਾ ਪ੍ਰਕਾਸ਼ਿਤ ਕੀਤਾ ਕਿ ਬਾਕੀ ਲੋਕ ਪਤੰਗਾਂ ਨਾਲ ਕਿਵੇਂ ਪ੍ਰਯੋਗ ਕਰ ਸਕਦੇ ਹਨ। ਇੱਕ ਸਾਲ ਬਾਅਦ, ਜਦੋਂ ਬਾਲਟਿਕ ਦੇ ਭੌਤਿਕ ਵਿਗਿਆਨੀ ਜਾਰਜ ਰਿਚਮੈਨ ਪਤੰਗ ਨਾਲ ਪ੍ਰਯੋਗ ਕਰ ਰਹੇ ਸੀ, ਤਾਂ ਮੌਸਮ ਸੰਬੰਧਿਤ ਦੁਰਲੱਭ ਘਟਨਾ ਵਾਪਰੀ। ਬਿਜਲੀ ਬਾਲ ਲਾਈਟਿੰਗ ਵਿੱਚ ਨਹੀਂ ਬਦਲੀ, ਸਗੋਂ ਉਸਨੂੰ ਬਿਜਲੀ ਦਾ ਝਟਕਾ ਲੱਗਿਆ ਅਤੇ ਉਸਦੀ ਮੌਤ ਹੋ ਗਈ।

ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਬਿਜਲੀ ਲਈ ਦੋ ਤਰਲ ਪਦਾਰਥ ਹੁੰਦੇ ਹਨ, ਪਰ ਬੈਂਜਾਮਿਨ ਫਰੈਂਕਲਿਨ ਨੇ ਇਸ ਵਿਸ਼ਵਾਸ ਨੂੰ ਬਦਲ ਦਿੱਤਾ। ਉਸਦਾ ਮੰਨਣਾ ਸੀ ਕਿ ਸਿਰਫ ਇੱਕ ਤਰਲ ਹੀ ਸਕਾਰਾਤਮਕ ਜਾਂ ਨਕਾਰਾਤਮਕ ਚਾਰਜ ਰੱਖਦਾ ਹੈ। ਉਸਨੇ ਇੱਕ ਤਰਲ ਚਾਰਜ ਦੀ ਧਾਰਨਾ ਨੂੰ ਚਾਰਜ ਦੀ ਸੰਭਾਲ ਨਾਲ ਜੋੜਿਆ। ਉਨ੍ਹਾਂ ਰਾਹੀਂ ਹੀ 'ਬੈਟਰੀ' ਅਤੇ 'ਕੰਡਕਟਰ' ਜਿਹੇ ਸ਼ਬਦ ਹੋਂਦ ਵਿੱਚ ਆਏ। 1753 ਵਿੱਚ, ਰਾਇਲ ਸੋਸਾਇਟੀ ਨੇ ਉਨ੍ਹਾਂ ਨੂੰ "ਬਿਜਲੀ ਸੰਬੰਧੀ ਉਤਸੁਕ ਪ੍ਰਯੋਗਾਂ ਅਤੇ ਨਿਰੀਖਣਾਂ" ਲਈ ਕੋਪਲੇ ਮੈਡਲ ਨਾਲ ਸਨਮਾਨਿਤ ਕੀਤਾ। ਹਾਲ ਹੀ ਦੇ ਸਾਲਾਂ ਵਿੱਚ, ਪਤੰਗਾਂ ਨੂੰ ਅਲੱਗ ਤਰੀਕੇ ਨਾਲ ਵਰਤਣ ਦੇ ਪ੍ਰੋਜੈਕਟ ਚੱਲ ਰਹੇ ਹਨ, ਜਿਸ ਨਾਲ ਪੌਣ ਊਰਜਾ ਨੂੰ ਬਿਜਲੀ ਵਿੱਚ ਬਦਲਿਆ ਜਾ ਰਿਹਾ ਹੈ। ਬੈਂਜਾਮਿਨ ਫਰੈਂਕਲਿਨ ਨੇ ਕਈ ਹੋਰ ਖੋਜਾਂ ਵੀ ਕੀਤੀਆਂ ਹਨ। ਉਹ ਇੱਕ ਵਿਗਿਆਨੀ, ਖੋਜੀ, ਡਿਪਲੋਮੈਟ, ਸਿਆਸਤਦਾਨ, ਪ੍ਰਿੰਟਰ, ਲੇਖਕ, ਪ੍ਰਕਾਸ਼ਕ ਅਤੇ ਪੱਤਰਕਾਰ ਵੀ ਸਨ।

ਬੈਂਜਾਮਿਨ ਫਰੈਂਕਲਿਨ, ਫਿਲਾਡੈਲਫੀਆ ਦੇ ਇੱਕ ਪ੍ਰਮੁੱਖ ਵਿਅਕਤੀ ਅਤੇ ਆਜ਼ਾਦੀ ਦੀ ਘੋਸ਼ਣਾ ਲਿਖਣ ਵਾਲੇ ਸੰਸਥਾਪਕਾਂ ਵਿਚੋਂ ਇੱਕ ਸਨ। ਉਨ੍ਹਾਂ ਨੇ ਇੰਨੀ ਸਰਗਰਮ ਭੂਮਿਕਾ ਨਿਭਾਈ ਕਿ ਅਕਸਰ (ਗਲਤੀ ਨਾਲ) ਉਹ 'ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ' ਅਖਵਾਉਂਦੇ ਹਨ। ਉਹ ਫਰਾਂਸ ਵਿੱਚ ਪਹਿਲੇ ਅਮਰੀਕੀ ਰਾਜਦੂਤ ਸਨ ਅਤੇ ਉਨ੍ਹਾਂ ਦੀ ਤਸਵੀਰ ਡਾਲਰਾਂ 'ਤੇ ਵੀ ਦੇਖੀ ਜਾ ਸਕਦੀ ਹੈ। ਬੈਂਜਾਮਿਨ ਨੇ ਵੀ ਆਪਣੇ ਸਮੇਂ ਵਿੱਚ ਕਈ ਕਾਢਾਂ ਕੱਢੀਆਂ, ਜਿਨ੍ਹਾਂ ਵਿੱਚੋਂ ਕੁੱਝ ਕ੍ਰਾਂਤੀਕਾਰੀ ਸਨ। ਹਾਲਾਂਕਿ, ਉਨ੍ਹਾਂ ਨੇ ਉਹ ਕਾਢਾਂ ਨੂੰ ਪੇਟੈਂਟ ਨਹੀਂ ਕਰਵਾਇਆ ਅਤੇ ਤੋਹਫ਼ੇ ਵਜੋਂ ਦੇ ਦਿੱਤੀਆਂ। ਇਹ ਗੱਲ ਉਨ੍ਹਾਂ ਨੇ ਆਪਣੀ ਆਤਮਕਥਾ ਵਿੱਚ ਇਹ ਸਪੱਸ਼ਟ ਕੀਤੀ ਹੈ। ਜਿਸ ਵਿੱਚ ਉਨ੍ਹਾਂ ਨੇ ਲਿਖਿਆ, "ਅਸੀਂ ਦੂਜਿਆਂ ਦੀ ਖੋਜ ਦਾ ਆਨੰਦ ਮਾਣਦੇ ਹਾਂ ਅਤੇ ਇਸ ਤੋਂ ਬਹੁਤ ਲਾਭ ਲੈਂਦੇ ਹਾਂ।"

"ਫਿਰ ਸਾਨੂੰ ਆਪਣੀਆਂ ਖੋਜਾਂ ਰਾਹੀਂ ਦੂਜਿਆਂ ਦੀ ਸੇਵਾ ਕਰਨ ਦਾ ਮੌਕਾ ਮਿਲਦਾ ਹੈ ਅਤੇ ਸਾਨੂੰ ਇਸਦਾ ਆਨੰਦ ਮਾਣਨਾ ਚਾਹੀਦਾ ਹੈ; ਸਾਨੂੰ ਅਜਿਹਾ ਖੁੱਲ੍ਹ ਕੇ ਅਤੇ ਉਦਾਰਤਾ ਨਾਲ ਕਰਨਾ ਚਾਹੀਦਾ ਹੈ।" ਪਹਿਲਾਂ ਲੱਕੜ ਦੇ ਘਰ ਬਿਜਲੀ ਡਿੱਗਣ 'ਤੇ ਸੜ ਜਾਂਦੇ ਸਨ। ਅਜਿਹਾ ਹੋਣ ਤੋਂ ਰੋਕਣ ਲਈ, ਉਨ੍ਹਾਂ ਨੇ ਇੱਕ ਧਾਤ ਦੇ ਖੰਭੇ 'ਤੇ ਇੱਕ ਰੌਡ ਬਣਾਈ ਜਿਹੜੀ ਕੇਬਲ ਨਾਲ ਜੁੜੀ ਸੀ, ਤਾਂ ਜੋ ਬਿਜਲੀ ਸੁਰੱਖਿਅਤ ਢੰਗ ਨਾਲ ਜ਼ਮੀਨ ਵਿੱਚ ਸਮਾ ਜਾਵੇ। ਅੱਜ ਲਗਭਗ ਹਰ ਵੱਡੀਆਂ ਅਤੇ ਉੱਚੀਆਂ ਇਮਾਰਤਾਂ ਵਿੱਚ ਇਸਦੀ ਵਰਤੋਂ ਕੀਤੀ ਜਾਂਦੀ ਹੈ।

ਪੱਛਮੀ ਦੇਸ਼ਾਂ ਵਿੱਚ, ਘਰ ਨੂੰ ਗਰਮ ਰੱਖਣ ਲਈ ਹੀਟਿੰਗ ਚਾਲੂ ਰੱਖੀ ਜਾਂਦੀ ਸੀ, ਪਰ ਇਸ ਨਾਲ ਗੰਭੀਰ ਹੀਟਸਟ੍ਰੋਕ ਹੋ ਸਕਦਾ ਹੈ ਅਤੇ ਘਰ ਵਿੱਚ ਅੱਗ ਲੱਗਣ ਦੀ ਸੰਭਾਵਨਾ ਹੋ ਸਕਦੀ ਹੈ। ਇਸ ਲਈ ਉਨ੍ਹਾਂ ਨੇ ਇੱਕ ਲੋਹੇ ਦਾ ਚੁੱਲ੍ਹਾ ਬਣਾਇਆ ਜੋ ਘੱਟ ਬਾਲਣ ਦੀ ਵਰਤੋਂ ਕਰਦਾ ਸੀ, ਘੱਟ ਪ੍ਰਦੂਸ਼ਣ ਫੈਲਾਉਂਦਾ ਸੀ ਅਤੇ ਅੱਗ ਲੱਗਣ ਦੇ ਖ਼ਤਰੇ ਨੂੰ ਵੀ ਘਟਾਉਂਦਾ ਸੀ। ਬੈਂਜਾਮਿਨ ਨੇ ਯੂਰਿਨਰ ਕੈਥਿਟਰ ਦੀ ਖੋਜ ਨਹੀਂ ਕੀਤੀ ਸੀ, ਪਰ ਜਦੋਂ ਉਸਦੇ ਵੱਡੇ ਭਰਾ ਜੌਨ ਨੂੰ ਪੱਥਰੀ ਹੋਈ, ਤਾਂ ਪਿਸ਼ਾਬ ਕੱਢਣ ਲਈ ਇੱਕ ਟਿਊਬ ਪਾਈ ਗਈ, ਜੋ ਕਿ ਬਹੁਤ ਤੰਗ ਸੀ। ਇਸ ਨਾਲ ਮਰੀਜ਼ਾਂ ਨੂੰ ਬਹੁਤ ਦਰਦ ਹੁੰਦਾ ਸੀ। ਉਸ ਨੇ ਇੱਕ ਸਥਾਨਕ ਸੋਨੀ ਕੰਪਨੀ ਨਾਲ ਮਿਲ ਕੇ ਇੱਕ ਲਚਕਦਾਰ ਟਿਊਬ ਬਣਾਈ ਅਤੇ ਆਪਣੇ ਭਰਾ ਨੂੰ ਭੇਜੀ ਅਤੇ ਨਾਲ ਹੀ ਇਸਨੂੰ ਵਰਤਣ ਦਾ ਤਰੀਕਾ ਵੀ ਦੱਸਿਆ। ਬੈਂਜਾਮਿਨ ਕੋਲ ਨੇੜੇ ਅਤੇ ਦੂਰ ਦੇਖਣ ਲਈ ਐਨਕ ਸੀ। ਉਸਨੂੰ ਪੜ੍ਹਨ ਲਈ ਆਪਣੀਆਂ ਐਨਕਾਂ ਅਕਸਰ ਬਦਲਣੀਆਂ ਪੈਂਦੀਆਂ ਸਨ। ਇਸ ਲਈ ਉਸਨੇ ਲੈਂਸਾਂ ਨੂੰ ਵਿਚੋਂ ਕੱਟ ਕੇ ਅੱਧਾ ਕਰ ਦਿੱਤਾ।

ਉਨ੍ਹਾਂ ਨੇ ਦੂਰੀ ਵਾਲੀਆਂ ਐਨਕਾਂ ਦੇ ਨੰਬਰ ਵਾਲੇ ਲੈਂਸ ਹੇਠਾਂ ਪੜ੍ਹਨ ਲਈ ਅਤੇ ਉੱਪਰ ਨੇੜੇ ਦੀਆਂ ਵਸਤੂਆਂ ਅਤੇ ਦੂਰ ਦੀਆਂ ਵਸਤੂਆਂ ਨੂੰ ਦੇਖਣ ਲਈ ਰੱਖੇ। ਹਾਲਾਂਕਿ, ਕੀ ਉਸਨੇ ਬਾਈਫੋਕਲ ਲੈਂਸ ਦੀ ਖੋਜ ਕੀਤੀ ਸੀ ਜਾਂ ਉਹ ਇਸਨੂੰ ਸ਼ੁਰੂਆਤ ਵਿੱਚ ਅਪਣਾਉਣ ਵਾਲੇ ਵਿਅਕਤੀਆਂ ਵਿੱਚੋਂ ਇੱਕ ਸੀ, ਇਹ ਪਿਛਲੇ ਕੁੱਝ ਸਾਲਾਂ ਤੋਂ ਬਹਿਸ ਦਾ ਵਿਸ਼ਾ ਰਿਹਾ ਹੈ। ਇਸ ਤੋਂ ਇਲਾਵਾ, ਇੱਕ ਲੰਬੀ ਬਾਂਹ ਵਾਲਾ, ਨਾ ਡੋਲਣ ਵਾਲਾ ਸੂਪ ਦਾ ਕਟੋਰਾ ਅਤੇ ਅਲਮਾਰੀਆਂ 'ਚੋਂ ਕਿਤਾਬਾਂ ਚੁੱਕਣ ਲਈ ਇੱਕ ਕੰਚ ਦੇ ਹਾਰਮੋਨਿਕਾ ਦੀ ਕਾਢ ਕੱਢੀ।

## ਅਮਰੀਕਾ ਤੋਂ ਬਾਅਦ ਯੂਰਪ 'ਚ ਫੈਲਿਆ ਚੀਨੀ ਨਸ਼ਿਆਂ ਦਾ ਜਾਲ

ਲੰਡਨ-ਚੀਨ ਤੋਂ ਆਉਣ ਵਾਲੇ 'ਕਾਲੇ ਕੈਮੀਕਲਜ਼' (Black Cheimcals) ਕਾਰਨ ਹੁਣ ਯੂਰਪ ਵਿੱਚ ਵੱਡੇ ਪੱਧਰ 'ਤੇ ਨਸ਼ਿਆਂ ਦਾ ਕਾਰੋਬਾਰ ਚੱਲ ਰਿਹਾ ਹੈ। ਇਸ ਤੋਂ ਪਹਿਲਾਂ ਅਮਰੀਕਾ ਚੀਨ ਦੇ ਨਿਸ਼ਾਨੇ 'ਤੇ ਸੀ, ਪਰ ਡੋਨਾਲਡ ਟਰੰਪ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਨਸ਼ਿਆਂ ਖ਼ਿਲਾਫ਼ ਸਖ਼ਤੀ ਵਧ ਗਈ ਹੈ। ਨਤੀਜੇ ਵਜੋਂ, ਹੁਣ ਇਹ ਕੈਮੀਕਲ ਵੱਡੀ ਮਾਤਰਾ ਵਿੱਚ ਯੂਰਪ ਵੱਲ ਮੋੜ ਦਿੱਤੇ ਗਏ ਹਨ। ਯੂਰੋਪੋਲ ਦੀ ਤਾਜ਼ਾ ਰਿਪੋਰਟ ਨੇ ਚੀਨ ਦੇ ਇਸ ਕਾਲੇ ਕਾਰਨਾਮੇ ਦਾ ਪਰਦਾਫਾਸ਼ ਕੀਤਾ ਹੈ। ਯੂਰਪ ਦੇ ਵੱਖ-ਵੱਖ ਦੇਸ਼ਾਂ ਵਿੱਚ ਛਾਪੇਮਾਰੀ ਦੌਰਾਨ 24 ਉਦਯੋਗਿਕ ਲੈਬਾਂ ਨੂੰ ਬੰਦ ਕੀਤਾ ਗਿਆ ਹੈ ਅਤੇ 1000 ਟਨ ਤੋਂ ਵੱਧ ਕੈਮੀਕਲ ਜ਼ਬਤ ਕੀਤਾ ਗਿਆ ਹੈ।

ਚੀਨ ਦੇ ਬਾਜ਼ਾਰਾਂ ਵਿੱਚ ਇਹ ਕੈਮੀਕਲ ਬਹੁਤ ਆਸਾਨੀ ਨਾਲ ਉਪਲਬਧ ਹਨ। ਉੱਥੇ ਨਸ਼ਿਆਂ ਦੇ ਕੈਮੀਕਲ ਦਾ ਕਾਰੋਬਾਰ ਇੰਨਾ ਵੱਡਾ ਹੈ ਕਿ ਇਸ 'ਤੇ ਲਗਾਮ ਲਗਾਉਣੀ ਲਗਪਗ ਅਸੰਭਵ ਜਾਪਦੀ ਹੈ। ਇਨ੍ਹਾਂ ਕੈਮੀਕਲਜ਼ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਯੂਰਪ ਸਪਲਾਈ ਕੀਤਾ ਜਾ ਰਿਹਾ ਹੈ।

ਜਾਣਕਾਰੀ ਅਨੁਸਾਰ, ਇਹ ਕੈਮੀਕਲ ਇਲੈਕਟ੍ਰਾਨਿਕ ਸਾਮਾਨ ਦੇ ਕੰਟੇਨਰਾਂ ਵਿੱਚ ਛੁਪਾ ਕੇ ਯੂਰਪ ਭੇਜੇ ਜਾਂਦੇ ਹਨ।

ਕਸਟਮ ਚੈਕਿੰਗ ਤੋਂ ਬਚਣ ਲਈ ਫਰਜ਼ੀ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਜਾਂਦੀ ਹੈ। ਯੂਰਪ ਪਹੁੰਚਣ ਤੋਂ ਬਾਅਦ, ਇਨ੍ਹਾਂ ਨੂੰ ਟ੍ਰੇਨਾਂ ਰਾਹੀਂ ਨੀਦਰਲੈਂਡ, ਬੈਲਜੀਅਮ, ਚੈੱਕ ਰਿਪਬਲਿਕ ਅਤੇ ਪੋਲੈਂਡ ਵਰਗੇ ਦੇਸ਼ਾਂ ਦੀਆਂ ਗੁਪਤ ਲੈਬਾਂ ਵਿੱਚ ਭੇਜਿਆ ਜਾਂਦਾ ਹੈ, ਜਿੱਥੇ ਇਨ੍ਹਾਂ ਤੋਂ ਨਸ਼ੇ ਤਿਆਰ ਕੀਤੇ ਜਾਂਦੇ ਹਨ।

**ਚੀਨੀ ਡਰੱਗਜ਼ ਦੀ ਯੂਰਪ 'ਚ ਕਰੋੜਾਂ ਦੀ ਮਾਰਕੀਟ**

ਯੂਰਪੀਅਨ ਡਰੱਗ ਏਜੰਸੀਆਂ ਮੁਤਾਬਕ, ਕਈ ਗੈਂਗ ਤਾਂ ਪੂਰੀਆਂ ਲੈਬਾਂ ਹੀ ਚੀਨ ਤੋਂ ਮੰਗਵਾ ਰਹੇ ਹਨ। ਵਰਤੋਂ: ਪਿਛਲੇ ਸਾਲ ਯੂਰਪ ਵਿੱਚ ਲਗਪਗ 2 ਕਰੋੜ ਲੋਕਾਂ ਨੇਂ ਧੰਓ ਡਰੱਗ ਦਾ ਸੇਵਨ ਕੀਤਾ। ਮਾਰਕੀਟ ਵੈਲਯੂ: ਯੂਰਪ ਵਿੱਚ 'ਮੈਥ' (Meth) ਤੇ 'ਐਕਸਟੇਸੀ' ਵਰਗੇ ਨਸ਼ਿਆਂ ਦੀ ਮਾਰਕੀਟ ਲਗਪਗ 1।5 ਅਰਬ ਪੌਂਡ (18,823 ਕਰੋੜ ਰੁਪਏ) ਦੱਸੀ ਜਾ ਰਹੀ ਹੈ। ਲੰਡਨ ਸਥਿਤ ਇੱਕ ਥਿੰਕ ਟੈਂਕ ਦਾ ਕਹਿਣਾ ਹੈ ਕਿ ਚੀਨੀ ਏਜੰਸੀਆਂ ਇਨ੍ਹਾਂ ਨੂੰ ਰੋਕਣ ਦੀ ਬਜਾਏ ਸ਼ਹਿ ਦੇ ਰਹੀਆਂ ਹਨ।


## 2026 IRS Cost of Living Adjustments (Retirement Limits)

| Plan / Category | 2026 | 2025 |
|---|---|---|
| IRA Contribution Limit | $7,500 | $7,000 |
| Catch Up (Age 50+) | $1,100 | $1,000 |
| Married Filing Jointly Phase Out | $129,000 – $149,000 | $126,000 – $146,000 |
| Single / Head of Household Phase Out | $81,000 – $91,000 | $79,000 – $89,000 |
| SEP Minimum Compensation | $800 | $750 |
| SEP Maximum Compensation | $360,000 | $350,000 |
| SIMPLE Maximum Contribution | $17,000 | $16,500 |
| SIMPLE Catch Up (50+) | $4,000 | $3,500 |
| 401(k) Employee Deferral | $24,500 | $23,500 |
| 401(k) Catch Up (50+) | $8,000 | $7,500 |
| Total Defined Contribution Limit | $72,000 | $70,000 |
| Highly Compensated Employee | $160,000 | $155,000 |
| Defined Benefit Plan Limit | $290,000 | $280,000 |
| 457 Plan Deferral | $24,500 | $23,500 |

### Advisor's Perspective

Higher limits mean greater tax savings, stronger retirement accumulation, and more effective long-term planning, especially for business owners and high earners who can now shelter more income more efficiently. Used properly, these increases can significantly improve retirement readiness over the next decade.

**Raj Budwal,**
**Investment Advisor**
**Cell 408-835-0202**

| Traditional IRA | Roth IRA |
|---|---|
| Contributions may be tax deductible | Contributions are not tax deductible |
| Funded with pre tax dollars | Funded with after tax dollars |
| Grows tax deferred | Grows tax free |
| Withdrawals are taxable in retirement | Qualified withdrawals are tax free |
| Required distributions start at age 73 | No required distributions during lifetime |
| Best when future tax rate is expected to be lower | Best when future tax rate is expected to be higher |

### Advisor's Perspective

Traditional IRAs represent the time tested approach of deferring taxes. Roth IRAs reflect forward planning by locking in tax free income. When combined thoughtfully, they provide balance, control, and long term stability.



**Raj Budwal,**
**Investment Advisor**
**Cell 408-835-0202**

# KACEES EXPRESS WASH

ਕਾਰਾਂ ਧੋਣ ਲਈ ਸਭ ਤੋਂ ਸਸਤਾ ਕਾਰ ਵਾਸ਼ ਸਟੇਸ਼ਨ




## Car wash and Gas station with Beverages




ਇਲਾਕੇ ਵਿਚ ਹੱਥ ਨਾਲ ਕਾਰਾਂ ਧੁਆਉਣ ਵਾਸਤੇ ਇਕੋ-ਇਕ ਸਰਵਿਸ ਸਟੇਸ਼ਨ, ਜੋ ਬਹੁਤ ਹੀ ਸਸਤੇ ਰੇਟਾਂ ਤੇ ਬਿਨਾਂ ਇੰਤਜ਼ਾਰ ਕੀਤਿਆਂ ਤੁਹਾਡੀ ਕਿਸੇ ਵੀ ਪ੍ਰਕਾਰ ਦੀ ਕਾਰ ਧੋ ਸਕਦੇ ਹਨ।









**Surjit Sanger**

**707-291-2901**

**2900 Hilltop Mall Rd, Richmond, CA 94806**






## ਇਕ ਵਾਰ ਜ਼ਰੂਰ ਆ ਕੇ ਕਾਰ ਧੁਆਓ ਜੀ

# ਤੁਹਾਨੂੰ ਡਰ ਕਿਉਂ ਲੱਗਦਾ ਹੈ

ਕੀ ਤੁਸੀਂ ਕਦੇ ਕਿਸੇ ਉਬਾਊ ਮੀਟਿੰਗ ਵਿੱਚ ਬੈਠੇ ਹੋਏ ਇਹ ਸੋਚਿਆ ਹੈ: "ਕੀ ਹੋਵੇਗਾ ਜੇ ਮੈਂ ਅਚਾਨਕ ਚੀਕਣਾ ਸ਼ੁਰੂ ਕਰ ਦੇਵਾਂ?" ਜਾਂ ਤੁਸੀਂ ਗੱਡੀ ਚਲਾ ਰਹੇ ਹੋਵੋ ਅਤੇ ਸੋਚੋ: "ਕੀ ਹੋਵੇਗਾ ਜੇ ਮੇਰੀ ਟੱਕਰ ਹੋ ਜਾਵੇ?"

ਇਨ੍ਹਾਂ ਪਰੇਸ਼ਾਨ ਕਰਨ ਵਾਲੇ ਵਿਚਾਰਾਂ ਨੂੰ "ਇੰਟਰੂਸਿਵ ਥਾਟਸ" (ਦਖ਼ਲਅੰਦਾਜ਼ੀ ਵਾਲੇ ਵਿਚਾਰ) ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਅਨੁਭਵ ਸਾਡੇ ਵਿੱਚੋਂ ਬਹੁਤੇ ਲੋਕ ਸਮੇਂ-ਸਮੇਂ 'ਤੇ ਕਰਦੇ ਹਨ ਅਤੇ ਕੁਝ ਲੋਕ ਤਾਂ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰਨ ਦੇ ਯੋਗ ਹੁੰਦੇ ਹਨ। ਪਰ ਕੁਝ ਅਜਿਹੇ ਵਿਚਾਰ ਹੁੰਦੇ ਹਨ ਜੋ ਤੁਹਾਨੂੰ ਅਜਿਹਾ ਕਰਨ ਲਈ ਮਜਬੂਰ ਕਰ ਦੇਣ ਜੋ ਤੁਸੀਂ ਬਿਲਕੁਲ ਵੀ ਨਹੀਂ ਕਰਨਾ ਚਾਹੁੰਦੇ। ਕੁਝ ਲੋਕਾਂ ਲਈ ਇਹ ਵਿਚਾਰ ਭਾਰੂ ਪੈ ਕੇ ਜਨੂੰਨ ਬਣ ਸਕਦੇ ਹਨ। ਜਿਸ ਕਾਰਨ ਉਹ ਮਜਬੂਰੀ ਵੱਸ ਅਜਿਹਾ ਵਿਹਾਰ ਕਰਦੇ ਹਨ ਜਿਸ ਉੱਤੇ ਉਨ੍ਹਾਂ ਦਾ ਕੋਈ ਕਾਬੂ ਨਹੀਂ ਹੁੰਦਾ (ਕੰਪਲਸਿਵ ਬੀਹੇਵੀਅਰਸ)। ਜਦੋਂ ਡਾ. ਨੀਨਾ ਹਿਗਸਨ-ਸਵੀਨੀ ਬੱਚੀ ਸੀ, ਤਾਂ ਉਨ੍ਹਾਂ ਨੂੰ ਪੂਰਾ



ਯਕੀਨ ਸੀ ਕਿ ਜਦੋਂ ਤੱਕ ਉਹ ਸਕੂਲ ਤੋਂ ਘਰ ਵਾਪਸ ਆਉਂਦੇ ਸਮੇਂ ਸਿਰਫ਼ "ਚੰਗੇ" ਵਿਚਾਰ ਨਹੀਂ ਰੱਖਣਗੇ ਤਾਂ ਉਸ ਦੇ ਪਰਿਵਾਰ ਨੂੰ ਨੁਕਸਾਨ ਪਹੁੰਚੇਗਾ।

ਉਹ ਕਹਿੰਦੇ ਹਨ, "ਜੇ ਮੇਰੇ ਮਨ ਵਿੱਚ ਕੋਈ ਅਜਿਹਾ ਵਿਚਾਰ ਆਉਂਦਾ, ਤਾਂ ਮੈਂ ਬੱਸ ਸਟਾਪ ਤੋਂ ਦੁਬਾਰਾ ਤੁਰਨਾ ਸ਼ੁਰੂ ਕਰ ਦਿੰਦੀ ਸੀ। ਮੈਂ ਸੱਚਮੁੱਚ ਡਰੀ ਹੋਈ ਸੀ ਕਿ ਜੇ ਮੈਂ ਅਜਿਹਾ ਨਾ ਕੀਤਾ ਅਤੇ ਕੁਝ ਹੋ ਗਿਆ, ਤਾਂ ਇਹ ਮੇਰੀ ਗਲਤੀ ਹੋਵੇਗੀ।" ਨੀਨਾ ਨੂੰ 10 ਸਾਲ ਦੀ ਉਮਰ ਵਿੱਚ ਬਸੈਸਿਵ ਕੰਪਲਸਿਵ ਡਿਸਆਰਡਰ ਹੋਣ ਦਾ ਪਤਾ ਲੱਗਾ ਸੀ ਅਤੇ ਹੁਣ ਉਹ ਯੂਕੇ ਦੀ ਆਕਸਫੋਰਡ ਯੂਨੀਵਰਸਿਟੀ ਵਿੱਚ ਮਨੋਵਿਗਿਆਨ ਖੋਜਕਰਤਾ ਵਜੋਂ ਕੰਮ ਕਰਦੇ ਹਨ਼, ਜਿੱਥੇ ਉਹ ਬੱਚਿਆਂ ਅਤੇ ਕਿਸ਼ੋਰਾਂ ਦੀ ਮਾਨਸਿਕ ਸਿਹਤ ਵਿੱਚ ਮਾਹਿਰ ਹੈ।

ਨੀਨਾ ਦੱਸਦੇ ਹਨ, "ਓਬਸੈਸ਼ਨ (ਜਨੂੰਨ) ਦਖ਼ਲਅੰਦਾਜ਼ੀ ਵਾਲੇ ਅਤੇ ਅਣਚਾਹੇ ਵਿਚਾਰ, ਭਾਵਨਾਵਾਂ ਅਤੇ ਅਹਿਸਾਸ ਹੁੰਦੇ ਹਨ, ਜਦੋਂ ਕਿ ਕੰਪਲਸ਼ਨ (ਮਜਬੂਰੀਆਂ) ਵਾਰ-ਵਾਰ ਕੀਤੀਆਂ ਜਾਣ ਵਾਲੀਆਂ ਰਸਮਾਂ ਵਾਂਗ ਕੀਤੇ ਜਾਣ ਵਾਲੇ ਕੰਮ ਹੁੰਦੇ ਹਨ ਜੋ ਜਨੂੰਨ ਕਾਰਨ ਹੋਣ ਵਾਲੀ ਚਿੰਤਾ ਨੂੰ ਖ਼ਤਮ ਕਰਨ ਜਾਂ ਘਟਾਉਣ ਲਈ ਕੀਤੇ ਜਾਂਦੇ ਹਨ।" ਦਖ਼ਲਅੰਦਾਜ਼ੀ ਵਾਲੇ ਵਿਚਾਰ ਬਹੁਤ ਜ਼ਿਆਦਾ ਦੁਖਦਾਈ ਹੋ ਸਕਦੇ ਹਨ ਅਤੇ ਅਕਸਰ ਅਜਿਹੇ ਵਿਸ਼ਿਆਂ 'ਤੇ ਦੁਆਲੇ ਘੁੰਮਦੇ ਹੁੰਦੇ ਹਨ ਜੋ ਵਿਅਕਤੀ ਦੀਆਂ ਕਦਰਾਂ-ਕੀਮਤਾਂ ਜਾਂ ਪਛਾਣ ਤੋਂ ਬਿਲਕੁਲ ਉਲਟ ਹੁੰਦੇ ਹਨ।

ਨੀਨਾ ਕਹਿੰਦੀ ਹੈ, "ਤੁਹਾਨੂੰ ਆਪਣੇ ਪਿਆਰਿਆਂ ਨੂੰ ਨੁਕਸਾਨ ਪਹੁੰਚਣ ਦੇ ਵਿਚਾਰ ਆ ਸਕਦੇ ਹਨ।" "ਇਹ ਕਿਸੇ ਦੀ ਜਿਨਸੀ ਖਿੱਚ ਬਾਰੇ ਸਵਾਲ ਹੋ ਸਕਦਾ ਹੈ, ਇਹ ਸੋਚਣਾ ਕਿ ਕੀ ਤੁਸੀਂ ਸਮਲਿੰਗੀ ਹੋ? ਕੀ ਤੁਸੀਂ ਵਿਪਰੀਤ ਲਿੰਗੀ ਹੋ? ਇਹ ਇੰਨਾ ਗੰਭੀਰ ਵੀ ਹੋ ਸਕਦਾ ਹੈ ਕਿ ਤੁਸੀਂ ਇਸ ਗੱਲ ਦੀ ਚਿੰਤਾ ਕਰੋ ਕਿ ਕੀ ਤੁਸੀਂ ਬੱਚਿਆਂ ਦਾ ਜਿਨਸੀ ਸੋਸ਼ਣ ਤਾਂ ਨਹੀਂ ਕਰਦੇ?" ਉਹ ਕਹਿੰਦੇ ਹਨ, "ਇੱਕ ਬਹੁਤ ਹੀ ਆਮ ਗੱਲ ਗੰਦਗੀ ਬਾਰੇ ਵਿਚਾਰ ਅਤੇ ਬਿਮਾਰ ਹੋਣ ਜਾਂ ਬਿਮਾਰੀ ਫੈਲਾਉਣ ਬਾਰੇ ਚਿੰਤਾਵਾਂ ਹਨ।" ਉਹ ਕਹਿੰਦੇ ਹਨ ਕਿ ਸੀਡੀ ਆਮ ਤੌਰ 'ਤੇ ਜਵਾਨੀ ਜਾਂ ਸ਼ੁਰੂਆਤੀ ਕਿਸ਼ੋਰ ਅਵਸਥਾ ਵਿੱਚ ਸ਼ੁਰੂ ਹੁੰਦਾ ਹੈ, ਪਰ ਕੁਝ ਲੋਕਾਂ ਵਿੱਚ ਇਸ ਦਾ ਪਤਾ ਬਾਅਦ ਵਿੱਚ ਲੱਗਦਾ ਹੈ ਕਿਉਂਕਿ ਉਹ "ਕਈ ਸਾਲਾਂ ਤੱਕ ਇਸ ਤਕਲੀਫ ਨੂੰ ਲੁਕਾ ਕੇ ਜਾਂ ਢੱਕ ਕੇ ਰੱਖ ਸਕਦੇ ਹਨ।" ਖੋਜ ਸੁਝਾਅ ਦਿੰਦੀ ਹੈ ਕਿ ਸੀਡੀ ਦੇ ਵਿਕਾਸ ਵਿੱਚ ਜੈਨੇਟਿਕ ਕਾਰਨ ਹੋ ਸਕਦੇ ਹਨ ਅਤੇ ਨਾਲ ਹੀ ਸ਼ੁਰੂਆਤੀ ਜੀਵਨ ਦੇ ਤਣਾਅ ਜਿਵੇਂ ਕਿ ਧੌਂਸਬਾਜ਼ੀ ਸਹਿਣਾ, ਕਿਸੇ ਦੀ ਮੌਤ ਜਾਂ ਪਰਿਵਾਰ ਦੇ ਟੁੱਟਣ ਨਾਲ ਵੀ ਸਬੰਧ ਹੋ ਸਕਦੇ ਹਨ। ਚਾਰਟਰਡ ਮਨੋਵਿਗਿਆਨੀ ਕਿੰਬਰਲੇ ਵਿਲਸਨ ਦਾ ਕਹਿਣਾ ਹੈ ਕਿ ਲਗਭਗ ਹਰ ਕੋਈ ਕਿਸੇ ਨਾ ਕਿਸੇ ਮੋੜ 'ਤੇ ਅਜਿਹੇ ਦਖ਼ਲਅੰਦਾਜ਼ੀ ਵਾਲੇ ਵਿਚਾਰਾਂ ਦਾ ਅਨੁਭਵ ਕਰਦਾ ਹੈ। ਉਹ ਦੱਸਦੇ ਹਨ, "ਖੋਜ ਮੁਤਾਬਕ ਸਾਡੇ ਵਿੱਚੋਂ ਲਗਭਗ 80% ਲੋਕਾਂ ਨੂੰ ਇਹ ਵਿਚਾਰ ਆਉਂਦੇ ਹਨ।" ਜ਼ਿਆਦਾਤਰ ਲੋਕਾਂ ਕੋਲੋਂ, ਇਹ ਵਿਚਾਰ ਜਲਦੀ ਲੰਘ ਜਾਂਦੇ ਹਨ। ਉਹ ਕਹਿੰਦੇ ਹਨ, "ਅਸੀਂ ਉਨ੍ਹਾਂ ਵਿਚਾਰਾਂ ਵੱਲ ਦੇਖ ਸਕਦੇ ਹਾਂ, ਸੋਚ ਸਕਦੇ ਹਾਂ ਕਿ ਉਹ ਅਜੀਬ ਹਨ, ਅਤੇ ਉਨ੍ਹਾਂ ਨੂੰ ਪਾਸੇ ਰੱਖ ਸਕਦੇ ਹਾਂ।"

ਉਨ੍ਹਾਂ ਦਾ ਕਹਿਣਾ ਹੈ ਕਿ ਜੇ ਤੁਸੀਂ ਉਨ੍ਹਾਂ ਵਿਚਾਰਾਂ ਨੂੰ ਖਾਰਜ ਕਰਨ ਵਿੱਚ ਅਸਮਰੱਥ ਹੋ, ਤਾਂ ਤੁਹਾਨੂੰ ਮਦਦ ਲੈਣ ਦੀ ਲੋੜ ਹੋ ਸਕਦੀ ਹੈ। " ਸੀਡੀ ਨਾਲ ਸਬੰਧਤ ਵਿਚਾਰ ਲੰਘਦੇ ਨਹੀਂ ਹਨ, ਉਹ ਆਪਣਾ ਪੱਕਾ ਡੇਰਾ ਜਮਾ ਲੈਂਦੇ ਹਨ ਅਤੇ ਉਹ ਕਦੇ ਵੀ ਹਾਂਮੁਖੀ ਨਹੀਂ ਹੁੰਦੇ - ਉਹ ਹਮਲਾਵਰ, ਦੁਸ਼ਮਣੀ ਭਰੇ ਹੁੰਦੇ ਹਨ ਅਤੇ ਉਨ੍ਹਾਂ ਨਾਲ ਨਜਿੱਠਣਾ ਸੌਖਾ ਨਹੀਂ ਹੁੰਦਾ। ਇਹ ਉਦੋਂ ਹੁੰਦਾ ਹੈ ਜਦੋਂ ਇਹ ਪੂਰੀ ਤਰ੍ਹਾਂ ਹਾਵੀ ਹੋ ਜਾਂਦੇ ਹਨ ਅਤੇ ਮਜਬੂਰੀਆਂ ਵੱਲ ਲੈ ਜਾਂਦੇ ਹਨ।" ਕੰਪਲਸ਼ਨ (ਮਜਬੂਰੀ) ਦੇ ਲੱਛਣ ਮਾਨਸਿਕ ਹੋ ਸਕਦੇ ਹਨ, ਜਿਵੇਂ ਕਿ ਕਿਸੇ ਖਾਸ ਨੰਬਰ ਤੱਕ ਗਿਣਨਾ, ਜਾਂ ਦਿਖਾਈ ਦੇਣ ਵਾਲੇ, ਜਿਵੇਂ ਕਿ ਕਾਰ ਦੇ ਟਾਇਰਾਂ ਨੂੰ ਵਾਰ-ਵਾਰ ਚੈੱਕ ਕਰਨਾ ਭਾਵੇਂ ਤੁਸੀਂ ਜਾਣਦੇ ਹੋਵੋ ਕਿ ਉਹ ਠੀਕ ਹਨ।

### ਓਸੀਡੀ ਲਈ ਉਪਾਅ

ਨੀਨਾ ਕਹਿੰਦੇ ਹਨ ਕਿ ਇਨ੍ਹਾਂ ਮਾਮਲਿਆਂ ਵਿੱਚ "ਕੋਈ ਪੇਸ਼ੇਵਰ ਜਾਂ ਮਾਹਰ ਇਹ ਤੈਅ ਕਰ ਸਕਦਾ ਹੈ ਕਿ ਤੁਹਾਡੇ ਲਈ ਸਭ ਤੋਂ ਵਧੀਆ ਕੀ ਹੈ।" ਪੇਸ਼ੇਵਰ ਮਦਦ ਦੇ ਨਾਲ-ਨਾਲ, ਨੀਨਾ ਕਹਿੰਦੇ ਹਨ ਕਿ ਅਜਿਹੀਆਂ ਤਕਨੀਕਾਂ ਹਨ ਜਿਨ੍ਹਾਂ ਦੀ ਵਰਤੋਂ ਲੋਕ ਰੋਜ਼ਾਨਾ ਪ੍ਰੇਸ਼ਾਨੀ ਨੂੰ ਘਟਾਉਣ ਲਈ ਕਰ ਸਕਦੇ ਹਨ। ਇੱਕ ਤਕਨੀਕ ਹੈ ਵਿਚਾਰਾਂ ਦੀ ਪਛਾਣ ਕਰਨਾ ਸਿੱਖਣਾ। ਉਹ ਦੱਸਦੀ ਹੈ, "'ਮੈਨੂੰ ਇੱਕ ਦਖ਼ਲਅੰਦਾਜ਼ੀ ਵਾਲਾ ਵਿਚਾਰ ਆ ਰਿਹਾ ਹੈ' ਨੂੰ ਪਛਾਣਨਾ ਇੱਕ ਦੂਰੀ ਬਣਾਉਂਦਾ ਹੈ ਅਤੇ ਮੈਨੂੰ ਯਾਦ ਦਿਵਾਉਂਦਾ ਹੈ ਕਿ ਇਹ ਮੈਂ ਨਹੀਂ ਹਾਂ।" ਕੁਝ ਲੋਕਾਂ ਨੂੰ ਸੀਡੀ ਇੱਕ ਵੱਖਰੀ ਚੀਜ਼ ਵਜੋਂ ਦੇਖਣਾ ਵੀ ਮਦਦਗਾਰ ਲੱਗਦਾ ਹੈ। " ਸੀਡੀ ਕਿਸ ਤਰ੍ਹਾਂ ਦਾ ਹੈ, ਇਸ ਨੂੰ ਸਮਝਣਾ ਵੀ ਮਦਦ ਕਰ ਸਕਦਾ ਹੈ - ਇੱਕ ਮੈਂ ਹਾਂ ਅਤੇ ਦੂਜਾ ਸੀਡੀ ਹੈ, ਅਤੇ ਇਹ ਦੋਵੇਂ ਵੱਖ-ਵੱਖ ਚੀਜ਼ਾਂ ਹਨ।" ਆਪਣਾ ਧਿਆਨ ਰੱਖਣਾ ਵੀ ਮਾਇਨੇ ਰੱਖਦਾ ਹੈ। ਉਹ ਕਹਿੰਦੇ ਹਨ, "ਚੰਗਾ ਖਾਣਾ, ਆਰਾਮ ਕਰਨਾ ਅਤੇ ਸਰੀਰਕ ਸਰਗਰਮੀ ਮਦਦ ਕਰ ਸਕਦੀ ਹੈ ਕਿਉਂਕਿ ਜਦੋਂ ਮੈਂ ਤਣਾਅ ਵਿੱਚ ਹੁੰਦੀ ਹਾਂ ਅਤੇ ਆਪਣੀ ਦੇਖਭਾਲ ਨਹੀਂ ਕਰ ਰਹੀ ਹੁੰਦੀ ਤਾਂ ਮੇਰਾ ਸੀਡੀ ਹਮੇਸ਼ਾ ਵਿਗੜ ਜਾਂਦਾ ਹੈ।" ਅੱਜ, ਨੀਨਾ ਅਜੇ ਵੀ ਸੀਡੀ ਨਾਲ ਜਿਉਂ ਰਹੇ ਹਨ ਪਰ ਉਨ੍ਹਾਂ ਨੇ ਇਸ ਨੂੰ ਕਾਬੂ ਕਰਨਾ ਸਿੱਖ ਲਿਆ ਹੈ। "ਮੈਂ ਕਦੇ ਵੀ ਸੀਡੀ ਉੱਤੇ ਪੂਰੀ ਤਰ੍ਹਾਂ ਕਾਠੀ ਨਹੀਂ ਪਾ ਸਕੀ, ਪਰ ਮੈਂ ਇਸ ਦੇ ਬਾਵਜੂਦ ਆਪਣਾ ਕੰਮ ਕਰ ਸਕਦੀ ਹਾਂ। ਹੁਣ ਮੈਨੂੰ ਹਲਕੇ ਦਖ਼ਲਅੰਦਾਜ਼ੀ ਵਾਲੇ ਵਿਚਾਰ ਆਉਂਦੇ ਹਨ ਅਤੇ ਮੈਨੂੰ ਇਸ ਗੱਲ ਦੀ ਕਾਫ਼ੀ ਸਮਝ ਹੈ ਕਿ ਮੈਂ ਇਸ ਨੂੰ ਕਿਵੇਂ ਸੰਭਾਲਣਾ ਹੈ। ਹਾਲਾਂਕਿ, ਜਦੋਂ ਮੈਂ ਤਣਾਅ ਵਿੱਚ ਹੁੰਦੀ ਹਾਂ, ਤਾਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨਾ ਔਖਾ ਹੁੰਦਾ ਹੈ ਅਤੇ ਇਹ ਅਜੇ ਵੀ ਮਜਬੂਰੀਆਂ ਦਾ ਕਾਰਨ ਬਣ ਸਕਦੇ ਹਨ।"

# ਖੇਤਾਂ ਨੂੰ ਗਏ ਸੀ ਪਹੁੰਚ ਗਏ ਪਾਕਿਸਤਾਨ ਦੀਆਂ ਜੇਲ੍ਹਾਂ 'ਚ

23 ਸਾਲਾ ਅਮ੍ਰਿਤਪਾਲ ਸਿੰਘ ਪਿਛਲੇ ਸਾਲ ਦੀ 21 ਜੂਨ ਨੂੰ ਘਰੋਂ ਆਪਣੇ ਖੇਤਾਂ ਨੂੰ ਗਿਆ ਸੀ। ਉਹ ਅਣਜਾਣ ਸੀ ਕਿ ਉਸ ਦਾ ਹੁਣ ਆਪਣੇ ਘਰ ਵਾਪਸ ਮੁੜਨਾ ਹੀ ਸੁਪਨਾ ਹੋ ਜਾਵੇਗਾ। ਪਰਿਵਾਰ ਪਿਛਲੇ ਸੱਤ ਮਹੀਨਿਆਂ ਤੋਂ ਪਾਕਿਸਤਾਨ ਦੀ ਜੇਲ੍ਹ ਵਿੱਚ ਬੰਦ ਅਮ੍ਰਿਤਪਾਲ ਦੀ ਘਰ ਵਾਪਸੀ ਦਾ ਇੰਤਜ਼ਾਰ ਕਰ ਰਿਹਾ ਹੈ। ਪਰ ਉਡੀਕ ਲੰਬੀ ਹੁੰਦੀ ਜਾ ਰਹੀ ਹੈ। ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਖੈਰੇ ਕੇ ਉਤਾੜ ਦਾ ਵਾਸੀ ਅਮ੍ਰਿਤਪਾਲ ਸਿੰਘ ਭਾਰਤ-ਪਾਕਿਸਤਾਨ ਸਰਹੱਦ ਦੇ ਬਿਲਕੁਲ ਨੇੜੇ ਸਥਿਤ ਆਪਣੇ ਖੇਤ ਕੰਮ ਕਰਨ ਵਾਸਤੇ ਗਿਆ ਸੀ ਅਤੇ ਗਲਤੀ ਨਾਲ ਪਾਕਿਸਤਾਨ ਵਿੱਚ ਦਾਖ਼ਲ ਹੋ ਗਿਆ ਸੀ। ਉਸ ਦਿਨ ਤੋਂ ਹੀ ਉਹ ਪਾਕਿਸਤਾਨ ਦੀ ਜੇਲ੍ਹ ਵਿੱਚ ਬੰਦ ਹੈ।



ਇਹ ਕਹਾਣੀ ਇਕੱਲੇ ਅਮ੍ਰਿਤਪਾਲ ਸਿੰਘ ਦੀ ਨਹੀਂ ਹੈ। ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਹਸਤੇ ਕੇ ਦਾ ਨੌਜਵਾਨ ਹਰਪ੍ਰੀਤ ਸਿੰਘ ਵੀ ਅਗਸਤ 2023 ਵਿੱਚ ਗਲਤੀ ਨਾਲ ਸਰਹੱਦ ਪਾਰ ਕਰ ਗਿਆ ਸੀ। ਉਹ ਪਾਕਿਸਤਾਨ ਪੰਜਾਬ ਦੀ ਜੇਲ੍ਹ ਵਿੱਚ ਬੰਦ ਹੈ। ਪਾਕਿਸਤਾਨ ਦੀਆਂ ਜੇਲ੍ਹਾਂ ਵਿੱਚ ਬੰਦ ਇਨ੍ਹਾਂ ਪੰਜਾਬੀ ਨੌਜਵਾਨਾਂ ਦੇ ਮਾਪੇ ਰੋਜ਼ਾਨਾ ਉਨ੍ਹਾਂ ਦੇ ਘਰ ਵਾਪਸ ਆਉਣ ਦੀ ਉਮੀਦ ਲਗਾਉਂਦੇ ਹਨ, ਜੋ ਫਿਲਹਾਲ ਪੂਰੀ ਨਹੀਂ ਹੋਈ। ਦੋਵਾਂ ਨੌਜਵਾਨਾਂ ਨੂੰ ਪਾਕਿਸਤਾਨ ਸਰਹੱਦ ਅੰਦਰ ਗ਼ੈਰ ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਣ ਕਰਕੇ ਸਜ਼ਾਵਾਂ ਸੁਣਾਈਆਂ ਗਈਆਂ ਸਨ। ਉਨ੍ਹਾਂ ਨੇ ਇਹ ਸਜ਼ਾਵਾਂ ਭੁਗਤ ਲਈਆਂ ਹਨ। ਸਜ਼ਾਵਾਂ ਭੁਗਤਣ ਦੇ ਕਈ ਮਹੀਨਿਆਂ ਬਾਅਦ ਵੀ ਨੌਜਵਾਨਾਂ ਨੂੰ ਡਿਪੋਰਟ ਨਹੀਂ ਕੀਤਾ ਗਿਆ। ਨੌਜਵਾਨਾਂ ਦੇ ਪਰਿਵਾਰਕ ਮੈਂਬਰ ਉਨ੍ਹਾਂ ਦੀਆਂ ਫ਼ਿਕਰਾਂ ਵਿੱਚ ਡੁੱਬੇ ਹੋਏ ਹਨ।

### ਪਾਕਿਸਤਾਨ 'ਚ ਕਿੰਨੇ ਭਾਰਤੀ ਬੰਦ ਹਨ?

ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਵੱਲੋਂ ਇੱਕ ਸੂਚੀ ਸਾਂਝੀ ਕੀਤੀ ਗਈ ਹੈ, ਜਿਸ ਮੁਤਾਬਕ 257 ਭਾਰਤੀ ਨਾਗਰਿਕ ਪਾਕਿਸਤਾਨ ਦੀ ਕੈਦ ਵਿੱਚ ਹਨ। ਇਨ੍ਹਾਂ ਵਿੱਚੋਂ 58 ਆਮ ਸ਼ਹਿਰੀ ਹਨ ਅਤੇ ਬਾਕੀ ਮਛੇਰੇ ਹਨ। ਇਹ ਪਾਕਿਸਤਾਨ ਕਿਵੇਂ ਪਹੁੰਚੇ ਇਸ ਸਵਾਲ ਦੇ ਜਵਾਬ ਵਿੱਚ ਅਮ੍ਰਿਤਪਾਲ ਸਿੰਘ ਦੇ ਪਿਤਾ ਜੁਗਰਾਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤ ਬਾਕੀ ਕਿਸਾਨਾਂ ਵਾਂਗ ਰੋਜ਼ਾਨਾ ਭਾਰਤ ਵਾਲੇ ਪਾਸੇ ਦੇ ਫੈਂਸਿੰਗ ਗੇਟ ਰਾਹੀਂ ਆਪਣੀ ਖੇਤੀ ਵਾਲੀ ਜ਼ਮੀਨ 'ਤੇ ਕੰਮ ਕਰਨ ਜਾਂਦਾ ਸੀ। 21 ਜੂਨ ਦੀ ਦੁਪਹਿਰ ਨੂੰ ਵੀ ਉਹ ਖੇਤਾਂ ਵੱਲ ਗਿਆ ਸੀ ਅਤੇ ਅਣਜਾਣੇ ਵਿੱਚ ਪਾਕਿਸਤਾਨ ਦੀ ਸਰਹੱਦ ਪਾਰ ਕਰ ਗਿਆ। ਉਸ ਨੂੰ ਪਾਕਿਸਤਾਨ ਰੇਂਜਰਜ਼ ਨੇ ਫੜ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ। ਇਸ ਮਗਰੋਂ ਕਸੂਰ ਜ਼ਿਲ੍ਹੇ ਦੇ ਕੰਗਨਪੁਰ ਥਾਣੇ ਵਿੱਚ ਉਸ ਦੇ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਗਈ। ਹਰਪ੍ਰੀਤ ਸਿੰਘ ਦੇ ਪਿਤਾ ਜੋਗਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਹੁਸੈਨੀ ਵਾਲਾ ਵਿੱਚ ਸਥਿਤ ਭਾਰਤ-ਪਾਕਿਸਤਾਨ ਦੀ ਅੰਤਰ-ਰਾਸ਼ਟਰੀ ਸਰਹੱਦ ਦੇ ਨੇੜ੍ਹੇ ਠੇਕੇ 'ਤੇ ਜ਼ਮੀਨ ਲਈ ਸੀ ਅਤੇ ਹਰਪ੍ਰੀਤ ਸਿੰਘ ਖੇਤੀਬਾੜੀ ਦੇ ਕੰਮ ਲਈ ਜ਼ਮੀਨ 'ਤੇ ਜਾਂਦਾ ਸੀ। "21 ਅਗਸਤ ਨੂੰ ਮੇਰਾ ਪੁੱਤਰ ਹਰਪ੍ਰੀਤ ਸਿੰਘ ਪਸ਼ੂਆਂ ਲਈ ਹਰਾ ਚਾਰਾ ਕੱਟਣ ਲਈ ਘਰੋਂ ਖੇਤ ਗਏ ਸੀ। ਪਰ ਉਹ ਘਰ ਵਾਪਸ ਨਹੀਂ ਆਏ। ਮੈਂ ਰਿਸ਼ਤੇਦਾਰਾਂ ਅਤੇ ਪੁੱਤਰ ਦੇ ਦੋਸਤਾਂ ਤੋਂ ਉਸ ਬਾਰੇ ਪੁੱਛਗਿੱਛ ਕੀਤੀ। ਪਰ ਮੇਰੇ ਪੁੱਤਰ ਬਾਰੇ ਜਾਣਕਾਰੀ ਨਹੀਂ ਮਿਲੀ।" "ਮਗਰੋਂ ਮੈਨੂੰ ਪਤਾ ਲੱਗਿਆ ਕਿ ਮੇਰੇ ਪੁੱਤਰ ਨੂੰ ਪਾਕਿਸਤਾਨ ਰੇਂਜਰਾਂ ਨੇ ਫੜ ਲਿਆ ਸੀ। ਉਨ੍ਹਾਂ 'ਤੇ ਕਸੂਰ ਜ਼ਿਲ੍ਹੇ ਦੇ ਗੰਡਾ ਸਿੰਘ ਵਾਲਾ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਸੀ।" ਉਹ ਕਹਿੰਦੇ ਹਨ ਕਿ ਉਨ੍ਹਾਂ ਦਾ ਪੁੱਤਰ ਖੇਤਾਂ ਕੋਲ ਲੰਘਦੇ ਸਤਲੁਜ ਦਰਿਆ ਵਿੱਚ ਡਿੱਗ ਗਿਆ ਸੀ ਅਤੇ ਰੁੜ੍ਹ ਕੇ ਪਾਕਿਸਤਾਨ ਚਲਾ ਗਿਆ। ਜੁਗਰਾਜ ਸਿੰਘ ਨੇ ਦੱਸਿਆ ਕਿ ਚੁਨਿਆਨ ਦੇ ਇੱਕ ਸਿਵਲ ਜੱਜ ਦੀ ਅਦਾਲਤ ਨੇ 28 ਜੁਲਾਈ ਨੂੰ ਅਮ੍ਰਿਤਪਾਲ ਸਿੰਘ ਨੂੰ ਪਾਕਿਸਤਾਨ (ਕੰਟਰੋਲ ਆਫ਼ ਐਂਟਰੀ) ਐਕਟ 1952 ਦੀ ਧਾਰਾ 4 ਅਤੇ ਫ਼ੋਰਿਨਰ ਐਕਟ 1946 ਦੀ ਧਾਰਾ 14 ਅਧੀਨ ਦੋਸ਼ੀ ਕਰਾਰ ਦਿੱਤਾ ਸੀ। ਉਸ ਨੂੰ ਇੱਕ ਮਹੀਨੇ ਦੀ ਸਜ਼ਾ ਸੁਣਾਈ ਗਈ ਸੀ। ਇਸ ਤੋਂ ਇਲਾਵਾ 1 ਲੱਖ ਦਾ ਜ਼ੁਰਮਾਨਾ ਵੀ ਕੀਤਾ ਗਿਆ ਸੀ। ਉਹ ਕਹਿੰਦੇ ਹਨ ਜੁਰਮਾਨਾ ਨਾ ਭਰਨ ਕਰਕੇ ਉਸ ਦੇ ਪੁੱਤਰ ਨੇ ਵੱਧ ਸਜ਼ਾ ਕੱਟੀ ਸੀ। 25 ਸਤੰਬਰ ਨੂੰ ਉਸ ਦੀ ਸਾਰੀ ਸਜ਼ਾ ਪੂਰੀ ਹੋ ਗਈ ਸੀ। ਮਗਰੋਂ ਪਾਕਿਸਤਾਨ ਸਰਕਾਰ ਨੇ 26 ਦਸੰਬਰ ਤੱਕ ਤਿੰਨ ਮਹੀਨੇ ਲਈ ਇੰਟਰਨਮੈਂਟ (ਨਜ਼ਰਬੰਦੀ) ਦੇ ਹੁਕਮ ਜਾਰੀ ਕਰ ਦਿੱਤੇ ਅਤੇ ਉਸ ਨੂੰ ਜੇਲ੍ਹ ਵਿੱਚ ਇੰਟਰਨੀ ਵਜੋਂ ਰੱਖਿਆ ਗਿਆ। ਇੰਟਰਨਮੈਂਟ ਦਾ ਮਤਲਬ ਹੈ ਕਿਸੇ ਵਿਅਕਤੀ ਨੂੰ ਮੁੱਖ ਤੌਰ 'ਤੇ ਰਾਜਨੀਤਿਕ ਜਾਂ ਸੈਨਿਕ ਕਾਰਨਾਂ ਕਰਕੇ ਕੈਦੀ ਵਜੋਂ ਨਜ਼ਰਬੰਦ ਕਰਨਾ। ਜੁਗਰਾਜ ਨੇ ਆਪਣੇ ਪੁੱਤਰ ਲਈ ਕਾਨੂੰਨੀ ਲੜਾਈ ਲੜਨ ਵਾਸਤੇ ਪਾਕਿਸਤਾਨ ਵਿੱਚ ਇੱਕ ਨਿੱਜੀ ਵਕੀਲ ਵੀ ਕੀਤਾ ਹੋਇਆ ਹੈ। ਹਰਪ੍ਰੀਤ ਸਿੰਘ ਦੇ ਪਰਿਵਾਰ ਮੁਤਾਬਕ ਉਹ ਵੀ ਆਪਣੀ ਸਜ਼ਾ ਭੁਗਤ ਚੁੱਕੇ ਹਨ। ਉਨ੍ਹਾਂ ਦੇ ਪਿਤਾ ਜੋਗਿੰਦਰ ਸਿੰਘ ਕਹਿੰਦੇ ਹਨ, "ਹਰਪ੍ਰੀਤ ਸਿੰਘ ਨੂੰ 1 ਮਹੀਨੇ ਦੀ ਕੈਦ ਅਤੇ 3000/- ਰੁਪਏ ਜੁਰਮਾਨਾ ਕੀਤਾ ਗਿਆ ਸੀ। ਮੇਰੇ ਪੁੱਤਰ ਨੇ ਆਪਣੀ ਸਜ਼ਾ ਪੂਰੀ ਕਰ ਲਈ ਹੈ ਅਤੇ ਉਸ ਨੇ ਅਦਾਲਤ ਵਿੱਚ ਜੁਰਮਾਨਾ ਵੀ ਭਰ ਦਿੱਤਾ ਸੀ।"

ਜੋਗਿੰਦਰ ਸਿੰਘ ਕਹਿੰਦੇ ਹਨ ਕਿ ਉਨ੍ਹਾਂ ਨੇ ਕੋਈ ਵੀ ਨਿੱਜੀ ਵਕੀਲ ਨਹੀਂ ਕੀਤਾ ਸੀ। ਪਾਕਿਸਤਾਨ ਦੇ ਸਰਕਾਰੀ ਵਕੀਲ ਨੇ ਹੀ ਅਦਾਲਤ ਵਿੱਚ ਉਨ੍ਹਾਂ ਦੇ ਪੁੱਤ ਦਾ ਪੱਖ ਪੇਸ਼ ਕੀਤਾ ਸੀ। ਹਰਪ੍ਰੀਤ ਸਿੰਘ 16 ਮਹੀਨਿਆਂ ਤੋਂ ਜਦਕਿ ਅਮ੍ਰਿਤਪਾਲ 5 ਮਹੀਨਿਆਂ ਤੋਂ ਪਾਕਿਸਤਾਨ ਵਿੱਚ ਕੈਦ ਹੈ। ਹਰਪ੍ਰੀਤ ਸਿੰਘ ਦੇ ਪਰਿਵਾਰ ਵਿੱਚ ਉਨ੍ਹਾਂ ਦੀ ਪਤਨੀ, ਦੋ ਬੱਚੇ ਅਤੇ ਬਜ਼ੁਰਗ ਮਾਤਾ-ਪਿਤਾ ਹਨ। ਉਨ੍ਹਾਂ ਦਾ ਭਰਾ ਵੀ ਪਰਿਵਾਰ ਨਾਲ ਰਹਿੰਦਾ ਹੈ। ਅਮ੍ਰਿਤਪਾਲ ਸਿੰਘ ਦੇ

(ਬਾਕੀ ਸਫਾ 10 'ਤੇ)

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days Weekends/Evenings (Year Round Service) Resonalbe Rates Call for Appointment
CTEC California Tax Education Council Registered Tax Preparer

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39111 Paseo Padre Pkwy , suite 201 C, Fremont, CA 94538
Email:singhrpal@sbeglobal.net Singhtax.com

# ਅਮਰੀਕਾ-ਯੂਰਪ ਟਕਰਾਅ ਦੇ ਰਾਹ ਕਿਉਂ ਪਏ



ਮੁਖ਼ਤਾਰ ਗਿੱਲ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨੀਂ ਦਾਵੋਸ ਵਿਚ ਵਿਸ਼ਵ ਆਰਥਿਕ ਫੋਰਮ ਦੀ ਸਾਲਾਨਾ ਮੀਟਿੰਗ ਵਿਚ ਆਪਣੇ ਸੰਬੋਧਨ ਵਿਚ ਕਿਹਾ ਕਿ ਉਹ ਗ੍ਰੀਨਲੈਂਡ ਨੂੰ ਹਾਸਲ ਕਰਨ ਲਈ ਤਾਕਤ ਦੀ ਵਰਤੋਂ ਨਹੀਂ ਕਰਨਗੇ। ਟਰੰਪ ਨੇ ਕਿਹਾ ਉਨ੍ਹਾਂ ਨੂੰ ਰਣਨੀਤਕ ਕਾਰਨਾਂ ਕਰਕੇ ਗ੍ਰੀਨਲੈਂਡ ਦੀ ਲੋੜ ਹੈ। 'ਸਾਨੂੰ ਵਿਸ਼ਵ ਦੀ ਰੱਖਿਆ ਲਈ ਹਿਮਖੰਡ ਦਾ ਇਕ ਟੁਕੜਾ ਚਾਹੀਦਾ ਹੈ, ਉਹ ਇਸ ਨੂੰ ਨਹੀਂ ਦੇਣਗੇ। ਡੈਨਮਾਰਕ ਅਹਿਸਾਨ-ਫਰਾਮੋਸ਼ ਦੇਸ਼ ਹੈ। ਕੈਨੇਡਾ ਸਾਡੇ 'ਤੇ ਨਿਰਭਰ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਯੂਰਪੀ ਸੰਘ ਸਹੀ ਦਿਸ਼ਾ 'ਚ ਨਹੀਂ ਜਾ ਰਿਹਾ ਹੈ। ਉਨ੍ਹਾਂ ਨੇ ਤਤਕਾਲ ਗੱਲਬਾਤ ਦਾ ਪ੍ਰਸਤਾਵ ਰੱਖਿਆ। ਧਰ ਪਿਛਲੇ ਕੁਝ ਦਿਨਾਂ ਤੋਂ ਗ੍ਰੀਨਲੈਂਡ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਧਮਕੀਆਂ ਤੋਂ ਚਿੰਤਤ ਯੂਰਪੀ ਸੰਘ ਅਮਰੀਕਾ ਖ਼ਿਲਾਫ਼ ਜਵਾਬੀ ਕਾਰਵਾਈ 'ਤੇ ਵਿਚਾਰ ਕਰ ਸਕਦਾ ਹੈ। ਉਹ ਅਮਰੀਕੀ ਸਾਮਾਨ 'ਤੇ ਭਾਰੀ ਟੈਰਿਫ ਨੂੰ ਲੈ ਕੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੇ ਸੁਝਾਏ ਗਏ ਤਰੀਕਿਆਂ ਨੂੰ ਅਪਣਾ ਸਕਦਾ ਹੈ।

ਮੈਕਰੋਂ 'ਐਂਟੀ ਕੋਸਿਅਨ ਇੰਸਟੂਮੇਟ' (ਏਸੀਆਈ) ਨੂੰ ਲਾਗੂ ਕਰਨ ਦਾ ਸੁਝਾਅ ਦੇ ਰਹੇ ਹਨ। ਇਸ ਤਰ੍ਹਾਂ ਈਯੂ ਵੱਲੋਂ ਅਮਰੀਕੀ ਕਾਰੋਬਾਰੀਆਂ ਜਾਂ ਸੰਸਥਾਵਾਂ 'ਤੇ ਪਾਬੰਦੀਆਂ ਲਗਾਈਆਂ ਜਾ ਸਕਦੀਆਂ ਹਨ। ਇਨ੍ਹਾਂ ਪਾਬੰਦੀਆਂ ਨਾਲ ਯੂਰਪੀ ਸੰਘ ਦੇ ਬਾਜ਼ਾਰਾਂ ਤੱਕ ਅਮਰੀਕੀ ਕੰਪਨੀਆਂ ਦੀ ਪਹੁੰਚ ਸੀਮਤ ਹੋ ਸਕਦੀ ਹੈ। ਪਿਛਲੇ ਦਿਨੀਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗ੍ਰੀਨਲੈਂਡ ਨੂੰ ਕਬਜ਼ੇ ਵਿਚ ਲੈਣ ਦੀ ਦਿੱਤੀ ਧਮਕੀ ਦਿੱਤੀ ਸੀ ਜਿਸ ਦਾ ਵਿਆਪਕ ਵਿਰੋਧ ਹੋਇਆ ਹੈ। ਖ਼ਾਸ ਕਰਕੇ ਯੂਰਪੀ ਯੂਨੀਅਨ ਦੇ ਦੇਸ਼ਾਂ ਡੈਨਮਾਰਕ, ਫਰਾਂਸ, ਜਰਮਨੀ ਆਦਿ ਵੱਲੋਂ ਧਮਕੀ ਨੂੰ ਨਕਾਰਿਆ ਗਿਆ ਹੈ। ਡੈਨਮਾਰਕ ਦੇ ਪ੍ਰਧਾਨ ਮੰਤਰੀ ਮੈਟ ਟਰੈਡ ਰਿਕਸਨ ਨੇ ਚੇਤਾਵਨੀ ਦਿੱਤੀ ਕਿ ਜੇ ਅਮਰੀਕਾ ਨੇ ਗ੍ਰੀਨਲੈਂਡ 'ਤੇ ਕਬਜ਼ਾ ਕਰ ਲਿਆ ਤਾਂ ਨਾਟੋ ਦੇ ਖ਼ਾਤਮੇ ਦੀ ਸ਼ੁਰੂਆਤ ਹੋ ਜਾਵੇਗੀ।

ਟਰੰਪ ਨੇ ਫਿਰ ਦਾਅਵਾ ਕੀਤਾ ਕਿ ਅਸੀਂ ਹਰ ਕੀਮਤ 'ਤੇ ਗ੍ਰੀਨਲੈਂਡ ਨੂੰ ਕਬਜ਼ੇ 'ਚ ਲਵਾਂਗੇ। ਜੇ ਅਸੀਂ ਕਬਜ਼ਾ ਨਹੀਂ ਕਰਾਂਗੇ ਤਾਂ ਰੂਸ ਤੇ ਚੀਨ ਕਰ ਲੈਣਗੇ। ਇਸ ਦੌਰਾਨ ਯੂਰਪੀ ਫ਼ੌਜਾਂ ਗ੍ਰੀਨਲੈਂਡ ਪਹੁੰਚਣੀਆਂ ਸ਼ੁਰੂ ਹੋ ਗਈਆਂ ਹਨ। ਡੈਨਮਾਰਕ, ਗ੍ਰੀਨਲੈਂਡ ਤੇ ਅਮਰੀਕਾ ਦੇ ਪ੍ਰਤੀਨਿਧੀਆਂ ਵਿਚਾਲੇ ਗੱਲਬਾਤ ਦਾ ਕੋਈ



ਸਿੱਟਾ ਨਹੀਂ ਨਿਕਲਿਆ। ਇਸ ਤੋਂ ਬਾਅਦ ਫਰਾਂਸ, ਜਰਮਨੀ, ਨਾਰਵੇ ਅਤੇ ਸਵੀਡਨ ਸਮੇਤ ਕਈ ਯੂਰਪੀ ਦੇਸ਼ਾਂ ਦੇ ਫ਼ੌਜੀ ਆਰਕਟਿਕ ਟਾਪੂ ਗ੍ਰੀਨਲੈਂਡ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਵਿਚ ਮਦਦ ਲਈ ਉੱਥੇ ਪਹੁੰਚ ਰਹੇ ਹਨ। ਅਮਰੀਕਾ ਦੇ ਰਾਸ਼ਟਰਪਤੀ ਨੇ ਧਮਕਾਇਆ ਕਿ ਗ੍ਰੀਨਲੈਂਡ ਦਾ ਸਾਥ ਦੇਣ ਵਾਲੇ 8 ਯੂਰਪੀ ਦੇਸ਼ਾਂ 'ਤੇ ਟੈਰਿਫ ਲਾਵਾਂਗਾ। ਯੂਰਪੀ ਦੇਸ਼ਾਂ ਨੇ ਪਲਟਵਾਰ ਕਰਦਿਆਂ ਕਿਹਾ ਕਿ ਟਰੰਪ ਦੇ ਟੈਰਿਫ ਤੋਂ ਕੋਈ ਖ਼ਤਰਾ ਨਹੀਂ ਹੈ। ਗ੍ਰੀਨਲੈਂਡ ਉੱਤੇ ਕਬਜ਼ੇ ਨੂੰ ਲੈ ਕੇ ਟਰੰਪ ਦੀ ਪਾਰਟੀ ਦੋਫਾੜ ਹੋਈ ਪਈ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਚੀਨ ਦੇ ਦੌਰੇ 'ਤੇ ਪਹੁੰਚੇ ਅਤੇ ਉਸ ਨਾਲ ਵੱਡਾ ਕਾਰੋਬਾਰੀ ਸਮਝੌਤਾ ਕੀਤਾ। ਚੀਨ ਦੇ ਸਰਕਾਰੀ ਮੀਡੀਆ ਨੇ ਕੈਨੇਡਾ ਸਰਕਾਰ ਨੂੰ ਅਮਰੀਕੀ ਪ੍ਰਭਾਵ ਹੇਠੋਂ ਨਿਕਲਣ ਅਤੇ ਸੁਤੰਤਰ ਵਿਦੇਸ਼ ਨੀਤੀ ਅਪਣਾਉਣ ਦੀ ਅਪੀਲ ਕੀਤੀ। ਟਰੰਪ ਨੇ ਇਕ ਨਕਸ਼ੇ ਵਿਚ ਗ੍ਰੀਨਲੈਂਡ ਦੇ ਨਾਲ-ਨਾਲ ਕੈਨੇਡਾ ਤੇ ਵੈਨੇਜ਼ੁਏਲਾ ਨੂੰ ਵੀ ਅਮਰੀਕਾ ਦਾ ਹਿੱਸਾ ਦਿਖਾਇਆ। ਉਨ੍ਹਾਂ ਨੇ ਇੰਟਰਨੈੱਟ ਮੀਡੀਆ ਪਲੇਟਫਾਰਮ ਟਰੁੱਥ ਸੋਸ਼ਲ 'ਤੇ ਇਹ ਤਸਵੀਰ ਜਾਰੀ ਕੀਤੀ ਹੈ। ਇਕ ਹੋਰ ਪੋਸਟ 'ਚ ਟਰੰਪ, ਉਪ ਰਾਸ਼ਟਰਪਤੀ ਜੇਡੀ ਵੇਂਸ ਤੇ ਵਿਦੇਸ਼ ਮੰਤਰੀ ਮਾਰਕੋ ਰੂਬੀ ਦੇ ਨਾਲ ਗ੍ਰੀਨਲੈਂਡ 'ਚ ਅਮਰੀਕਾ ਦਾ ਝੰਡਾ ਲਹਿਰਾਉਂਦੇ ਦਿਖਾਈ ਦੇ ਰਹੇ ਹਨ। ਤਸਵੀਰ 'ਚ ਇਕ ਮੀਲ ਪੱਥਰ ਲੱਗਾ ਹੈ ਜਿਸ 'ਤੇ ਲਿਖਿਆ ਹੈ ਕਿ ਗ੍ਰੀਨਲੈਂਡ ਅਮਰੀਕੀ ਖੇਤਰ ਹੈ।

ਇਕ ਨਵੇਂ ਸਰਵੇਖਣ ਅਨੁਸਾਰ ਜਰਮਨੀ ਦੇ ਜ਼ਿਆਦਾਤਰ ਲੋਕ ਮੰਨਦੇ ਹਨ ਕਿ ਅਮਰੀਕਾ ਦੇ ਰਾਸ਼ਟਰਪਤੀ ਦੀਆਂ ਨੀਤੀਆਂ 'ਨਾਟੋ' ਨੂੰ ਖ਼ਤਰੇ 'ਚ ਪਾ ਰਹੀਆਂ ਹਨ। 'ਜ਼ੈਡਡੀਐੱਫ ਪਾਲਿਟਬੈਰੋਮੀਟਰ' ਸਰਵੇ 'ਚ ਸ਼ਾਮਲ 78 ਪ੍ਰਤੀਸ਼ਤ ਲੋਕਾਂ ਨੇ ਕਿਹਾ ਕਿ ਟਰੰਪ ਦਾ ਰਵੱਈਆ ਗਠਬੰਧਨ ਲਈ ਖ਼ਤਰਾ ਹੈ। ਜਦਕਿ 18 ਫ਼ੀਸਦੀ ਲੋਕ ਇਸ ਨਾਲ ਸਹਿਮਤ ਨਹੀਂ ਸਨ। ਬਾਕੀ ਲੋਕਾਂ ਨੇ ਕਿਹਾ ਕਿ ਉਹ ਕੁਝ ਨਹੀਂ ਕਹਿ ਸਕਦੇ। ਇਹ ਸਰਵੇ ਉਸ ਵਕਤ ਆਇਆ ਜਦੋਂ ਟਰੰਪ ਗ੍ਰੀਨਲੈਂਡ 'ਤੇ ਅਮਰੀਕਾ ਦੇ ਦਾਅਵਿਆਂ 'ਤੇ ਜ਼ੋਰ ਦੇ ਰਹੇ ਹਨ ਜੋ ਕੁਦਰਤੀ ਸੋਮਿਆਂ ਨਾਲ ਭਰਪੂਰ ਆਰਕਟਿਕ ਟਾਪੂ ਹੈ। ਗ੍ਰੀਨਲੈਂਡ ਨਾਟੋ ਮੈਂਬਰ ਡੈਨਮਾਰਕ ਦਾ ਅਰਧ-ਖ਼ੁਦਮੁਖਤਾਰ ਹਿੱਸਾ ਹੈ। ਯੂਰਪੀ ਸੰਘ ਦੇ 69 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਈਯੂ ਨੂੰ ਟਰੰਪ ਦੇ ਇਸ ਰੌਂਅ ਦਾ ਵਿਰੋਧ ਕਰਨਾ ਚਾਹੀਦਾ ਹੈ। ਇਹ ਸਵਾਲ ਵੀ ਪੁੱਛਿਆ ਗਿਆ ਕਿ ਜੇਕਰ ਅਮਰੀਕਾ ਆਰਥਿਕ ਸਾਧਨਾਂ ਨੂੰ ਹਾਸਲ ਕਰਨ ਲਈ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ, ਦੂਸਰੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦਿੰਦਾ ਹੈ ਤਾਂ ਯੂਰਪੀ ਸੰਘ ਨੂੰ ਕਿਹੋ ਜਿਹੀ ਪ੍ਰਤੀਕਿਰਿਆ ਦੇਣੀ ਚਾਹੀਦੀ ਹੈ ਤਾਂ 69 ਫ਼ੀਸਦੀ ਲੋਕਾਂ ਨੇ ਸਪਸ਼ਟ ਬਹੁਮਤ ਨਾਲ ਕਿਹਾ ਕਿ ਯੂਰਪੀ ਸੰਘ ਨੂੰ ਵਿਰੋਧ ਕਰਨਾ ਚਾਹੀਦਾ ਹੇ। ਖੇਤਰਫਲ ਦੇ ਲਿਹਾਜ਼ ਨਾਲ ਗ੍ਰੀਨਲੈਂਡ ਨਾਲੋਂ ਅਮਰੀਕਾ, ਰੂਸ, ਕੈਨੇਡਾ ਅਤੇ ਚੀਨ ਕਾਫ਼ੀ ਵੱਡੇ ਹਨ ਪ੍ਰੰਤੂ ਉਹ ਜਰਮਨੀ ਤੋਂ ਲਗਪਗ ਛੇ ਗੁਣਾ ਵੱਡਾ ਅਤੇ ਭਾਰਤ ਨੂੰ ਗ੍ਰੀਨਲੈਂਡ ਤੋਂ ਡੇਢ ਗੁਣਾ ਵੱਡਾ ਮੰਨਿਆ ਜਾ ਸਕਦਾ ਹੈ। ਸਿਰਫ਼ 56 ਹਜ਼ਾਰ ਵਾਸੀਆਂ ਵਾਲਾ ਗ੍ਰੀਨਲੈਂਡ ਸਭ ਤੋਂ ਘੱਟ ਆਬਾਦੀ ਵਾਲਾ ਇਲਾਕਾ ਮੰਨਿਆ ਜਾਂਦਾ ਹੈ। ਇਸ ਟਾਪੂ ਸਮੂਹ ਦਾ 80 ਪ੍ਰਤੀਸ਼ਤ ਹਿੱਸਾ ਲਗਪਗ 30 ਲੱਖ ਸਾਲ ਪਹਿਲਾਂ ਬਣੀ ਬਰਫ਼ ਦੀ ਚਾਦਰ ਨਾਲ ਢਕਿਆ ਹੋਇਆ ਹੈ। ਗ੍ਰੀਨਲੈਂਡ ਦੇ ਪੰਜ ਸ਼ਹਿਰਾਂ ਵਿਚ ਉਸ ਦੀ 65 ਫ਼ੀਸਦੀ ਤੋਂ ਜ਼ਿਆਦਾ ਆਬਾਦੀ ਰਹਿੰਦੀ ਹੈ। ਨੂਕ ਗ੍ਰੀਨਲੈਂਡ ਦੀ ਰਾਜਧਾਨੀ ਹੈ ਜਿੱਥੇ ਸਿਰਫ਼ 19,905 ਲੋਕ ਰਹਿੰਦੇ ਹਨ। ਗ੍ਰੀਨਲੈਂਡ ਦੀ ਰੱਖਿਆ ਦੀ ਜ਼ਿੰਮੇਵਾਰੀ ਡੈਨਮਾਰਕ ਦੀ ਹੈ।

ਤਤਕਲੀ ਅਮਰੀਕੀ ਵਿਦੇਸ਼ ਮੰਤਰੀ ਵਿਲੀਅਮ ਸੇਵਰਡ ਨੇ 1867 ਵਿਚ ਹੀ ਗ੍ਰੀਨਲੈਂਡ ਨੂੰ ਆਪਣੇ ਨਾਲ ਮਿਲਾਉਣ ਦੀ ਗੱਲ ਕੀਤੀ ਸੀ। ਦੂਸਰੇ ਵਿਸ਼ਵ ਯੁੱਧ ਸਮੇਂ ਅਮਰੀਕਾ ਨੇ ਗ੍ਰੀਨਲੈਂਡ ਦੇ ਯੁੱਧਨੀਤਕ ਹਿੱਸਿਆਂ 'ਤੇ ਕਬਜ਼ਾ ਕਰ ਲਿਆ ਸੀ ਤਾਂ ਕਿ ਉਹ ਨਾਜ਼ੀ ਜਰਮਨੀ ਦੇ ਹੱਥ 'ਚ ਨਾ ਜਾਵੇ। ਅਮਰੀਕਾ ਵਰਤਮਾਨ 'ਚ ਉੱਤਰ-ਪੱਛਮੀ ਗ੍ਰੀਨਲੈਂਡ ਦੇ 'ਪਿਟੂਫਿਕ ਸਪੇਸ ਬੇਸ' ਦਾ ਸੰਚਾਲਨ ਕਰਦਾ ਹੈ ਜਿਸ ਨੂੰ 1951 ਵਿਚ ਅਮਰੀਕਾ ਅਤੇ ਡੈਨਮਾਰਕ ਦੁਆਰਾ ਗ੍ਰੀਨਲੈਂਡ ਦੀ ਰੱਖਿਆ ਸੰਧੀ 'ਤੇ ਦਸਤਖ਼ਤ ਕਰਨ ਤੋਂ ਬਾਅਦ ਬਣਾਇਆ ਗਿਆ ਸੀ। ਸਾਲ 2023 ਵਿਚ 'ਥੁਲੇ ਏਅਰ ਬੇਸ' ਦਾ ਨਾਂ ਬਦਲ ਕੇ 'ਪਿਟੂਫਿਕ ਸਪੇਸ ਬੇਸ' ਕਰ ਦਿੱਤਾ ਗਿਆ ਸੀ। ਆਰਕਟਿਕ ਭੂ-ਮੱਧ ਰੇਖਾ ਤੋਂ ਉੱਤਰ 'ਚ ਲਗਪਗ 6615 ਡਿਗਰੀ 'ਤੇ ਸਥਿਤ ਹੈ। ਇਹ ਰੇਖਾ 8 ਦੇਸ਼ਾਂ ਕੈਨੇਡਾ, ਡੈਨਮਾਰਕ (ਗ੍ਰੀਨਲੈਂਡ), ਫਿਨਲੈਂਡ, ਆਈਸਲੈਂਡ, ਨਾਰਵੇ, ਰੂਸ, ਸਵੀਡਨ ਅਤੇ ਅਮਰੀਕਾ (ਅਲਾਸਕਾ) ਵਿੱਚੋਂ ਦੀ ਹੋ ਕੇ ਲੰਘਦੀ ਹੈ। ਇਸ ਦੇ ਉੱਤਰ ਦਾ ਇਲਾਕਾ ਆਰਕਟਿਕ ਅਖਵਾਉਂਦਾ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਅਮਰੀਕਾ ਅੰਤਰਰਾਸ਼ਟਰੀ ਵਪਾਰ ਲਈ ਇਕ ਉੱਤਰ-ਪੱਛਮ ਗਲਿਆਰਾ ਬਣਾਏਗਾ। ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਅਮਰੀਕਾ ਨੂੰ ਗ੍ਰੀਨਲੈਂਡ ਦੇ ਖਣਿਜ ਸਾਧਨਾਂ ਤੱਕ ਪਹੁੰਚ ਲਈ ਰੂਸ, ਚੀਨ ਤੇ ਦੂਸਰੇ ਦੇਸ਼ਾਂ ਨਾਲ ਮੁਕਾਬਲਾ ਕਰਨਾ ਪਵੇਗਾ।

# ਨਵੀਂ ਕੋਲਡ ਵਾਰ 'ਚ ਰਸਤਾ ਲੱਭਦਾ ਭਾਰਤ

ਰਾਜ ਸ਼ੁਕਲਾ

ਸਾਬਕਾ ਅਮਰੀਕੀ ਰਾਸ਼ਟਰਪਤੀ ਜੇਮਜ਼ ਮੁਨਰੋ ਦਾ 'ਮੁਨਰੋ ਸਿਧਾਂਤ' ਬਹੁਤ ਚਰਚਿਤ ਰਿਹਾ ਹੈ। ਇਸ ਦੇ ਮੂਲ 'ਚ ਉੱਤਰੀ ਅਤੇ ਦੱਖਣੀ ਅਮਰੀਕਾ ਵਿਚ ਯੂਰਪੀ ਸ਼ਕਤੀਆਂ ਦੇ ਵਿਰੋਧ ਅਤੇ ਅਮਰੀਕੀ ਅਜਾਰੇਦਾਰੀ ਨੂੰ ਸਥਾਪਤ ਕਰਨਾ ਸੀ। ਮੁਨਰੋ ਸਿਧਾਂਤ ਦੇ ਨਵੇਂ ਸਰੂਪ ਵਿਚ ਡੋਨਾਲਡ ਟਰੰਪ ਦਾ 'ਡੋਨਰੋ ਸਿਧਾਂਤ' ਵੀ ਸੁਰਖ਼ੀਆਂ ਵਿਚ ਹੈ। ਇਸ ਦਾ ਤਤਕਾਲੀ ਟੀਚਾ ਤਾਂ ਪੱਛਮੀ ਗੋਲਾਰਧ ਦੱਸਿਆ ਜਾ ਰਿਹਾ ਹੈ ਪਰ ਇਸ ਦਾ ਦੂਰਗਾਮੀ ਟੀਚਾ ਹਿੰਦ-ਪ੍ਰਸ਼ਾਂਤ ਖੇਤਰ ਵਿਚ ਅਮਰੀਕੀ ਹਿੱਤਾਂ ਨੂੰ ਸੇਧਣਾ ਹੈ। ਇਹੀ ਟਰੰਪ ਦੇ ਰਾਜਨੀਤਕ ਸਮਰਥਕ 'ਮਾਗਾ' ਦਾ ਵੀ ਏਜੰਡਾ ਹੈ। ਡੋਨਰੋ ਸਿਧਾਂਤ ਇਕ ਤਰ੍ਹਾਂ ਨਾਲ ਅਮਰੀਕਾ ਅਤੇ ਦੂਜੇ ਪਾਸੇ ਚੀਨ-ਰੂਸ ਵਿਚਕਾਰ ਠੰਢੀ ਜੰਗ ਦੇ ਨਵੇਂ ਦੌਰ ਦਾ ਸੰਕੇਤ ਹੈ। ਅਮਰੀਕਾ, ਰੂਸ ਤੇ ਚੀਨ ਇਸ ਕੋਸ਼ਿਸ਼ ਵਿਚ ਹਨ ਕਿ ਉਨ੍ਹਾਂ ਦੇ ਰੱਖਿਆ ਤੇ ਕਾਰੋਬਾਰੀ ਹਿੱਤ ਸੁਰੱਖਿਅਤ ਰਹਿਣ। ਇਸ ਕਾਰਨ ਉਹ ਹੋਰ ਮੁਲਕਾਂ ਦੇ ਹਿੱਤਾਂ ਨੂੰ ਅੱਖੋਂ-ਪਰੋਖੇ ਕਰ ਰਹੇ ਹਨ।

ਇਨ੍ਹਾਂ ਤਿੰਨਾਂ ਮੁਲਕਾਂ ਵਿਚਾਲੇ ਚੱਲ ਰਹੀ ਖਿੱਚੋਤਾਣ ਨੇ ਦੁਨੀਆ ਦੀਆਂ ਮੁਸੀਬਤਾਂ ਵਿਚ ਚੋਖਾ ਵਾਧਾ ਕਰ ਦਿੱਤਾ ਹੈ। ਫ਼ਿਲਹਾਲ ਅਮਰੀਕੀ ਖੇਮਾ ਪੱਛਮੀ ਗੋਲਾਰਧ ਵਿਚ ਸਰੋਤਾਂ ਦੀ ਪਹੁੰਚ ਅਤੇ ਆਰਕਟਿਕ ਖੇਤਰ ਵਿਚ ਰੱਖਿਆ ਮੋਰਚੇਬੰਦੀ ਨੂੰ ਮਜ਼ਬੂਤ ਕਰਨ ਦੀ ਗੱਲ ਕਹਿ ਰਿਹਾ ਹੈ ਪਰ ਅਖ਼ੀਰ ਇਸ ਦਾ ਟੀਚਾ ਹਿੰਦ-ਪ੍ਰਸ਼ਾਂਤ ਖੇਤਰ ਵਿਚ ਆਪਣੀ ਸ਼ਕਤੀ ਦੇ ਦਮ 'ਤੇ ਚੀਨ ਦੀ ਚੜ੍ਹਤ ਨੂੰ ਰੋਕਣਾ ਹੈ। ਇਹ ਸਿਧਾਂਤ ਨਵੇਂ ਸ਼ਕਤੀ ਸੰਤੁਲਨ 'ਤੇ ਕੇਂਦ੍ਰਿਤ ਦਿਖਾਈ ਦਿੰਦਾ ਹੈ।

ਟਰੰਪ ਪੱਛਮੀ ਦੁਨੀਆ ਦਾ ਆਗੂ ਬਣਨ ਨਾਲੋਂ ਵੱਧ ਪੱਛਮੀ ਗੋਲਾਰਧ ਵਿਚ ਚੜ੍ਹਤ ਕਾਇਮ ਕਰਨ ਦੇ ਇੱਛੁਕ ਦਿਖਾਈ ਦਿੰਦੇ ਹਨ। ਉਨ੍ਹਾਂ ਦਾ ਨਜ਼ਰੀਆ ਸਾਫ਼ ਹੈ ਕਿ ਪੱਛਮੀ ਗੋਲਾਰਧ ਪੂਰੀ ਤਰ੍ਹਾਂ ਅਮਰੀਕੀ ਨਿਯੰਤਰਣ ਵਿਚ ਹੋਵੇ ਅਤੇ ਚੀਨ, ਰੂਸ ਅਤੇ ਈਰਾਨ ਵਰਗੇ ਦੇਸ਼ ਇਸ ਨੂੰ ਚੰਗੀ ਤਰ੍ਹਾਂ ਸਮਝ ਲੈਣ। ਟਰਾਂਸ-ਐਟਲਾਂਟਿਕ ਵਿਵਸਥਾ ਨੂੰ ਵੀ ਨਵੇਂ ਹਾਲਾਤ ਮੁਤਾਬਕ ਨਵੇਂ ਸਿਰੇ ਤੋਂ ਢਾਲਿਆ ਜਾ ਰਿਹਾ ਹੈ। ਗ੍ਰੀਨਲੈਂਡ ਦਾ ਮੁੱਦਾ ਤਣਾਅ ਦੇ ਕੇਂਦਰ ਵਿਚ ਬਣਿਆ ਹੀ ਹੋਇਆ ਹੈ। ਇਸ 'ਤੇ ਟਰੰਪ ਕਿਸੇ ਵੀ ਤਰ੍ਹਾਂ ਦੀ ਢਿੱਲ ਦੇਣ ਨੂੰ ਤਿਆਰ ਨਹੀਂ ਹਨ। ਭਾਵੇਂ ਹੀ ਇਸ ਨਾਲ ਡੈਨਮਾਰਕ ਵਰਗਾ ਭਰੋਸੇਯੋਗ ਸਹਿਯੋਗੀ ਖੁੱਸ ਜਾਵੇ ਜਾਂ ਨਾਟੋ ਦੀ ਹੋਂਦ 'ਤੇ ਹੀ ਖ਼ਤਰਾ ਖੜ੍ਹਾ ਹੋ ਜਾਵੇ। ਉਹ ਚੀਨ ਅਤੇ ਰੂਸ ਦਾ ਡਰ ਦਿਖਾ ਕੇ ਉਸ 'ਤੇ ਕਬਜ਼ਾ ਕਰਨ ਲਈ ਤਤਪਰ ਹਨ। ਉਹ ਆਪਣੇ ਖ਼ੁਸ਼ਹਾਲ ਯੂਰਪੀ ਸਹਿਯੋਗੀਆਂ ਤੋਂ ਵੀ ਆਰਥਿਕ ਅਤੇ ਰੱਖਿਆ ਦੇ ਮੋਰਚੇ 'ਤੇ ਵੱਧ ਅੰਸ਼ਦਾਨ ਲੈਣ ਲਈ ਅੜੇ ਹੋਏ ਹਨ।

ਪੱਛਮੀ ਏਸ਼ੀਆ ਵਿਚ ਸੰਭਾਵੀ ਅਮਰੀਕੀ ਵਿਰੋਧ ਦੀ ਧੁਰੀ ਨੂੰ ਖੁੰਢੀ ਕਰਨ ਤੋਂ ਬਾਅਦ ਟਰੰਪ ਅਬਰਾਹਮ ਸਮਝੌਤੇ ਦੇ ਅਜਿਹੇ ਸਹਿਯੋਗੀਆਂ ਨੂੰ ਸੇਧਣ ਵਿਚ ਰੁੱਝ ਜਾਣਗੇ ਜੋ ਆਪਣੇ ਤੇਲ ਦਾ ਮੋਹ ਛੱਡਦੇ ਹੋਏ ਖ਼ੁਦ ਨੂੰ ਇਸਲਾਮਿਕ ਕੱਟੜਵਾਦ ਤੋਂ ਦੂਰ ਰੱਖ ਕੇ ਏਆਈ, ਡਾਟਾ ਕੇਂਦਰਾਂ, ਨਵਿਆਉਣਯੋਗ ਊਰਜਾ ਅਤੇ ਰੀਅਲ ਅਸਟੇਟ ਵਰਗੇ ਪਹਿਲੂਆਂ ਨੂੰ ਲੈ ਕੇ ਉਨ੍ਹਾਂ ਦੀ ਮਨਸ਼ਾ ਮੁਤਾਬਕ ਅੱਗੇ ਵਧਣ।

ਦੂਜੇ ਖੇਮੇ ਦੀ ਗੱਲ ਕਰੀਏ ਤਾਂ ਚੀਨ-ਰੂਸ ਦਾ ਮਕਸਦ ਚੀਨੀ ਆਰਥਿਕ ਅਤੇ ਤਕਨੀਕੀ ਸਮਰੱਥਾਵਾਂ ਅਤੇ ਰੂਸੀ ਫ਼ੌਜੀ ਕਾਬਲੀਅਤਾਂ ਦੀ ਜੁਗਲਬੰਦੀ ਨਾਲ ਅਮਰੀਕੀ ਸ਼ਕਤੀ ਨੂੰ ਚੁਣੌਤੀ ਦੇਣਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਰਥਿਕ ਅਤੇ ਤਕਨੀਕੀ ਮੋਰਚੇ 'ਤੇ ਚੀਨ ਦਾ ਜ਼ਬਰਦਸਤ ਉਭਾਰ ਹੋਇਆ ਹੈ। ਇਸ ਨੇ ਉਸ ਨੂੰ ਫ਼ੈਸਲਾਕੁੰਨ ਚੜ੍ਹਤ ਦਿਵਾਈ ਹੈ। ਪਿਛਲੇ ਦਿਨਾਂ ਵਿਚ ਇਸ ਦੀ ਮਿਸਾਲ ਉਦੋਂ ਵੇਖਣ ਨੂੰ ਮਿਲੀ ਜਦੋਂ ਟਰੰਪ ਟੈਰਿਫ ਦੇ ਜਵਾਬ ਵਿਚ ਚੀਨ ਨੇ ਰੇਅਰ ਅਰਥ ਦੇ ਮੁੱਦੇ 'ਤੇ ਅਮਰੀਕਾ ਨੂੰ ਝੁਕਾਉਂਦਿਆਂ ਉਸ ਨੂੰ ਆਪਣਾ ਰੁਖ਼ ਬਦਲਣ ਲਈ ਮਜਬੂਰ ਕੀਤਾ। ਅਮਰੀਕੀ ਵਿਦਵਾਨ ਅਤੇ ਚੀਨ ਮਾਮਲਿਆਂ ਦੇ ਮਾਹਿਰ ਰਸ਼ ਡੋਸ਼ੀ ਦਾ ਇਕ ਹਾਲੀਆ ਮੁਲਾਂਕਣ ਦੋਵਾਂ ਦੇਸ਼ਾਂ ਵਿਚਕਾਰ ਵਧ ਰਹੇ ਫ਼ਰਕ ਨੂੰ ਬਾਖ਼ੂਬੀ ਜ਼ਾਹਰ ਕਰਦਾ ਹੈ ਜਿਸ ਵਿਚ ਪਲੜਾ ਚੀਨ ਦੇ ਪੱਖ 'ਚ ਝੁਕਿਆ ਹੋਇਆ ਹੈ।

ਇਸ ਨੂੰ ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਅਮਰੀਕਾ ਦੀ ਤੁਲਨਾ ਵਿਚ ਚੀਨ ਦੀ ਸਟੀਲ ਉਤਪਾਦਨ ਸਮਰੱਥਾ 13 ਗੁਣਾ, ਸੀਮੈਂਟ ਉਤਪਾਦਨ 20 ਗੁਣਾ ਤੇ ਜਹਾਜ਼ ਨਿਰਮਾਣ ਸਮਰੱਥਾ 200 ਗੁਣਾ ਵੱਧ ਹੈ। ਵੱਡੀ ਗੱਲ ਇਹ ਹੈ ਕਿ ਚੀਨ ਅਮਰੀਕਾ ਦੇ ਮੁਕਾਬਲੇ ਤਿੰਨ ਗੁਣਾ ਵੱਧ ਜੰਗੀ ਬੇੜੇ ਬਣਾਉਣ ਵਿਚ ਸਮਰੱਥ ਹੋ ਗਿਆ ਹੈ।

ਉਹ ਹੋਰ ਖੇਤਰਾਂ ਵਿਚ ਵੀ ਤੇਜ਼ੀ ਨਾਲ ਤਰੱਕੀ ਕਰਦਾ ਜਾ ਰਿਹਾ ਹੈ। ਇਹ ਵੱਡ ਆਕਾਰੀ ਮੈਨੂਫੈਕਚਰਰ ਦੇਸ਼-ਦੁਨੀਆ ਦੇ ਲਗਪਗ ਅੱਧੇ ਰਸਾਇਣ, ਕਰੀਬ 70 ਪ੍ਰਤੀਸ਼ਤ ਇਲੈਕਟ੍ਰਿਕ ਵਾਹਨ, ਤਿੰਨ-ਚੌਥਾਈ ਬੈਟਰੀਆਂ, 80 ਪ੍ਰਤੀਸ਼ਤ ਡ੍ਰੋਨ, 90 ਫ਼ੀਸਦ ਸੂਰਜੀ ਪੈਨਲ ਅਤੇ ਮਹੱਤਵਪੂਰਨ ਹੋ ਚੁੱਕੇ ਰੇਅਰ ਅਰਥ ਤੱਤਾਂ ਦੇ 90 ਪ੍ਰਤੀਸ਼ਤ ਤੱਕ ਦੀ ਸਪਲਾਈ ਕਰਦਾ ਹੈ। ਇਸ ਦੇ ਬਾਵਜੂਦ ਅਮਰੀਕੀ ਫ਼ੌਜੀ ਸਮਰੱਥਾਵਾਂ ਅਜੇ ਵੀ ਕਿਤੇ ਅੱਗੇ ਹਨ। ਸੀਰੀਆ ਤੋਂ ਲੈ ਕੇ ਈਰਾਨ ਅਤੇ ਹਾਲ ਹੀ ਵਿਚ ਵੈਨੇਜ਼ੁਏਲਾ ਵਰਗੀ ਉਦਾਹਰਨ ਇਸ ਦੇ ਸਬੂਤ ਹਨ। ਜਿਵੇਂ-ਜਿਵੇਂ ਨਵੇਂ ਠੰਢੀ ਜੰਗ ਵਿਚ ਮੁਕਾਬਲੇਬਾਜ਼ੀ ਅੱਗੇ ਵਧੇਗੀ, ਤਿਵੇਂ-ਤਿਵੇਂ ਸੰਘਰਸ਼ ਦੇ ਕਈ ਮੋਰਚੇ ਖੁੱਲ੍ਹਦੇ ਹੋਏ ਦਿਖਾਈ ਦੇਣਗੇ ਪਰ ਫ਼ੈਸਲਾਕੁੰਨ ਅਖਾੜਾ ਹਿੰਦ-ਪ੍ਰਸ਼ਾਂਤ ਖੇਤਰ ਹੀ ਬਣੇਗਾ। ਇਸ ਸਿਲਸਿਲੇ ਵਿਚ ਟਰੰਪ ਨੂੰ ਵੱਖਰੇ ਤਰ੍ਹਾਂ ਦਾ ਆਗੂ ਸਮਝਣਾ ਗ਼ਲਤ ਹੋਵੇਗਾ।

ਉਹ ਤਾਂ ਨਵੀਆਂ ਚੁਣੌਤੀਆਂ ਦੇ ਹਿਸਾਬ ਨਾਲ ਅਮਰੀਕੀ ਸ਼ਾਸਨ ਕਲਾ ਦੇ ਸ਼ਸਤਰਾਂ ਦਾ ਹੀ ਇਸਤੇਮਾਲ ਕਰ ਰਹੇ ਹਨ। ਇਸ ਵਿਚ ਟੈਰਿਫ ਉਨ੍ਹਾਂ ਦਾ ਪਹਿਲਾ ਵਾਰ ਸੀ। ਉਨ੍ਹਾਂ ਦਾ ਦਾਅਵਾ ਹੈ ਕਿ ਅਜਿਹੇ ਹੀ ਹੋਰ ਉਪਾਵਾਂ ਜ਼ਰੀਏ ਉਨ੍ਹਾਂ ਨੇ 18 ਟ੍ਰਿਲੀਅਨ (ਲੱਖ ਕਰੋੜ) ਡਾਲਰ ਦੀ ਰਕਮ ਇਕੱਠੀ ਕੀਤੀ ਹੈ।



ਵੈਨੇਜ਼ੁਏਲਾ 'ਤੇ ਆਪਣੇ ਰੁਖ਼ ਨਾਲ ਨਾ ਸਿਰਫ਼ ਉਨ੍ਹਾਂ ਨੇ ਤੇਲ ਦੇ ਵੱਡੇ ਭੰਡਾਰ 'ਤੇ ਅਮਰੀਕੀ ਝੰਡਾ ਗੱਡ ਦਿੱਤਾ ਬਲਕਿ ਡਾਲਰ ਖ਼ਿਲਾਫ਼ ਹੋ ਰਹੀ ਮੋਰਚਾਬੰਦੀ ਦੀ ਹਵਾ ਵੀ ਕੱਢਣ ਦਾ ਯਤਨ ਕੀਤਾ। ਭਵਿੱਖ ਦੇ ਕਈ ਪਹਿਲੂਆਂ ਨੂੰ ਨਿਰਧਾਰਤ ਕਰਨ ਵਾਲੀ ਏਆਈ ਤਕਨੀਕ ਵਿਚ ਅਮਰੀਕਾ ਮੋਹਰੀ ਬਣਿਆ ਹੋਇਆ ਹੈ। ਇਸ ਲਈ ਭਾਵੇਂ ਹੀ ਨਵੀਂ ਮੁਕਾਬਲੇਬਾਜ਼ੀ ਵਿਚ ਮੁਕਾਬਲਾ ਕੁਝ ਸੰਤੁਲਿਤ ਦਿਖਾਈ ਦੇਵੇ ਪਰ ਡੋਨਰੋ ਸਿਧਾਂਤ ਬਾਜ਼ੀ ਪਲਟ ਕੇ ਅਮਰੀਕਾ ਨੂੰ ਚੜ੍ਹਤ ਦਿਵਾ ਸਕਦਾ ਹੈ। ਇਸ ਮਾਹੌਲ ਵਿਚ ਭਾਰਤ ਦੀ ਪ੍ਰਤੀਕਿਰਿਆ ਕਿਹੋ ਜਿਹੀ ਹੋਣੀ ਚਾਹੀਦੀ ਹੈ? ਉਸ ਨੂੰ ਕਿਹੜੇ ਰਣਨੀਤਕ ਅਤੇ ਰੱਖਿਆ ਤਾਲਮੇਲ ਕਰਨੇ ਹੋਣਗੇ?

ਜੇਕਰ ਡੋਨਰੋ ਸਿਧਾਂਤ ਦਾ ਹਕੀਕੀ ਮਕਸਦ ਏਸ਼ੀਆ ਵਿਚ ਚੀਨ ਦੀ ਚੜ੍ਹਤ 'ਤੇ ਰੋਕ ਲਗਾਉਣਾ ਹੈ ਤਾਂ ਇਹ ਭਾਰਤ-ਅਮਰੀਕਾ ਦੇ ਲੰਬੇ ਸਮੇਂ ਦੇ ਹਿੱਤਾਂ ਦੇ ਅਨੁਕੂਲ ਹੀ ਹੈ। ਚੀਨ ਦੇ ਤੇਵਰ ਸਾਫ਼ ਹਨ ਕਿ ਏਸ਼ਿਆਈ ਜੰਗਲ ਵਿਚ ਸਿਰਫ਼ ਇਕ ਹੀ ਸ਼ੇਰ ਹੋ ਸਕਦਾ ਹੈ।

ਜੇਕਰ ਇਸ ਜੰਗਲ ਵਿਚ ਦੋ ਸ਼ੇਰਾਂ ਲਈ ਜਗ੍ਹਾ ਬਣਾਉਣੀ ਹੈ ਤਾਂ ਭਾਰਤ ਨੂੰ ਅੰਦਰੂਨੀ ਮੋਰਚੇ 'ਤੇ ਆਪਣੇ-ਆਪ ਨੂੰ ਮਜ਼ਬੂਤ ਬਣਾਉਂਦੇ ਹੋਏ ਚੀਨ ਖ਼ਿਲਾਫ਼ ਚਤੁਰਾਈ ਭਰਿਆ ਬਾਹਰਲਾ ਚੱਕਰਵਿਊ ਬਣਾਉਣਾ ਹੋਵੇਗਾ। ਇਹੀ ਇਕਲੌਤਾ ਰਸਤਾ ਹੈ। ਇਸ ਲੜੀ ਵਿਚ ਜੇਕਰ ਅਸੀਂ ਅਮਰੀਕਾ ਨਾਲ ਵਪਾਰ ਸਮਝੌਤੇ ਵਿਚ ਆ ਰਹੀਆਂ ਛੋਟੀਆਂ-ਮੋਟੀਆਂ ਰੁਕਵਟਾਂ ਨੂੰ ਪਾਰ ਕਰ ਲੈਂਦੇ ਹਾਂ, ਤਾਂ ਕੀ ਤਕਨੀਕੀ ਸਾਂਝੇਦਾਰੀਆਂ, ਸਮਰੱਥਾ ਨਿਰਮਾਣ, ਬਾਜ਼ਾਰ ਤੱਕ ਪਹੁੰਚ ਅਤੇ ਪ੍ਰਤੀਰੋਧਕ ਸਮਰੱਥਾ ਦੇ ਨਿਰਮਾਣ ਦੇ ਸਬੰਧ ਵਿਚ ਇਹ ਇਕ ਵੱਡਾ ਉਛਾਲ ਹੋਵੇਗਾ?

ਆਲਮੀ ਭੂ-ਰਾਜਨੀਤੀ ਦੀ ਹਾਰਡ ਪਾਵਰ ਅਤੇ ਸਖ਼ਤ ਮੁਕਾਬਲੇਬਾਜ਼ੀ ਵੱਲ ਝੁਕਾਅ ਅਤੇ ਰਾਸ਼ਟਰੀ ਸੁਰੱਖਿਆ ਨੂੰ ਪ੍ਰਭਾਵਿਤ ਕਰਨ ਵਿਚ ਤਕਨੀਕੀ ਸਮਰੱਥਾਵਾਂ ਦੇ ਵਧਦੇ ਪ੍ਰਭਾਵ ਨੂੰ ਦੇਖਦੇ ਹੋਏ ਭਾਰਤ ਨੂੰ ਇਕੱਠੇ ਦੋ ਮੋਰਚਿਆਂ 'ਤੇ ਕੰਮ ਕਰਨਾ ਹੋਵੇਗਾ। ਪਹਿਲਾ, ਚੌਥੀ ਉਦਯੋਗਿਕ ਕ੍ਰਾਂਤੀ ਦੀਆਂ ਤਕਨੀਕੀ ਸਮਰੱਥਾਵਾਂ ਜਿਵੇਂ ਏਆਈ, ਕਵਾਂਟਮ, ਰੋਬੋਟਿਕਸ, ਖ਼ੁਦਮੁਖਤਾਰ ਪ੍ਰਣਾਲੀਆਂ, ਊਰਜਾ, ਡਾਟਾ ਉਪਯੋਗ ਆਦਿ ਵਿਚ ਮੁਹਾਰਤ ਹਾਸਲ ਕਰਨ ਲਈ ਸਰਗਰਮੀ ਨਾਲ ਫ਼ੈਸਲਾਕੁੰਨ ਕਦਮ ਚੁੱਕਣੇ ਹੋਣਗੇ। ਦੂਜਾ, ਸ਼ਕਤੀ ਦੇ ਸਰੋਤਾਂ ਨੂੰ ਕਿਤੇ ਵੱਧ ਦ੍ਰਿੜਤਾ ਨਾਲ ਸੰਯੋਜਿਤ ਕਰਨਾ ਹੋਵੇਗਾ। ਇਸ ਦੇ ਲਈ ਰਾਸ਼ਟਰੀ ਸੁਰੱਖਿਆ ਮੁਹਾਂਦਰੇ ਦੇ ਜਾਰੀ ਕਾਇਆਕਲਪ ਦੀ ਰਫ਼ਤਾਰ ਕਈ ਗੁਣਾ ਤੇਜ਼ ਕਰਨੀ ਹੋਵੇਗੀ। ਇਸੇ ਨਾਲ ਦੇਸ਼ ਦੇ ਹਿੱਤਾਂ ਦੀ ਅਸਰਦਾਰ ਤਰੀਕੇ ਨਾਲ ਰੱਖਿਆ ਕੀਤੀ ਜਾ ਸਕੇਗੀ।

# ਭਾਰਤ ਤੇ ਯੂਰਪੀ ਸੰਘ ਵਿਚਾਲੇ ਹੋਏ ਸਮਝੌਤੇ ਦਾ ਕੀ ਫਾਇਦਾ-ਨੁਕਸਾਨ ਹੋਵੇਗਾ

ਭਾਰਤ ਅਤੇ ਯੂਰਪੀ ਸੰਘ ਨੇ ਲਗਭਗ ਦੋ ਦਹਾਕਿਆਂ ਦੀ ਚਲਦੀ ਆ ਰਹੀ ਗੱਲਬਾਤ ਤੋਂ ਬਾਅਦ ਇੱਕ ਇਤਿਹਾਸਿਕ ਵਪਾਰ ਸਮਝੌਤੇ ਦਾ ਐਲਾਨ ਕੀਤਾ ਹੈ। ਇਹ ਸਭ ਉਸ ਸਮੇਂ ਹੋਇਆ ਜਦੋਂ ਦੋਵੇਂ ਧਿਰਾਂ ਅਮਰੀਕਾ ਦੇ ਨਾਲ ਤਣਾਅ ਵਿੱਚ ਹਨ ਅਤੇ ਦੋਵੇਂ ਆਪਸੀ ਸਬੰਧ ਡੂੰਘਾ ਕਰਨਾ ਚਾਹੁੰਦੀਆਂ ਹਨ। ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਨੇ ਦਿੱਲੀ ਵਿੱਚ ਇੱਕ ਮੀਡੀਆ ਬ੍ਰੀਫਿੰਗ ਵਿੱਚ ਕਿਹਾ, "ਅਸੀਂ ਇਹ ਕਰਕੇ ਦਿਖਾਇਆ, ਅਸੀਂ ਸਾਰਿਆਂ ਨਾਲੋਂ ਵੱਡਾ ਸਮਝੌਤਾ ਕੀਤਾ ਹੈ।" ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਮਝੌਤੇ ਨੂੰ 'ਇਤਿਹਾਸਿਕ' ਦੱਸਿਆ। ਇਹ ਸਮਝੌਤਾ 27 ਯੂਰਪੀ ਦੇਸ਼ਾਂ ਦੇ ਸਮੂਹ ਅਤੇ ਦੁਨੀਆ ਦੇ ਸਭ ਤੋਂ ਜ਼ਿਆਦਾ ਆਬਾਦੀ ਵਾਲੇ ਦੇਸ਼ ਵਿਚਾਲੇ ਸਾਮਾਨਾਂ ਦੇ ਮੁਕਤ ਵਪਾਰ ਦੀ ਆਗਿਆ ਦੇਵੇਗਾ, ਜੋ ਮਿਲ ਕੇ ਦੁਨੀਆ ਦੇ ਕੁੱਲ ਜੀਡੀਪੀ ਦਾ ਲਗਭਗ 25 ਫੀਸਦ ਅਤੇ ਦੋ ਅਰਬ ਲੋਕਾਂ ਦਾ ਬਾਜ਼ਾਰ ਬਣਾਉਂਦਾ ਹੈ। ਉਮੀਦ ਹੈ ਕਿ ਇਹ ਸਮਝੌਤਾ ਦੋਵੇਂ ਧਿਰਾਂ ਲਈ ਟੈਰਿਫ ਨੂੰ ਕਾਫੀ ਘੱਟ ਕਰੇਗਾ ਅਤੇ ਬਾਜ਼ਾਰ ਤੱਕ ਪਹੁੰਚ ਦਾ ਵਿਸਤਾਰ ਕਰੇਗਾ। ਵਾਨ ਡੇਰ ਲੇਅਨ ਅਤੇ ਯੂਰਪੀ ਕਾਊਂਸਿਲ ਦੇ ਪ੍ਰਧਾਨ ਐਂਟੋਨਿ ਕੋਸਟਾ ਦਿੱਲੀ ਵਿੱਚ ਹਨ, ਜਿੱਥੇ ਉਨ੍ਹਾਂ ਨੇ ਇੱਕ ਦੁਵੱਲੇ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ।

ਯੂਰਪੀ ਕਮਿਸ਼ਨ ਨੇ ਕਿਹਾ ਕਿ ਇਹ ਸਮਝੌਤਾ ਪੜਾਅਵਾਰ ਕਟੌਤੀਆਂ ਤੋਂ ਬਾਅਦ ਜ਼ਿਆਦਾਤਰ ਕੈਮੀਕਲ, ਮਸ਼ੀਨਰੀ ਅਤੇ ਇਲੈਕਟ੍ਰਿਕਲ ਉਪਕਰਨਾਂ ਦੇ ਨਾਲ-ਨਾਲ ਜਹਾਜ਼ ਅਤੇ ਪੁਲਾੜ ਯਾਨ ਦੇ ਨਿਰਯਾਤ 'ਤੇ ਟੈਰਿਫ ਖਤਮ ਕਰ ਦੇਵੇਗਾ। ਖਾਸ ਗੱਲ ਇਹ ਹੈ ਕਿ ਮੋਟਰ ਵਾਹਨਾਂ 'ਤੇ ਜੋ ਡਿਊਟੀ ਹੁਣ 110 ਫੀਸਦ ਤੱਕ ਹੈ, ਉਸ ਨੂੰ 250,000 ਵਾਹਨਾਂ ਦੇ ਕੋਟੇ ਤਹਿਤ ਘਟਾ ਕੇ 10 ਫੀਸਦ ਕਰ ਦਿੱਤਾ ਜਾਵੇਗਾ।

### ਕਿਹੜੀਆਂ ਵਸਤੂਆਂ ਦੀ ਕੀਮਤ ਘੱਟ ਸਕਦੀ ਹੈ

ਬਲੂਮਬਰਗ ਨੇ ਦੱਸਿਆ ਕਿ ਇਹ ਪਿਛਲੇ ਜੁਲਾਈ ਵਿੱਚ ਹੋਏ ਇੱਕ ਸਮਝੌਤੇ ਵਿੱਚ ਭਾਰਤ ਵੱਲੋਂ ਬ੍ਰਿਟੇਨ ਨੂੰ ਦਿੱਤੇ ਗਏ 37,000 ਯੂਨਿਟ ਦੇ ਕੋਟੇ ਤੋਂ ਛੇ ਗੁਣਾਂ ਜ਼ਿਆਦਾ ਹੈ। ਈਯੂ ਦੇ ਨਾਲ ਭਾਰਤ ਦਾ ਇਹ ਸਮਝੌਤਾ ਦੇਸ਼ ਵਿੱਚ ਆਉਣ ਵਾਲੇ ਯੂਰਪੀ ਉਤਪਾਦਾਂ ਜਿਵੇਂ, ਕਾਰ, ਮਸ਼ੀਨਰੀ ਅਤੇ ਖੇਤੀ ਖਾਦ ਪਦਾਰਥਾਂ ਦੀਆਂ ਕੀਮਤਾਂ ਨੂੰ ਘੱਟ ਕਰੇਗਾ ਕਿਉਂਕਿ ਇਸ ਨਾਲ ਆਯਾਤ ਡਿਊਟੀਆਂ ਘੱਟ ਹੋ ਜਾਣਗੀਆਂ। ਬਰੁਸੇਲਸ ਨੇ ਕਿਹਾ ਕਿ ਇਹ ਸਮਝੌਤਾ ਇਨਵੈਸਟਮੈਂਟ ਫਲੋ ਨੂੰ ਸਮਰਥਨ ਦੇਵੇਗਾ, ਯੂਰਪੀ ਬਾਜ਼ਾਰਾਂ ਤੱਕ ਪਹੁੰਚ ਨੂੰ ਬਿਹਤਰ ਬਣਾਏਗਾ ਅਤੇ ਸਪਲਾਈ-ਚੇਨ ਇੰਟੀਗ੍ਰੇਸ਼ਨ ਨੂੰ ਡੂੰਘਾ ਕਰੇਗਾ। ਭਾਰਤ ਨੇ ਕਿਹਾ ਕਿ ਉਸ ਦੇ ਲਗਭਗ ਸਾਰੇ ਐਕਸਪੋਰਟ ਨੂੰ ਈਯੂ ਵਿੱਚ 'ਤਰਜੀਹੀ ਪਹੁੰਚ' ਮਿਲੇਗੀ, ਜਿਸ ਵਿੱਚ ਟੈਕਸਟਾਈਲ, ਚਮੜਾ, ਸਮੁੰਦਰੀ ਉਤਪਾਦ, ਦਸਤਕਾਰੀ, ਹੀਰੇ ਅਤੇ ਗਹਿਣਿਆਂ 'ਤੇ ਟੈਰਿਫ ਵਿੱਚ ਘਾਟ ਜਾਂ ਉਸ ਨੂੰ ਖਤਮ ਕੀਤਾ ਜਾਵੇਗਾ।

ਹਾਲਾਂਕਿ ਚਾਹ, ਕੌਫੀ, ਮਸਾਲੇ ਅਤੇ ਪ੍ਰੋਸੈਸਡ ਫੂਡ ਵਰਗੀਆਂ ਵਸਤੂਆਂ ਨੂੰ ਇਸ ਸਮਝੌਤੇ ਤੋਂ ਫਾਇਦਾ ਹੋਵੇਗਾ। ਇਹ ਕਿਹਾ ਗਿਆ ਦਿੱਲੀ ਨੇ 'ਸਮਝਦਾਰੀ ਨਾਲ ਡੇਅਰੀ, ਪੋਲਟਰੀ, ਸੋਆ ਮੀਲ, ਕੁਝ ਫਲ ਅਤੇ ਸਬਜ਼ੀਆਂ



ਸਣੇ ਸੰਵੇਦਨਸ਼ੀਲ ਸੈਕਟਰਾਂ ਦੀ ਸੁਰੱਖਿਆ ਕੀਤੀ ਹੈ, ਜਿਸ ਨਾਲ ਐਕਸਪੋਰਟ ਗ੍ਰੋਥ ਅਤੇ ਘਰੇਲੂ ਤਰਜੀਹਾਂ ਵਿਚਾਲੇ ਸੰਤੁਲਨ ਬਣਿਆ ਰਹੇ।' ਭਾਰਤ ਅਤੇ ਬੈਲਜੀਅਮ ਨੇ ਇੱਕ ਮੋਬਿਲਿਟੀ ਫ੍ਰੇਮਵਰਕ 'ਤੇ ਵੀ ਸਹਿਮਤੀ ਜਤਾਈ ਹੈ, ਜੋ ਪੇਸ਼ੇਵਰਾਂ ਲਈ ਭਾਰਤ ਅਤੇ ਈਯੂ ਵਿਚਾਲੇ ਘੱਟ ਸਮੇਂ ਲਈ ਯਾਤਰਾ ਕਰਨ 'ਤੇ ਲੱਗੀ ਪਾਬੰਦੀਆਂ ਨੂੰ ਆਸਾਨ ਬਣਾਉਂਦਾ ਹੈ। ਪੀਐੱਮ ਮੋਦੀ ਨੇ ਕਿਹਾ, "ਇਹ ਭਾਰਤ ਦਾ ਸਭ ਤੋਂ ਵੱਡਾ ਮੁਫ਼ਤ ਵਪਾਰ ਸਮਝੌਤਾ ਹੈ"।

"ਇਸ ਨਾਲ ਭਾਰਤ ਦੇ ਕਿਸਾਨਾਂ ਅਤੇ ਛੋਟੇ ਕਾਰੋਬਾਰੀਆਂ ਦੇ ਲਈ ਯੂਰਪੀ ਬਾਜ਼ਾਰਾਂ ਤੱਕ ਪਹੁੰਚ ਆਸਾਨ ਹੋ ਜਾਵੇਗੀ। ਇਸ ਨਾਲ ਨਿਰਮਾਣ ਅਤੇ ਸਰਵਿਸ ਸੈਕਟਰ ਨੂੰ ਵੀ ਹੁਲਾਰਾ ਮਿਲੇਗਾ। ਇਹ ਨਵੀਨਤਾਕਾਰੀ ਭਾਗੀਦਾਰੀ ਨੂੰ ਵੀ ਉਤਸ਼ਾਹਿਤ ਕਰੇਗਾ।"

ਇਹ ਵਪਾਰ ਸਮਝੌਤਾ ਉਸ ਸਮੇਂ ਹੋਇਆ ਹੈ, ਜਦੋਂ ਭਾਰਤ ਅਤੇ ਈਯੂ ਦੋਵੇਂ ਅਮਰੀਕਾ ਦੇ ਆਰਥਿਕ ਅਤੇ ਜੀ ਪੌਲੀਟਿਕਸ ਦਬਾਅ ਦਾ ਸਾਹਮਣਾ ਕਰ ਰਹੇ ਹਨ। ਭਾਰਤ ਪਿਛਲੇ ਸਾਲ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਲਗਾਏ ਗਏ 50 ਫੀਸਦ ਟੈਰਿਫ ਨਾਲ ਜੂਝ ਰਿਹਾ ਹੈ, ਜਦਕਿ ਭਾਰਤ ਅਤੇ ਅਮਰੀਕਾ ਵਿਚਾਲੇ ਟਰੇਡ ਡੀਲ ਨੂੰ ਲੈ ਕੇ ਗੱਲਬਾਤ ਹਾਲੇ ਵੀ ਚੱਲ ਰਹੀ ਹੈ। ਪਿਛਲੇ ਹਫ਼ਤੇ ਟਰੰਪ ਨੇ ਗ੍ਰੀਨਲੈਂਡ 'ਤੇ ਅਮਰੀਕਾ ਦੇ ਕਬਜ਼ੇ ਦਾ ਵਿਰੋਧ ਕਰਨ ਲਈ ਯੂਰਪੀ ਸਹਿਯੋਗੀਆਂ ਦੇ ਨਾਲ ਆਪਣੇ 'ਵਪਾਰ ਯੁੱਧ' ਨੂੰ ਵਧਾਉਣ ਦੀ ਧਮਕੀ ਦਿੱਤੀ ਸੀ ਪਰ ਬਾਅਦ ਵਿੱਚ ਉਹ ਪਿੱਛੇ ਹਟ ਗਏ। ਇਹ ਵੱਡਾ ਭੂ-ਰਾਜਨੀਤਿਕ ਸੰਦਰਭ ਨੇਤਾਵਾਂ ਦੇ ਬਿਆਨਾਂ ਵਿੱਚ ਸਾਫ਼ ਦਿਖ ਰਿਹਾ ਸੀ। ਮੰਗਲਵਾਰ ਨੂੰ ਵਾਨ ਡੇਰ ਲੇਅਨ ਨੇ ਕਿਹਾ, "ਇਹ ਦੋ ਦਿੱਗਜਾਂ ਦੀ ਕਹਾਣੀ ਹੈ, ਜੋ ਦੁਨੀਆਂ ਦੇ ਦੂਜੀ ਅਤੇ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਹਨ। ਇਨ੍ਹਾਂ ਦੋਵੇਂ ਦਿੱਗਜਾਂ ਨੇ ਸਾਂਝੇਦਾਰੀ ਨੂੰ ਅਜਿਹੇ ਤਰੀਕੇ ਨਾਲ ਚੁਣਿਆ ਹੈ, ਜਿਸ ਨਾਲ ਦੋਵਾਂ ਦਾ ਫਾਇਦਾ ਹੋ ਰਿਹਾ ਹੈ। ਇਹ ਇੱਕ ਮਜ਼ਬੂਤ ਸੰਦੇਸ਼ ਹੈ ਕਿ ਸਹਿਯੋਗ ਵਿਸ਼ਵ ਚੁਣੌਤੀਆਂ ਦਾ ਸਭ ਤੋਂ ਵਧੀਆ ਜਵਾਬ ਹੈ।"

ਇਸ ਦੇ ਇੱਕ ਦਿਨ ਪਹਿਲਾਂ ਕੋਸਟਾ ਨੇ ਅਮਰੀਕਾ ਦਾ ਨਾਮ ਲਏ ਬਿਨਾਂ ਕਿਹਾ ਸੀ ਕਿ ਇਹ ਟਰੇਡ ਡੀਲ ਦੁਨੀਆ ਨੂੰ ਇੱਕ 'ਮਹੱਤਵਪੂਰਨ ਰਾਜਨੀਤਿਕ ਸੰਦੇਸ਼' ਦੇਵੇਗੀ ਕਿ ਭਾਰਤ ਅਤੇ ਈਯੂ ਟੈਰਿਫ ਦੀ ਬਜਾਏ ਵਪਾਰ ਸਮਝੌਤੇ ਵਿੱਚ ਜ਼ਿਆਦਾ ਵਿਸ਼ਵਾਸ ਕਰਦੇ ਹਨ, ਉਹ ਵੀ ਅਜਿਹੇ ਸਮੇਂ ਜਦੋਂ ਸੁਰੱਖਿਆਵਾਦ ਵਧ ਰਿਹਾ ਹੈ ਅਤੇ 'ਕੁਝ ਦੇਸ਼ਾਂ ਨੇ ਟੈਰਿਫ ਵਧਾਉਣ ਦਾ ਫ਼ੈਸਲਾ ਕੀਤਾ ਹੈ।' ਵਾਨ ਡੇਰ ਲੇਅਨ ਅਤੇ ਕੋਸਟਾ ਹਫ਼ਤੇ ਦੀ ਅਖੀਰ ਵਿੱਚ ਦਿੱਲੀ ਪਹੁੰਚੇ ਅਤੇ ਸੋਮਵਾਰ ਨੂੰ ਭਾਰਤ ਦੇ ਗਣਤੰਤਰ ਦਿਵਸ ਸਮਾਰੋਹ ਵਿੱਚ ਮੁੱਖ ਮਹਿਮਾਨ ਸਨ। ਮੰਗਲਵਾਰ ਨੂੰ ਨੇਤਾਵਾਂ ਨੇ ਪੀਐੱਮ ਮੋਦੀ ਨਾਲ ਤਸਵੀਰਾਂ ਖਿਚਵਾਈਆਂ, ਜਿਸ ਵਿੱਚ ਉਨ੍ਹਾਂ ਵਿਚਾਲੇ ਚੰਗੀ ਦੋਸਤੀ ਸਾਫ਼ ਝਲਕ ਰਹੀ ਸੀ।

ਰਸਮੀ ਦਸਤਖ਼ਤ ਇਸ ਸਾਲ ਦੇ ਅਖੀਰ ਵਿੱਚ ਹੀ ਹੋਣ ਦੀ ਸੰਭਾਵਨਾ ਹੈ, ਜਦੋਂ ਸਮਝੌਤੇ ਨੂੰ ਯੂਰਪੀ ਸੰਸਦ ਅਤੇ ਯੂਰਪੀ ਕੌਂਸਲ ਵਿੱਚ ਮਨਜ਼ੂਰੀ ਮਿਲ ਜਾਵੇਗੀ। ਭਾਰਤ ਅਤੇ ਯੂਰਪੀ ਸੰਘ ਵਪਾਰ ਸਮਝੌਤੇ ਦੇ ਨਾਲ-ਨਾਲ ਸੁਰੱਖਿਆ ਤੇ ਰੱਖਿਆ ਸਹਿਯੋਗ ਅਤੇ ਜਲਵਾਯੂ ਕਾਰਵਾਈ 'ਤੇ ਵੀ ਵੱਖ ਤੋਂ ਗੱਲਬਾਤ ਕਰ ਰਹੇ ਹਨ। ਮੰਗਲਵਾਰ ਨੂੰ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਯੂਰਪੀ ਕਮਿਸ਼ਨ ਦੀ ਉੱਪ-ਪ੍ਰਧਾਨ ਕਾਜਾ ਕਾਲਾਸ ਦੇ ਨਾਲ ਕਈ ਦੁਵੱਲੇ ਸੁਰੱਖਿਆ ਅਤੇ ਰੱਖਿਆ ਮੁੱਦਿਆਂ 'ਤੇ ਚਰਚਾ ਕੀਤੀ, ਜਿਸ ਵਿੱਚ ਭਰੋਸੇਮੰਦ ਰੱਖਿਆ ਇਕੋਸਿਸਟਮ ਬਣਾਉਣ ਅਤੇ ਭਵਿੱਖ ਦੇ ਲਈ ਤਿਆਰ ਸਮਰੱਥਾਵਾਂ ਵਿਕਸਿਤ ਕਰਨ ਦੇ ਲਈ ਸਪਲਾਈ ਚੇਨ ਨੂੰ ਇੰਟੀਗ੍ਰੇਟ ਕਰਨ ਦੇ ਮੌਕੇ ਸ਼ਾਮਲ ਹਨ।

ਦੋਵੇਂ ਧਿਰਾਂ ਇੱਕ ਡਰਾਫ਼ਟ ਸੁਰੱਖਿਆ ਅਤੇ ਰੱਖਿਆ ਸਾਂਝੇਦਾਰੀ 'ਤੇ ਕੰਮ ਕਰ ਰਹੇ ਹਨ, ਜਿਸ ਵਿੱਚ ਸਮੁੰਦਰੀ ਸੁਰੱਖਿਆ, ਸਾਇਬਰ ਖਤਰਿਆਂ ਅਤੇ ਰੱਖਿਆ ਸੰਵਾਦ ਵਰਗੇ ਖੇਤਰ ਸ਼ਾਮਲ ਹਨ। ਵਸਤੂਆਂ ਦੇ ਮਾਮਲੇ ਵਿੱਚ ਈਯੂ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ, 2024-25 ਵਿੱਚ ਦੁਵੱਲਾ ਵਪਾਰ $136 ਬਿਲੀਅਨ (£99.4 ਬਿਲੀਅਨ) ਤੱਕ ਪਹੁੰਚ ਗਿਆ, ਜੋ ਇੱਕ ਦਹਾਕੇ ਵਿੱਚ ਲਗਭਗ ਦੁੱਗਣਾ ਹੋ ਗਿਆ। ਉਨ੍ਹਾਂ ਵਿਚਾਲੇ ਇੱਕ ਡੀਲ ਦੇ ਲਈ ਗੱਲਬਾਤ 2007 ਵਿੱਚ ਸ਼ੁਰੂ ਹੋਈ ਸੀ ਪਰ ਬਾਜ਼ਾਰ ਪਹੁੰਚ ਅਤੇ ਰੇਗੁਲੇਟਰੀ ਮੰਗਾਂ ਵਿੱਚ ਰੁਕਾਵਟਾਂ ਕਾਰਨ 2013 ਵਿੱਚ ਰੁਕ ਗਈ। ਜੁਲਾਈ 2022 ਵਿੱਚ ਰਸਮੀ ਤੌਰ 'ਤੇ ਗੱਲਬਾਤ ਫਿਰ ਸ਼ੁਰੂ ਹੋਈ।

ਦੋਵਾਂ ਪਾਸਿਆਂ ਦੇ ਅਧਿਕਾਰੀਆਂ ਨੇ ਪਿਛਲੇ ਕੁਝ ਦਿਨਾਂ ਤੋਂ ਸਮਝੌਤੇ ਦੇ ਬਾਕੀ ਅਧਿਆਵਾਂ ਨੂੰ ਅੰਤਿਮ ਰੂਪ ਦੇਣ ਲਈ ਸਖ਼ਤ ਮਿਹਨਤ ਕੀਤੀ ਹੈ, ਜਿਸਦਾ ਉਦੇਸ਼ ਯੂਰਪੀ ਸੰਘ ਦੇ ਨੇਤਾਵਾਂ ਦੀ ਫੇਰੀ ਤੋਂ ਪਹਿਲਾਂ ਇਸ ਨੂੰ ਪੂਰਾ ਕਰਨਾ ਸੀ।

ਇਹ ਸਮਝੌਤਾ ਅਜਿਹੇ ਸਮੇਂ ਵਿੱਚ ਹੋਇਆ ਹੈ ਜਦੋਂ ਨਿਰਯਾਤਕਾਂ ਲਈ ਵਿਕਲਪਿਕ ਬਾਜ਼ਾਰ ਸੁਰੱਖਿਅਤ ਕਰਨ ਲਈ ਭਾਰਤ ਅਤੇ ਬਰੁਸੇਲਸ 'ਤੇ ਦਬਾਅ ਵੱਧ ਰਿਹਾ ਹੈ। ਪਿਛਲੇ ਸੱਤ ਮਹੀਨਿਆਂ ਵਿੱਚ ਭਾਰਤ ਨੇ ਯੂਕੇ, ਮਾਨ ਅਤੇ ਨਿਊਜ਼ੀਲੈਂਡ ਦੇ ਨਾਲ ਵੱਡੇ ਵਪਾਰ ਸਮਝੌਤੇ ਕੀਤੇ ਅਤੇ ਚਾਰ-ਦੇਸ਼ੀ ਯੂਰਪੀਅਨ ਮੁਕਤ ਵਪਾਰ ਐਸੋਸੀਏਸ਼ਨ ਬਲਾਕ ਸਵਿਟਜ਼ਰਲੈਂਡ, ਨਾਰਵੇ, ਆਈਸਲੈਂਡ ਅਤੇ ਲੀਚਟਨਸਟਾਈਨ ਨਾਲ 2024 ਵਿੱਚ ਕੀਤਾ ਗਿਆ ਸਮਝੌਤਾ ਲਾਗੂ ਹੋ ਗਿਆ ਹੈ। ਇਸ ਨੇ 2023 ਵਿੱਚ ਆਸਟ੍ਰੇਲੀਆ ਨਾਲ ਇੱਕ ਵਪਾਰ ਸਮਝੌਤਾ ਕੀਤਾ ਸੀ। ਇਸ ਵਿਚਾਲੇ ਈਯੂ ਨੇ ਇਸ ਮਹੀਨੇ ਦੀ ਸ਼ੁਰੂਆਤ ਵਿੱਚ 25 ਸਾਲ ਦੀ ਗੱਲਬਾਤ ਤੋਂ ਬਾਅਦ ਦੱਖਣੀ ਅਮਰੀਕੀ ਵਪਾਰ ਬਲੌਕ ਮਰਕੋਸੁਰ ਨਾਲ ਇੱਕ ਵਪਾਰ ਸਮਝੌਤਾ ਕੀਤਾ।

# ਜੰਗਾਂ-ਯੁੱਧਾਂ ਦਾ ਨਹੀਂ ਆਰਥਿਕ ਸਹਿਯੋਗ ਦਾ ਹੈ ਅਜੋਕਾ ਯੁੱਗ

ਅਖ਼ੀਰ ਭਾਰਤ ਅਤੇ ਯੂਰਪੀ ਸੰਘ ਵਿਚਕਾਰ ਸਾਰੇ ਸਮਝੌਤਿਆਂ ਦਾ ਮੁੱਢ ਕਿਹਾ ਜਾਣ ਵਾਲਾ ਮੁਕਤ ਵਪਾਰ ਸਮਝੌਤਾ (ਐੱਫਟੀਏ) ਹੋ ਗਿਆ ਹੈ। ਇਸ ਸਮਝੌਤੇ ਦਾ ਮਹੱਤਵ ਸਿਰਫ਼ ਇਸ ਲਈ ਨਹੀਂ ਹੈ ਕਿ ਇਹ ਦੁਨੀਆ ਦੀ ਇਕ-ਚੌਥਾਈ ਆਬਾਦੀ ਵਾਲੇ ਭਾਰਤ ਅਤੇ 27 ਮੈਂਬਰਾਂ ਵਾਲੇ ਯੂਰਪੀ ਸੰਘ ਵਿਚਕਾਰ ਹੋਇਆ ਹੈ ਸਗੋਂ ਇਸ ਦੀ ਅਹਿਮੀਅਤ ਇਸ ਲਈ ਵੀ ਹੈ ਕਿਉਂਕਿ ਇਸ ਨੇ ਅਮਰੀਕਾ ਅਤੇ ਚੀਨ ਨੂੰ ਇਹ ਸੁਨੇਹਾ ਦਿੱਤਾ ਹੈ ਕਿ ਉਨ੍ਹਾਂ ਦਾ ਬਦਲ ਉਪਲਬਧ ਹੈ।

ਇਸ ਸੁਨੇਹੇ ਦੀ ਪੁਸ਼ਟੀ ਅਮਰੀਕੀ ਨੇਤਾਵਾਂ ਦੇ ਉਹ ਬਿਆਨ ਕਰਦੇ ਹਨ ਜਿਨ੍ਹਾਂ ਵਿਚ ਇਹ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਇਹ ਸਮਝੌਤਾ ਰਾਸ ਨਹੀਂ ਆਇਆ। ਇਸ ਗੱਲ ਦੀ ਹੈਰਾਨੀ ਨਹੀਂ ਹੋਵੇਗੀ ਕਿ ਅਮਰੀਕਾ ਇਸ ਵਿਚ ਰੁਕਾਵਟ ਪੈਦਾ ਕਰਨ ਦੀ ਕੋਸ਼ਿਸ਼ ਕਰੇ। ਉਹ ਅਜਿਹਾ ਇਸ ਲਈ ਕਰ ਸਕਦਾ ਹੈ ਕਿਉਂਕਿ ਟਰੰਪ ਲੰਬੇ ਸਮੇਂ ਤੋਂ ਭਾਰਤ ’ਤੇ ਵਪਾਰ ਸਮਝੌਤਾ ਕਰਨ ਦਾ ਦਬਾਅ ਪਾ ਰਹੇ ਹਨ ਪਰ ਭਾਰਤ ਆਪਣੇ ਹਿੱਤਾਂ ਦੀ ਰੱਖਿਆ ਨੂੰ ਤਰਜੀਹ ਦਿੰਦਾ ਹੋਇਆ ਅਮਰੀਕਾ ਦੀਆਂ ਸ਼ਰਤਾਂ ਅੱਗੇ ਝੁਕਣ ਲਈ ਤਿਆਰ ਨਹੀਂ ਹੋ ਰਿਹਾ।

ਹਕੀਕਤ ਇਹ ਹੈ ਕਿ ਟੈਰਿਫ ਦੇ ਮਾਮਲੇ ਵਿਚ ਅਮਰੀਕਾ ਦੇ ਮਨਮਾਨੇ ਰਵੱਈਏ ਨੇ ਹੀ ਇਸ ਸਮਝੌਤੇ ਦੇ ਰਾਹ ਨੂੰ ਆਸਾਨ ਬਣਾਇਆ। ਇਸ ਸਮਝੌਤੇ ਦਾ ਇਕ ਹੋਰ ਮਹੱਤਵ ਇਸ ਲਈ ਵੀ ਹੈ ਕਿਉਂਕਿ ਯੂਰਪੀ ਸੰਘ ਅਤੇ ਭਾਰਤ ਦੂਜੇ ਅਤੇ ਚੌਥੇ ਸਭ ਤੋਂ ਵੱਡੇ ਅਰਥਚਾਰੇ ਹਨ ਜੋ ਆਲਮੀ ਸਮੁੱਚੇ ਘਰੇਲੂ ਉਤਪਾਦ (ਜੀਡੀਪੀ) ਦੇ 25 ਪ੍ਰਤੀਸ਼ਤ ਦੇ ਬਰਾਬਰ ਹਨ ਅਤੇ ਜੋ ਵਿਸ਼ਵ ਵਪਾਰ ਦਾ ਇਕ ਤਿਹਾਈ ਹਿੱਸਾ ਹਨ। ਸਪਸ਼ਟ ਹੈ ਕਿ ਦੁਨੀਆ ਦੇ ਦੋ ਵੱਡੇ ਅਰਥਚਾਰਿਆਂ ਵਿਚਕਾਰ ਸਹਿਯੋਗ ਦੋਹਾਂ ਪੱਖਾਂ ਨੂੰ ਵਪਾਰ ਅਤੇ ਨਿਵੇਸ਼ ਦੇ ਬੇਮਿਸਾਲ ਮੌਕੇ ਪ੍ਰਦਾਨ ਕਰੇਗਾ। ਇਹ ਮੌਕਾ ਆਰਥਿਕ ਖ਼ੁਸ਼ਹਾਲੀ ਨੂੰ ਤਾਕਤ ਦੇਣ ਦੇ ਨਾਲ-ਨਾਲ ਰੁਜ਼ਗਾਰ ਦੀ ਸਮੱਸਿਆ ਨੂੰ ਵੀ ਦੂਰ ਕਰੇਗਾ।

ਇਸ ਸਮਝੌਤੇ ਨਾਲ ਜਿੱਥੇ ਯੂਰਪੀ ਕਾਰਾਂ, ਵਾਈਨ, ਮਸ਼ੀਨਰੀ, ਰਸਾਇਣ, ਸਟੀਲ ਆਦਿ ’ਤੇ ਭਾਰਤੀ ਇੰਪੋਰਟ ਡਿਊਟੀ ਵਿਚ ਭਾਰੀ ਕਟੌਤੀ ਹੋਵੇਗੀ, ਥੇ ਹੀ ਭਾਰਤੀ ਕੱਪੜਿਆਂ, ਰਤਨ, ਦਵਾਈਆਂ ਆਦਿ ਲਈ ਯੂਰਪੀ ਬਾਜ਼ਾਰ ਵਿਚ ਪਹੁੰਚ ਆਸਾਨ ਹੋਵੇਗੀ। ਇਹ ਵੀ ਜ਼ਿਕਰਯੋਗ ਹੈ ਕਿ ਇਸ ਸਮਝੌਤੇ ਨਾਲ ਦੋਹਾਂ ਧਿਰਾਂ ਵਿਚਕਾਰ ਰਣਨੀਤਕ ਸਹਿਯੋਗ ਵਧੇਗਾ। ਇਸ ਤੋਂ ਇਲਾਵਾ ਭਾਰਤੀ ਵਿਦਿਆਰਥੀਆਂ, ਖੋਜ ਕਰਤਿਆਂ ਅਤੇ ਕੁਸ਼ਲ ਪੇਸ਼ੇਵਰਾਂ ਨੂੰ ਯੂਰਪ ਵਿਚ ਨਵੇਂ ਮੌਕੇ ਮਿਲਣਗੇ। ਕਿਉਂਕਿ ਭਾਰਤ ਅਤੇ ਯੂਰਪੀ ਸੰਘ ਵਿਚਕਾਰ ਹੋਇਆ ਐੱਫਟੀਏ ਦੋਹਾਂ ਲਈ ਲ ਾਭਦਾਇਕ ਹੈ, ਇਸ ਲਈ ਉਤਸ਼ਾਹ ਦਾ ਮਾਹੌਲ ਹੈ ਪਰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਸਮਝੌਤੇ ਨੂੰ ਯੂਰਪੀ ਸੰਸਦ ਅਤੇ ਕੌਂਸਲ ਤੋਂ ਮਨਜ਼ੂਰੀ ਦੀ ਜ਼ਰੂਰਤ ਹੋਵੇਗੀ।

ਇਸ ਵਿਚ ਜੋ ਸਮਾਂ ਲੱਗੇਗਾ, ਉਸ ਦਾ ਸਦਉਪਯੋਗ ਇਸ ਐੱਫਟੀਏ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਤਿਆਰੀ ਵਿਚ ਖਪਾਉਣਾ ਚਾਹੀਦਾ ਹੈ। ਇਹ ਤਿਆਰੀ ਭਾਰਤੀ ਉੱਦਮੀਆਂ ਨੂੰ ਖ਼ਾਸ ਤੌਰ ’ਤੇ ਕਰਨੀ ਹੋਵੇਗੀ। ਉਨ੍ਹਾਂ ਨੂੰ ਆਪਣੇ-ਆਪ ਨੂੰ ਸਾਬਿਤ ਕਰਨ ਦਾ ਜੋ ਮੌਕਾ ਮਿਲਣ ਜਾ ਰਿਹਾ ਹੈ, ਉਸ ਦਾ ਲਾਹਾ ਲੈਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ। ਉਨ੍ਹਾਂ ਨੂੰ ਗੁਣਵੱਤਾ ਅਤੇ ਉਤਪਾਦਕਤਾ ਦਾ ਪੱਧਰ ਉੱਨਤ ਕਰਦੇ ਹੋਏ ਅਜਿਹੇ ਮੁੱਲਵਾਨ ਵਿਸ਼ਵ-ਪੱਧਰੀ ਉਤਪਾਦ ਤਿਆਰ ਕਰਨੇ ਹੋਣਗੇ ਜਿਨ੍ਹਾਂ ਦੀ ਖ਼ਾਸ ਪਛਾਣ ਬਣੇ ਅਤੇ ਇਸ ਦੇ ਚੱਲਦੇ ਉਨ੍ਹਾਂ ਦੀ ਮੰਗ ਵਧੇ।

ਇਸ ਤੱਥ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਭਾਰਤੀ ਉਤਪਾਦ ਆਪਣੀ ਉੱਚ ਗੁਣਵੱਤਾ ਲਈ ਘੱਟ ਹੀ ਜਾਣੇ ਜਾਂਦੇ ਹਨ। ਭਾਰਤੀ ਉੱਦਮੀਆਂ ਨੂੰ ਆਪਣੇ ਉਤਪਾਦਾਂ ਦਾ ਨਿਰਮਾਣ ਵਿਸ਼ਵ-ਪੱਧਰੀ ਮਿਆਰਾਂ ਮੁਤਾਬਕ ਕਰਨ ਲਈ ਵੀ ਤਿਆਰ ਰਹਿਣਾ ਹੋਵੇਗਾ, ਕਿਉਂਕਿ ਇਸੇ ਨਾਲ ਹੀ ਆਪਸੀ ਵਪਾਰ ਦਾ ਪਲੜਾ ਭਾਰਤ ਦੇ ਪੱਖ ਵਿਚ ਬਣਿਆ ਰਹਿ ਸਕਦਾ ਹੈ।

# ਖੇਤਾਂ ਨੂੰ ਗਏ ਸੀ ਪਹੁੰਚ ਗਏ ਪਾਕਿਸਤਾਨ ਦੀਆਂ ਜੇਲ੍ਹਾਂ 'ਚ

(ਸਫਾ 8 ਦੀ ਬਾਕੀ)

ਪਰਿਵਾਰ ਵਿੱਚ ਉਨ੍ਹਾਂ ਦੀ ਪਤਨੀ ਅੱਠ ਮਹੀਨਿਆਂ ਦਾ ਪੁੱਤਰ, ਬਜ਼ੁਰਗ ਮਾਤਾ-ਪਿਤਾ ਅਤੇ ਛੋਟੀ ਭੈਣ ਹੈ। ਅਮ੍ਰਿਤਪਾਲ ਦਾ ਪੁੱਤ ਉਦੋਂ ਮਹਿਜ਼ ਤਿੰਨ ਮਹੀਨਿਆਂ ਦਾ ਸੀ ਜਿਸ ਦਿਨ ਉਹ ਅਣਜਾਣੇ ਵਿੱਚ ਪਾਕਿਸਤਾਨ ਦਾਖ਼ਲ ਹੋਇਆ ਸੀ। ਜੋਗਿੰਦਰ ਸਿੰਘ ਕਹਿੰਦੇ ਹਨ, "ਜਦੋਂ ਪੁੱਤਰ ਦੀ ਯਾਦ ਆਉਂਦੀ ਹੈ ਤਾਂ ਮਨ ਨੂੰ ਸਮਝਾ ਲਈਦਾ ਹੈ। ਹਰਪ੍ਰੀਤ ਦੇ ਬੱਚੇ ਪੁੱਛਦੇ ਹਨ ਕਿ ਉਨ੍ਹਾਂ ਦਾ ਪਿਉ ਕਦੋਂ ਵਾਪਸ ਆਵੇਗਾ। ਸਾਡੇ ਕੋਲ ਕੋਈ ਜਵਾਬ ਨਹੀਂ ਹੁੰਦਾ। ਇਸ ਲਈ ਝੂਠੀ ਉਮੀਦ ਦੇ ਦਿੰਦੇ ਹਾਂ।" ਜੁਗਰਾਜ ਸਿੰਘ ਕਹਿੰਦੇ ਹਨ, "ਬੱਚਿਆਂ ਦੇ ਨਾਲ ਘਰ ਵਿੱਚ ਰੌਣਕ ਹੁੰਦੀ ਹੈ। ਮਨ ਬਹੁਤ ਦੁਖੀ ਹੁੰਦਾ ਹੈ। ਦਿਨ ਬਹੁਤ ਔਖੇ ਲੰਘ ਰਹੇ ਹਨ।" "ਸਾਨੂੰ 26 ਦਸੰਬਰ ਨੂੰ ਉਮੀਦ ਸੀ ਕਿ ਅਮ੍ਰਿਤਪਾਲ ਘਰ ਆ ਜਾਵੇਗਾ। ਪਰ ਉਹ ਨਹੀਂ ਆਇਆ। ਇਸ ਦੁੱਖ ਵਿੱਚ ਉਨ੍ਹਾਂ ਦੀ ਦਾਦੀ ਉਸ ਦਿਨ ਤੋਂ ਮੰਜੇ ਤੋਂ ਨਹੀਂ ਉੱਠ ਸਕੇ।" ਅਮ੍ਰਿਤਪਾਲ ਦੀ ਮਾਂ ਅਮਨਦੀਪ ਕੌਰ ਕਹਿੰਦੇ ਹਨ, "ਪੁੱਤਰ ਦੀ ਬਹੁਤ ਯਾਦ ਆਉਂਦੀ ਹੈ। ਦਿਨ ਗਿਣ-ਗਿਣ ਕੇ ਲੰਘਾਂ ਰਹੇ ਹਾਂ। ਜਦੋਂ ਕੋਈ ਉਮੀਦ ਮਿਲਦੀ ਹੈ ਤਾਂ ਦਿਨ ਗਿਣਨ ਲੱਗ ਜਾਂਦੇ ਹਾਂ।"

### ਅਮ੍ਰਿਤਪਾਲ ਦੇ ਵਕੀਲ ਨੇ ਕੀ ਕਿਹਾ

ਅਮ੍ਰਿਤਪਾਲ ਦੇ ਵਕੀਲ ਸੁਹੇਲ ਅਹਿਮਦ ਅੰਸਾਰੀ ਨੇ ਦੱਸਿਆ ਕਿ ਦਸੰਬਰ ਮਹੀਨੇ ਫੈਡਰਲ ਰਿਵਿਊ ਬੋਰਡ ਦੀ ਮੀਟਿੰਗ ਵਿੱਚ ਅਮ੍ਰਿਤਪਾਲ ਦੇ ਨਾਮ ਉੱਤੇ ਚਰਚਾ ਹੋਈ ਸੀ। ਪਰ ਮਨਜ਼ੂਰੀ ਨਹੀਂ ਬਣ ਸਕੀ। ਉਨ੍ਹਾਂ ਦੱਸਿਆ ਕਿ ਜਦੋਂ ਕੋਈ ਕੈਦੀ ਸਜ਼ਾ ਪੂਰੀ ਕਰ ਲੈਂਦਾ ਹੈ ਤਾਂ ਫੈਡਰਲ ਰਿਵਿਊ ਬੋਰਡ ਉਸ ਕੈਦੀ ਦੇ ਕੇਸ ਦਾ ਮੁਲਾਂਕਣ ਕਰਦਾ ਹੈ। ਜੇਕਰ ਇਸ ਮੀਟਿੰਗ ਵਿੱਚ ਮਨਜ਼ੂਰੀ ਮਿਲ ਜਾਵੇ ਤਾਂ ਸਬੰਧਤ ਕੈਦੀ ਨੂੰ ਉਸ ਦੇ ਦੇਸ਼ ਵਿੱਚ ਡਿਪੋਰਟ ਕਰ ਦਿੱਤਾ ਜਾਂਦਾ ਹੈ। ਅਮ੍ਰਿਤਪਾਲ ਸਿੰਘ ਅਤੇ ਹਰਪ੍ਰੀਤ ਸਿੰਘ ਦਾ ਪਰਿਵਾਰ ਕੇਂਦਰ ਸਰਕਾਰ ਤੋਂ ਦਖ਼ਲ ਦੀ ਮੰਗ ਕਰ ਰਿਹਾ ਹੈ। ਦੋਵਾਂ ਪਰਿਵਾਰਾਂ ਮੁਤਾਬਕ ਹਰਪ੍ਰੀਤ ਸਿੰਘ ਅਤੇ ਅਮ੍ਰਿਤਪਾਲ ਸਿੰਘ ਦੀ ਘਰ ਵਾਪਸੀ ਕੇਂਦਰ ਸਰਕਾਰ ਉੱਤੇ ਨਿਰਭਰ ਹੈ। ਉਹ ਚਾਹੁੰਦੇ ਹਨ ਕਿ ਕੇਂਦਰ ਸਰਕਾਰ ਪਹਿਲ ਦੇ ਆਧਾਰ ਉੱਤੇ ਪਾਕਿਸਤਾਨ ਸਰਕਾਰ ਕੋਲ ਉਨ੍ਹਾਂ ਦੇ ਪੁੱਤਰਾਂ ਦਾ ਮਸਲਾ ਚੁੱਕੇ। ਜੋਗਿੰਦਰ ਸਿੰਘ ਕਹਿੰਦੇ ਹਨ, "ਜੇਕਰ ਸਰਕਾਰ ਚਾਹੇ ਤਾਂ ਮੇਰਾ ਪੁੱਤ ਜਲਦ ਘਰ ਵਾਪਸ ਆ ਸਕਦਾ ਹੈ। ਅਸੀਂ ਸਰਕਾਰ ਨੂੰ ਗੁਹਾਰ ਲਗਾਈ ਹੈ। ਭਾਰਤ ਸਰਕਾਰ ਦੇ ਕਈ ਨੁਮਾਇੰਦਿਆਂ ਅਤੇ ਮੰਤਰੀਆਂ ਨੂੰ ਈਮੇਲ ਭੇਜ ਕੇ ਮਦਦ ਦੀ ਮੰਗ ਕੀਤੀ ਹੈ।" ਜੁਗਰਾਜ ਸਿੰਘ ਕਹਿੰਦੇ ਹਨ, "ਅਸੀਂ ਪੰਜਾਬ ਦੇ ਗਵਰਨਰ ਨਾਲ ਵੀ ਮੁਲਾਕਾਤ ਕਰਕੇ ਉਨ੍ਹਾਂ ਦੀ ਮਦਦ ਦੀ ਮੰਗ ਕੀਤੀ ਹੈ। ਅਸੀਂ ਕੇਂਦਰ ਸਰਕਾਰ ਅਤੇ ਭਾਰਤੀ ਅੰਬੈਸੀ ਨੂੰ ਬੇਨਤੀ ਕਰਦੇ ਹਾਂ ਕਿ ਮੇਰੇ ਪੁੱਤ ਨੂੰ ਭਾਰਤ ਵਾਪਸ ਲਿਆਂਦਾ ਜਾਵੇ।"

### ਸਰਕਾਰ ਦਾ ਕੀ ਕਹਿਣਾ ਹੈ

ਮੁੱਖ ਮੰਤਰੀ ਦੇ ਫ਼ੀਲਡ ਅਫ਼ਸਰ ਵਜੋਂ ਫ਼ਿਰੋਜ਼ਪੁਰ ਵਿੱਚ ਤੈਨਾਤ ਰਾਜਬੀਰ ਸਿੰਘ ਨੇ ਦੱਸਿਆ, "ਜਦੋਂ ਕੋਈ ਵਿਅਕਤੀ ਗ਼ਲਤੀ ਨਾਲ ਬਾਰਡਰ ਪਾਰ ਕਰਕੇ ਪਾਕਿਸਤਾਨ ਪਹੁੰਚ ਜਾਂਦਾ ਹੈ ਤਾਂ ਪ੍ਰਸ਼ਾਸਨ ਦੀ ਡਿਊਟੀ ਸਥਾਨਕ ਪੱਧਰ ਉੱਤੇ ਜਾਂਚ ਕਰਵਾਉਣਾ ਹੁੰਦਾ ਹੈ। ਜਾਂਚ ਪੂਰੀ ਹੋਣ ਮਗਰੋਂ ਰਿਪੋਰਟ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਨੂੰ ਭੇਜ ਦਿੱਤੀ ਜਾਂਦੀ ਹੈ। ਪੰਜਾਬ ਸਰਕਾਰ ਦਾ ਗ੍ਰਹਿ ਵਿਭਾਗ ਕੇਂਦਰ ਦੇ ਗ੍ਰਹਿ ਵਿਭਾਗ ਨੂੰ ਅੱਗੇ ਜਾਣਕਾਰੀ ਭੇਜਦਾ ਹੈ।" ਉਨ੍ਹਾਂ ਕਿਹਾ, "ਹਰਪ੍ਰੀਤ ਸਿੰਘ ਦੇ ਮਾਪਿਆਂ ਨੇ ਪ੍ਰਸ਼ਾਸਨ ਕੋਲ ਪਹੁੰਚ ਨਹੀਂ ਕੀਤੀ। ਅੰਮ੍ਰਿਤਪਾਲ ਬਾਰੇ ਅਸੀਂ ਜਾਣਕਾਰੀ ਇਕੱਠੀ ਕਰ ਰਹੇ ਹਾਂ।"

# ਬਾਬਾ ਦੀਪ ਸਿੰਘ (ਸ਼ਹੀਦ) ਅਤੇ S.B.D.S. Sports Club Sacrament ਦੀ ਸੇਵਾ







ਹਰੇਕ ਕੌਮ ਲਈ ਆਪਣੇ ਨਾਇਕ ਹਮੇਸ਼ਾ ਜਿਉਂਦੇ ਰਹਿੰਦੇ ਹਨ ਉਹ ਹਰ ਦੌਰ ਦੇ ਸੱਭਿਆਚਾਰ, ਭੂਗੋਲਿਕ, ਰਾਜਨੀਤੀ ਤੇ ਆਰਥਿਕ ਪ੍ਰਸਥਿਤੀਆਂ ਦੇ ਸਮਾਨਤਰ ਚਲਦੇ ਹਨ। ਜੇ ਤਤਕਾਲ ਸਮਾਂ ਜ਼ੁਲਮਾਂ ਭਰਿਆ ਹੋਵੇ ਤਾਂ ਅਜੇਹੇ ਸਿਰ ਲੱਥ ਮਰਜੀਵੜੇ ਹਮੇਸ਼ਾ ਜ਼ੁਲਮ ਖਿਲਾਫ਼ ਖੜ੍ਹੇ ਹੁੰਦੇ ਰਹੇ। ਇਹ ਸਿੱਖ ਧਰਮ ਦੇ ਹਰ ਦੌਰ ਵਿੱਚ ਖਾਸਾ ਰਿਹਾ ਹੈ। ਸਿੱਖ ਕੌਮ ਦੇ ਸਿਰ-ਲ਼ੱਥ ਯੋਧਿਆਂ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਨਾਮ ਸਿਖਰਲੀਆਂ (ਉਪਰਲਿਆਂ) ਅੰਕਤੀਆਂ ਵਿਚ ਆਉਂਦਾ ਹੈ। "ਸ਼ਹੀਦ" ਸ਼ਬਦ ਫ਼ਾਰਸੀ ਭਾਸ਼ਾ ਦਾ ਹੈ। ਕਿਸੇ ਜਾਂ ਕੋਈ ਵੀ ਜਿੱਥੇ ਜ਼ੁਲਮ ਤੇ ਅਤਿਆਚਾਰ ਹੋ ਰਿਹਾ ਹੋਵੇ ਜਾਂ ਕੋਈ ਵਜਾ ਵੱਕਤ ਕਿਸੇ ਵਿਸ਼ੇਸ਼ ਮਨੁੱਖ ਆਪਣੀ (ਜਿਉਂਦੇ ਜੀਅ ਜਾਂ ਮੌਤ) ਅਪਨਾਉਂਦੇ (ਮਰਨ ਉਪਰੰਤ) ਸ਼ਾਹਦੀ (ਗਰੰਟੀ) ਦੇਂਦਾ ਹੈ ਉਹ "ਸ਼ਹਾਦਤ" (ਗਵਾਹੀ) ਹੈ। ਇਸ ਦਾ ਰੂਪ (ਵੰਨਗੀ) ਕੋਈ ਤਰਾਂ ਦੀ ਵਿਭਿੰਨਤਾ ਵਾਲੀ ਹੋ ਸਕਦੀ ਹੈ। ਸਿੱਖ (ਸ਼ਿਸ਼) 'Education' ਜਾਂ ਬਗਾਵਤ (ਧਰੋਹੀ) ਅਜੇਹੇ ਜਜ਼ਬਾਤ ਨੇ ਹੀ ਧਰਮ ਨੂੰ ਨਿਰਧਾਰਤ ਕੀਤਾ ਹੈ। ਪੰਜਾਬੀਅਤ ਤੇ ਸਿੱਖ ਕੌਮ ਵਿੱਚ ਧਰਮ ਕੁਰਬਾਨੀ ਦਾ ਜਜ਼ਬਾ 5 ਸਦੀਆਂ ਤੋਂ ਪਹਿਲਾਂ ਦਾ ਹੈ:

"ਜੈ ਤੋ ਪ੍ਰੇਮ ਖੇਲਣ ਕਾ ਚਾ
ਸਿਰ ਧਰ ਤਲੀ ਗਲੀ ਮੇਰੀ ਆਓ
ਏਥੇ ਸੀਸ (ਸਿਰ) ਭੇਟਾ (ਕੁਰਬਾਨ) ਕਰਨ ਤੋਂ ਨਹੀਂ..,
ਸੱਚ ਸਿਮਰਤੀ ਕਰਦਿਆਂ ਸਿਰ ਸੁਰਤੀ (ਬਿਰਤੀ) ਅਕਾਲ (ਨਿਰੰਕਾਰ)ਵੱਲ ਹੋਵੇ। (ਬਾਬਾ ਨਾਨਕ ਜੀ)

ਸ਼ਹੀਦ ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ਛੋਟੀ ਅਵਸਥਾ ਵਿੱਚ ਦਸ਼ਮ ਪਿਤਾ ਜੀ ਨੂੰ ਵੱਢੇ ਰੂਪ ਵਿੱਚ ਡਿੱਠਾ... ਤੇ ਆਪਣੇ ਆਪ ਨੂੰ ਸੰਪੂਰਨ ਵਿਸ਼ਵਾਸ ਪਾਤਰ ਬਣਾਇਆ। ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦਮਦਮਾ ਸਾਹਿਬ (ਤਲਵੰਡੀ ਸ੍ਹਾਬੋ) ਵਿਖੇ ਬਾਬਾ ਦੀਪ ਸਿੰਘ ਜੀ ਤੋਂ ਕਰਵਾਈ,ਜਦੋਂ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਅੰਕਿਤ ਹੁੰਦੀ ਹੈ।

ਦਮਦਮਾ ਸਾਹਿਬ (ਤਲਵੰਡੀ ਸ੍ਹਾਬੋ) ਨੇ ਬਾਬਾ ਦੀਪ ਸਿੰਘ ਨੂੰ ਅਜੇਹੀ ਗੁੜ੍ਹਤੀ ਦਿੱਤੀ ਕਿ ਪਿੱਛੇ ਭੌਂਅ ਕੇ ਨਹੀਂ ਵੇਖਿਆ। ਅਹਿਮਦ ਸ਼ਾਹ ਅਬਦਾਲੀ ਵਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਨੇ ਬਾਬੇ ਨੂੰ ਧੁਰ ਅੰਦਰੋਂ ਝੰਜੋੜਿਆ। ਉਸ ਵਲੋਂ ਕੀਤੀ ਜਾ ਰਹੀ ਬੇਅਦਬੀ, ਬੇ-ਹੁਰਮਤੀ ਨੂੰ ਠੱਲ੍ਹਣ ਤੇ ਬਦਲੇ ਰੂਪ ਵਿਚ ਬਾਬਾ ਦੀਪ ਸਿੰਘ ਜੀ ਜਿਹੜੇ ਸੰਕਲਪ ਉੱਪਰ ਦ੍ਰਿੜ ਹੋਏ ਉਹ ਹੀ ਸ਼ਾਹਦੀ (ਸ਼ਹਾਦਤ) ਹੈ। ਇਹ ਟੱਕਰ ਦੀ ਯੁਰਤ(ਦਿਲੀ ਜਜ਼ਬਾ)ਬਾਬਾ ਦੀਪ ਸਿੰਘ ਜੀ ਦੇ ਹਿੱਸੇ ਆਇਆ।

ਪੰਜਤਰ ਸਾਲ (75) ਉਮਰ ਵਿੱਚ ਬਹੁ-ਵਜ਼ਨੀ ਖੰਡਾ ਪ੍ਰਚੰਡ ਕਰਦਿਆਂ ਅਖੀਰੀ ਸ਼ਾਹ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿੱਚ ਲਿਆ (ਪ੍ਰਣ ਪੂਰਾ) ਕੀਤਾ।

**ਇਹ ਹੈ ਸ਼ਾਹਦੀ (ਸਬੂਤ)**

ਸਾਡੀ ਸਿੱਖ ਤੇ ਪੰਜਾਬੀਅਤ ਸੱਭ ਕੌਮ ਨੂੰ ਮਾਣ ਹੈ ਕਿ ਸਾਡੇ ਵੱਡੇ ਵਡੇਰੇ ਅਜੇਹੇ ਸਿਰ-ਲੱਥ ਯੋਧੇ ਸਨ, ਜਿਨ੍ਹਾਂ ਨੂੰ ਅਮਰ ਦਰਸਾਉਂਦਿਆਂ ਭਵਿੱਖ ਵਾਲੀਆਂ ਨਸਲਾਂ ਨੂੰ ਜ਼ੁਲਮ, ਅੱਤਿਆਚਾਰ, ਹੱਕ-ਸੱਚ ਉੱਤੇ ਪਹਿਰਾ ਦੇਣ ਤੇ ਛੱਬੀ ਜਨਵਰੀ ਤੋਂ ਪਹਿਲਾਂ ਸਤਾਰਵੀਂ ਸਦੀ ਦੇ 1682 ਪ੍ਰਖੇਪ, ਜਿਨ੍ਹਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਸਦੀਵੀ ਯਾਦ ਰੱਖਣ ਲਈ ਬਾਬੇ ਦੇ ਨੱਕ-ਮਸਤਕ ਹੁੰਦਿਆਂ ਪ੍ਰਣਾਮ।

(ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ)

S.B.D.S. (Sports) ਕਲੱਬ ਸੈਕਰਾਮੈਂਟੋ ਵਲੋਂ ਗੁਰੂ ਘਰ (ਪੱਛਮੀ ਸੈਕਰਾਮੈਂਟੋ)ਵਿੱਚ ਲੰਬੇ ਸਮੇਂ ਤੋਂ ਵੱਡੇ ਧਾਰਮਿਕ ਸਮਾਗਮ, ਹਰ ਵਰ੍ਹੇ ਕਰਵਾਏ ਜਾਂਦੇ ਹਨ। ਇਹ ਸਮਾਗਮ, ਜਿਨ੍ਹਾਂ ਦੀ ਤਰਜਮਾਨੀ ਨੂੰ ਸ਼ਹਾਦਤ ਸਮਰਪਿਤ ਕਰਦਿਆਂ ਇਹ ਸੰਸਥਾ ਆਪਣੇ ਬਲਬੂਤੇ ਸਦਕਾ ਸਮਾਜ ਸੇਵਾ ਦੇ ਸੰਦਰਭ ਦ੍ਰਿੜ ਵਿਸ਼ਵਾਸ਼ ਵਾਲੇ ਵਲ ਪ੍ਰਵੇਸ਼ ਕਰਦੇ ਹੋਏ ਮਕਬੂਲ ਸੇਵਾ ਭਾਵਨਾ ਦੇ ਅਨੁਸਾਰ ਚਲਦਿਆਂ ਸਮਾਜ ਵਿੱਚ ਖੇਡ ਤੇ ਬਲਵਾਨ ਬਿਰਤੀ ਨੂੰ ਅਜੇਹਾ ਪ੍ਰਚੰਡ ਕਰਦੀ ਹੈ ਜੋ "ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਮੱਤ ਵਾਲੇ ਕਰ ਸਕਦੇ ਹਨ...!

ਇਹ ਤਾਂ ਹੀ ਹੋ ਸਕਦੇ ਹਾਂ ਕਿ ਜੇ ਬਾਬਾ ਦੀਪ ਸਿੰਘ ਜੀ ਦੇ ਉਹ ਸੰਕਲਪ (Concept)

"ਦੱਸੋ ਭੇਦ ਤੂੰਸੀਂ ਆਪਣੇ ਖ਼ਾਸੇ ਦੇ
ਤੁਸੀਂ ਲੀਕੋਂ ਕਿਹੜੇ ਪਾਸੇ ਦੇ...

ਆਓ ਆਪਾਂ ਵਿਸ਼ਵਾਸ ਕਰ ਸਕੀਏ ਕਿ ਗੁਰੂ-ਮੱਤ ਤੇ ਸਚਿਆਰੂ ਸੱਭਿਆਚਾਰ ਸਾਡੇ ਸਾਰਿਆਂ ਉੱਪਰ ਸਹਾਈ ਰਹੇ..! ਹਰ ਸਾਲ ਇਨ੍ਹਾਂ ਦਿਨਾਂ ਵਿੱਚ ਇਹ ਸੰਸਥਾ ਵਲੋਂ ਕਰਵਾਏ ਜਾਂਦੇ ਸਮਾਗਮਾਂ ਲਈ,ਇਹ ਸਾਰੇ ਕਲੱਬ ਮੈਂਬਰ ਵਧੀਆ ਦੇ ਪਾਤਰ ਹਨ। ਪੂਨਿਆਂ ਦੀ ਰਾਤ(ਐਤਵਾਰ ਰਾਤ) ਦੇ ਅਨੁਭਵ ਨੂੰ ਤਾਂ ਹੀ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਜੇ ਇਹ ਸੁਹਣੇ ਪੂਰਨ ਚੰਦ ਨੂੰ ਨੱਕ-ਮਸਤਕ ਹੋਈਏ!

ਸਾਨੂੰ ਸੱਭ ਨੂੰ ਸਾਰੇ ਮਹੀਨਾ ਬਦਲਦਿਆਂ ਮਹਿਸੂਸ ਹੋਵੇ ਕਿ ਹਰ ਗੁਰੂ ਜਿਸ ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ ਉਸ ਵਾਸਤੇ ਨੱਕ-ਮਸਤਕ ਹੁੰਦਿਆਂ ਐਤਵਾਰ ਰਾਤ ਪੂੰਨਿਆ ਦਾ ਚੰਨ ਸ਼੍ਰੀ ਗੁਰੂ ਰਵਿਦਾਸ ਜੀ" ਉਪਮਾ ਮਨ ਬਿਰਤੀ ਮਹਿਸੂਸ ਕਰਾਉਂਦਾ ਹੈ! ਆਓ ਅੱਜ ਗੁਰੂ ਮਹਾਰਾਜ ਜੀ ਦੇ ਸੰਕਲਪ (ਕ੍ਰਾਂਤੀਕਾਰੀ) ਨੂੰ ਕਬੂਲ ਕਰਦਿਆਂ ਉਨ੍ਹਾਂ ਨੂੰ ਨੱਕ-ਮਸਤਕ ਹੋਈਏ।

**– ਫਕੀਰ ਸਿੰਘ ਮੱਲੀ**

## ਸਰੀ ਦੇ ਵਸਨੀਕ ਨੇ 500 ਲੋਕਾਂ ਲਈ ਐਮਰਜੈਂਸੀ ਅਸਲਾ ਲਾਇਸੈਂਸਾਂ ਦੀ ਮੰਗ ਕੀਤੀ

ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਦੇ ਇੱਕ ਵਸਨੀਕ ਨੇ ਸ਼ਹਿਰ ਵਿੱਚ ਫਿਰੌਤੀ ਨਾਲ ਸਬੰਧਤ ਹਿੰਸਾ ਦੀ ਵਧਦੀ ਲਹਿਰ ਵਿਰੁੱਧ ਨਾਗਰਿਕਾਂ ਨੂੰ ਹਥਿਆਰਬੰਦ ਹੋਣ ਲਈ 500 ਬੰਦੂਕ ਲਾਇਸੈਂਸ ਜਲਦੀ ਜਾਰੀ ਕਰਨ ਦੀ ਮੰਗ ਕਰਕੇ ਵਿਵਾਦ ਛੇੜ ਦਿੱਤਾ ਹੈ। ਵਿਕਰਮ ਬਾਜਵਾ ਨੇ ਪ੍ਰੀਮੀਅਰ ਡੇਵਿਡ ਏਬੀ ਨੂੰ ਇੱਕ ਸਖ਼ਤ ਸ਼ਬਦਾਂ ਵਿੱਚ ਕੀਤੀ ਅਪੀਲ ਵਿੱਚ ਆਪਣੇ ਅਤੇ ਹੋਰ ਪ੍ਰਭਾਵਿਤ ਵਸਨੀਕਾਂ ਲਈ 'ਪੋਸੈਸ਼ਨ ਐਂਡ ਐਕੁਜੀਸ਼ਨ ਲਾਇਸੈਂਸ' (ਫਓ਼) ਨੂੰ ਤੇਜ਼ੀ ਨਾਲ ਜਾਰੀ ਕਰਨ ਲਈ ਇੱਕ ਐਮਰਜੈਂਸੀ ਬਿੱਲ ਲਿਆਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਸਥਿਤੀ ਨੂੰ ਇੰਨਾ ਗੰਭੀਰ ਦੱਸਿਆ ਕਿ ਖਤਰਿਆਂ ਦਾ ਟਾਕਰਾ ਕਰਨ ਲਈ ਲੋਕਾਂ ਨੂੰ "ਬੀ.ਸੀ. ਵਿਜੀਲਾਂਟੇ ਕਾਊਬੁਆਏ" (ਖੁਦ ਕਾਨੂੰਨ ਹੱਥ ਵਿੱਚ ਲੈਣ ਵਾਲੇ) ਬਣਨਾ ਪਵੇਗਾ।

ਕੋਸਟ ਮਾਊਂਟੇਨ ਨਿਊਜ਼ ਦੀ ਇੱਕ ਰਿਪੋਰਟ ਵਿੱਚ ਬਾਜਵਾ ਦੇ ਹਵਾਲੇ ਨਾਲ ਕਿਹਾ ਗਿਆ ਕਿ ਉਨ੍ਹਾਂ ਦਾ ਪੱਕਾ ਵਿਸ਼ਵਾਸ ਹੈ ਕਿ ਇਸ ਹਿੰਸਾ ਦਾ ਜਵਾਬ ਦੇਣ ਲਈ ਸਾਨੂੰ ਵਿਜੀਲਾਂਟੇ ਕਾਊਬੁਆਏ ਬਣਨਾ ਪਵੇਗਾ।

Ranjit Kandola
Broker (MAC Real Estate Services)
CHECK DAILY MORTGAGE RATES @
WWW.DesiMortgageBroker.com
HIRING & TRAINING: MORTGAGE LOAN ORIGINATORS
MAC REAL ESTATE SERVICES
Mortgage Brokerage Since 2003
(916) 917-2393 Mobile
(916) 516-1116 Office
Broker@DesiMortgageBroker.com
5701 Lonetree Blvd, Suite 126 H
Rocklin CA 95765
EQUAL HOUSING LENDER
BBB ACCREDITED BUSINESS A+ rating
Company NMLS 1133016 DRE 01800662 NMLS 347022

# Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435

Gurpreet Singh Padam 510-962-2593

email: padambuilders@gmail.com

Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

3143 ARDEN ROAD, HAYWARD, CA- 94545

# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga

Gurjeet kaur Dhugga

kashfabrics@gmail.com

KASH FABRICS

29576 Mission Blvd

Hayward,CA 94544

510-538-1138

# Quick Lube & Smog

OFFICIAL LAMP ADJUSTING STATION

OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA

510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager

tennysonauto1@gmail.com

510-330-7112, 510-757-6775

691 W. Tennyson Rd Hayward, CA 94544

# CALIFORNIA IMMIGRATION SERVICES INC.

CISI

Your Registered & Bonded 'Immigration-Consultants'



ROSY (Kanwal) KAUR

Immigration Consultant

408-422-8585

510-573-3666

website:- www.caials.com email:- rosy@caials.com

- FAMILY IMMIGRATION
- GEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 2450 Peralta blvd unit 107 Fremont, CA 94536

Tracy Office: 1660 W Linnee Rd. Unit J 25, Tracy CA, 95377

# TASTE OF INDIA

specialist- Gurh Dee Barfee, Gurh Diyaan Jalebian

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Moon Indian Cuisine
510-780-9233

MOON indian cuisine



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ, ਹਰ ਐਤਵਾਰ ਨੂੰ Buffet ਲੱਗਦਾ ਹੈ।

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ

ਮੱਛੀ ਦੇ ਪਕੌੜੇ ਬਣਾਉਣ ਦੇ ਮਾਹਿਰ, ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ
ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਾਂ।

100-1000 ਬੰਦਿਆਂ ਤੱਕ ਪਾਰਟੀ ਲਈ ਪ੍ਰਬੰਧ

ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net

# GLOBAL ADVISORS, LLC.

168 S. Hillview Drive, Milpitas, CA 95035
contact@globaladvisors.llcwww.globaladvisors.llc
Phone: 408-613-3876 / 408-600-9471

**Legal Documentation Services:**
Family Law, Estate Planning, Small Claims/ Civil Law, Unlawful Detainer, POA, Social Security Disability.



'Sara'- Saraswatee
Consultant

**Income Tax Preparation:** Strategic individual and business tax filings, tax planning, IRS audit, sales & use tax, and new company formation.

**Financial Accounting & Management:** Strategic accounting & reporting services, which are scalable, tactical, and team-driven.

**Immigration Consulting:** Citizenship; Green Card; Investor EB5 Visa; Business/ Tourist Visa; Student Visa; Religious Visa; OCI, Passport & Others

**Live-Scan and Notary**

GLOBAL ADVISORS, LLC
contact@globaladvisors.llc 408-613-3876 / 408-600-9471

# Gurpiar Sidhu



Home Buying & Selling System

209-598-7776

Lic. 01815083

ਵਾਜਬ ਕੀਮਤ ਤੇ ਘਰ/ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ ਜੀ

ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ

ਕਿਸੇ ਵੀ ਕਿਸਮ ਦੀ ਮਾਰਟਗੇਜ਼, ਬੀਮਾ, ਸੋਲਰ ਅਤੇ ਮੋਬਾਇਲ, ਨੋਟਰੀ ਸੇਵਾ ਲਈ ਸੰਪਰਕ ਕਰੋ

PRIMESTAR
REAL ESTATE
A Realtor you can trust...Blindly

Office- 2030 E. Louise Ave. Lathrop, CA 95330

# ਭਾਰਤ ਦਾ ਕੁਝ ਵਿਗਾੜ ਸਕੇਗਾ ਬੰਗਲਾਦੇਸ਼?

ਬੰਗਲਾਦੇਸ਼ ਕ੍ਰਿਕਟ ਬੋਰਡ ਨੇ ਆਪਣੀ ਟੀਮ ਭਾਰਤ ਨਾ ਭੇਜਣ ਦਾ ਫੈਸਲਾ ਕਰ ਕੇ ਖ਼ੁਦ ਨੂੰ ਨਾ ਸਿਰਫ਼ ਟੀ-20 ਵਿਸ਼ਵ ਕੱਪ ਤੋਂ ਬਾਹਰ ਹੋਣ ਦੇ ਕਗਾਰ 'ਤੇ ਖੜ੍ਹਾ ਕਰ ਲਿਆ ਹੈ ਸਗੋਂ ਭਾਰਤ ਪ੍ਰਤੀ ਆਪਣੇ ਘੋਰ ਵਿਰੋਧ ਨੂੰ ਵੀ ਪ੍ਰਗਟ ਕੀਤਾ ਹੈ। ਆਪਣੀ ਟੀਮ ਨੂੰ ਭਾਰਤ ਨਾ ਭੇਜਣ ਦਾ ਫ਼ੈਸਲਾ ਜਿਸ ਤਰ੍ਹਾਂ ਉੱਥੋਂ ਦੀ ਅੰਤਰਿਮ ਸਰਕਾਰ ਦੇ ਖੇਡ ਸਲਾਹਕਾਰ ਨੇ ਸੁਣਾਇਆ ਉਸ ਤੋਂ ਇਹੀ ਸਪਸ਼ਟ ਹੁੰਦਾ ਹੈ ਕਿ ਸਰਕਾਰ ਨੇ ਹੀ ਬੰਗਲਾਦੇਸ਼ ਕ੍ਰਿਕਟ ਬੋਰਡ ਨੂੰ ਇਸ ਲਈ ਮਜਬੂਰ ਕੀਤਾ ਕਿ ਉਹ ਖੇਡ ਭਾਵਨਾ ਦਾ ਸਬੂਤ ਦੇਣ ਦੀ ਜਗ੍ਹਾ ਭਾਰਤ ਵਿਰੋਧੀ ਭਾਵਨਾਵਾਂ ਭੜਕਾਉਣ ਦਾ ਕੰਮ ਕਰੇ। ਹੁਣ ਇਸ ਵਿਚ ਵੀ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੀ ਕਮਾਨ ਸੰਭਾਲਣ ਵਾਲੇ ਮੁਹੰਮਦ ਯੂਨਸ ਅਤੇ ਉਨ੍ਹਾਂ ਦੇ ਸਹਿਯੋਗੀ ਇਹੀ ਚਾਹ ਰਹੇ ਹਨ ਕਿ ਚੋਣਾਂ ਦੇ ਮੌਕੇ 'ਤੇ ਬੰਗਲਾਦੇਸ਼ ਵਿਚ ਭਾਰਤ ਵਿਰੋਧੀ ਮਾਹੌਲ ਬਣਿਆ ਰਹੇ। ਇਸ ਤੋਂ ਇਹੀ ਸੰਕੇਤ ਮਿਲਦਾ ਹੈ ਕਿ ਜੇ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਵਿਚ ਸ਼ਾਮਲ ਅਨਸਰ ਚੋਣਾਂ ਤੋਂ ਬਾਅਦ ਬਣਨ ਵਾਲੀ ਸਰਕਾਰ ਵਿਚ ਆਏ ਤਾਂ ਉਹ ਭਾਰਤ ਦੇ ਵਿਰੋਧ ਦੇ ਰਸਤੇ 'ਤੇ ਚੱਲਦੇ ਰਹਿਣਗੇ। ਇਸ ਨਾਲ ਭਾਰਤ ਦੀ ਚੁਣੌਤੀ ਵਧ ਸਕਦੀ ਹੈ।



ਹਾਲੇ ਵੀ ਚੁਣੌਤੀਆਂ ਘੱਟ ਨਹੀਂ ਹਨ ਕਿਉਂਕਿ ਉੱਥੇ ਨਾ ਸਿਰਫ਼ ਭਾਰਤ ਵਿਰੋਧੀ ਭਾਵਨਾਵਾਂ ਨੂੰ ਭੜਕਾਉਣ ਦਾ ਕੰਮ ਜਾਰੀ ਹੈ ਬਲਕਿ ਹਿੰਦੂਆਂ ਦੀਆਂ ਹੱਤਿਆਵਾਂ ਦਾ ਸਿਲਸਿਲਾ ਹੀ ਬਰਕਰਾਰ ਹੈ। ਇਹ ਵੀ ਸਾਫ਼ ਹੈ ਕਿ ਇਨ੍ਹਾਂ ਹੱਤਿਆਵਾਂ 'ਤੇ ਬੰਗਲਾਦੇਸ਼ ਸਰਕਾਰ ਭੋਰਾ ਵੀ ਸੰਵੇਦਨਸ਼ੀਲ ਨਹੀਂ ਹੈ। ਬੰਗਲਾਦੇਸ਼ ਨੇ ਭਾਰਤ ਵਿਚ ਆਪਣੀ ਟੀਮ ਨਾ ਭੇਜਣ ਦਾ ਫ਼ੈਸਲਾ ਇਸ ਬਹਾਨੇ ਲਿਆ ਕਿ ਆਈਪੀਐੱਲ ਦੀ ਟੀਮ ਕੇਕੇਆਰ ਨੇ ਉਸ ਦੇ ਕ੍ਰਿਕਟਰ ਮੁਸਤਫਿਜ਼ੁਰ ਰਹਿਮਾਨ ਨੂੰ ਰਿਲੀਜ਼ ਕਰ ਦਿੱਤਾ। ਚੰਗਾ ਹੁੰਦਾ ਕਿ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਇਸ ਦੀ ਨੌਬਤ ਨਾ ਆਉਣ ਦਿੰਦਾ ਤੇ ਆਈਪੀਐੱਲ ਦੀ ਨਿਲਾਮੀ ਵਿਚ ਬੰਗਲਾਦੇਸ਼ੀ ਕ੍ਰਿਕਟਰਾਂ ਨੂੰ ਸ਼ਾਮਲ ਹੀ ਨਾ ਕਰਦਾ।

ਮੁਸਤਫਿਜ਼ੁਰ ਨੂੰ ਕੇਕੇਆਰ ਤੋਂ ਅਲੱਗ ਕਰਨ ਦੇ ਫ਼ੈਸਲੇ ਨੂੰ ਬੰਗਲਾਦੇਸ਼ ਕ੍ਰਿਕਟ ਬੋਰਡ ਨੇ ਭਾਰਤ ਵਿਰੋਧ ਦਾ ਜ਼ਰੀਆ ਬਣਾ ਲਿਆ। ਇਸ ਵਿਚ ਉੱਥੋਂ ਦੀ ਸਰਕਾਰ ਵੀ ਸ਼ਾਮਲ ਹੋ ਗਈ ਅਤੇ ਉਹ ਵੀ ਉਦੋਂ ਜਦ ਉਸ ਦੇ ਕ੍ਰਿਕਟਰ ਟੀ-20 ਵਿਸ਼ਵ ਕੱਪ ਵਿਚ ਸ਼ਾਮਲ ਹੋਣ ਦੇ ਤਾਂਘਵਾਨ ਸਨ। ਬਦਕਿਸਮਤੀ ਨਾਲ ਅਜਿਹੀ ਇੱਛਾ ਪ੍ਰਗਟ ਕਰਨ ਵਾਲਿਆਂ ਨੂੰ ਭਾਰਤ ਦਾ ਏਜੰਟ ਕਹਿ ਕੇ ਚੁੱਪ ਕਰਵਾ ਦਿੱਤਾ ਗਿਆ ਅਤੇ ਇਹ ਭੁਲਾ ਦਿੱਤਾ ਗਿਆ ਕਿ ਜੇ ਉਸ ਦੀ ਟੀਮ ਟੀ-20 ਵਿਸ਼ਵ ਕੱਪ ਵਿਚ ਹਿੱਸਾ ਨਹੀਂ ਲੈਂਦੀ ਤਾਂ ਇਸ ਦੇ ਮਾੜੇ ਨਤੀਜੇ ਉਸ ਦੇ ਕ੍ਰਿਕਟਰਾਂ ਨੂੰ ਹੀ ਭੋਗਣੇ ਪੈਣਗੇ। ਉਹ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਦੇ ਨਾਲ-ਨਾਲ ਆਰਥਿਕ ਲਾਭ ਤੋਂ ਵੀ ਵਿਰਵੇ ਹੋਣਗੇ। ਆਰਥਿਕ ਹਾਨੀ ਉਸ ਦੇ ਕ੍ਰਿਕਟ ਬੋਰਡ ਨੂੰ ਵੀ ਸਹਿਣੀ ਪਵੇਗੀ।

ਇਹ ਮੰਨਣ ਦੇ ਚੰਗੇ-ਭਲੇ ਕਾਰਨ ਹਨ ਕਿ ਬੰਗਲਾਦੇਸ਼ ਕ੍ਰਿਕਟ ਬੋਰਡ ਪਾਕਿਸਤਾਨ ਕ੍ਰਿਕਟ ਬੋਰਡ ਦੇ ਝਾਂਸੇ ਵਿਚ ਆ ਗਿਆ। ਪਾਕਿਸਤਾਨ ਨੇ ਬੰਗਲਾਦੇਸ਼ ਨੂੰ ਇਸ ਦੇ ਲਈ ਖ਼ੂਬ ਉਕਸਾਇਆ ਕਿ ਉਹ ਭਾਰਤ ਵਿਚ ਖੇਡਣ ਤੋਂ ਇਨਕਾਰ ਕਰੇ। ਚੰਗਾ ਹੋਵੇਗਾ ਜੇ ਬੰਗਲਾਦੇਸ਼ ਇਹ ਸਮਝ ਜਾਵੇ ਕਿ ਜੇ ਉਹ ਆਪਣੀ ਟੀਮ ਭਾਰਤ ਨਾ ਭੇਜਣ ਦੇ ਫ਼ੈਸਲੇ 'ਤੇ ਅੜਿਆ ਰਿਹਾ ਤਾਂ ਆਈਸੀਸੀ ਕੋਲ ਉਸ ਦੀ ਜਗ੍ਹਾ ਸਕਾਟਲੈਂਡ ਨੂੰ ਸ਼ਾਮਲ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚੇਗਾ।

# ਏਸ਼ੀਆ ਦੀ ਸ਼ਾਂਤੀ ਲਈ ਖ਼ਤਰਨਾਕ ਹੈ ਅਮਰੀਕਾ-ਈਰਾਨ ਟਕਰਾਅ

**ਪਰਮਜੀਤ ਸਿੰਘ ਪਰਵਾਨਾ**

ਈਰਾਨ ਦੀ ਰਾਜਧਾਨੀ ਤਹਿਰਾਨ ਸਮੇਤ ਸਮੁੱਚੇ ਦੇਸ਼ ਨੂੰ ਸਭ ਤੋਂ ਵੱਡੀ ਉਥਲ-ਪੁਥਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੇਸ਼ ਭਰ ਦੇ ਲੋਕਾਂ, ਖ਼ਾਸ ਕਰਕੇ ਨੌਜਵਾਨਾਂ ਨੇ ਵੱਡੇ ਪੈਮਾਨੇ 'ਤੇ ਮੁਜ਼ਾਹਰੇ ਕੀਤੇ ਹਨ ਤੇ ਇਨ੍ਹਾਂ ਮੁਜ਼ਾਹਰਿਆਂ ਖ਼ਿਲਾਫ਼ ਸੁਰੱਖਿਆ ਬਲਾਂ ਦੀ ਕਾਰਵਾਈ ਵਿਚ ਹੁਣ ਤੱਕ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ। ਸਰਕਾਰੀ ਅੰਕੜਿਆਂ ਮੁਤਾਬਕ ਮ੍ਰਿਤਕਾਂ ਦੀ ਗਿਣਤੀ ਭਾਵੇਂ ਘੱਟ ਹੋਵੇ ਪਰ ਈਰਾਨ ਦੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਇਹ ਗਿਣਤੀ 18 ਹਜ਼ਾਰ ਦੱਸ ਰਹੀਆਂ ਹਨ। ਇਨ੍ਹਾਂ ਵਿਚ ਦੇਸ਼ ਦੇ ਸੁਰੱਖਿਆ ਬਲਾਂ ਦੇ ਜਵਾਨ ਵੀ ਸ਼ਾਮਲ ਹਨ। ਈਰਾਨ ਵਿਚ ਅਸਾਧਾਰਨ ਹਿੰਸਾ ਫੈਲੀ ਪਰ 'ਸਰਬਉੱਚ ਨੇਤਾ' ਅਯਾਤੁੱਲਾ ਅਲੀ ਖ਼ੋਮੇਨੀ ਇਨ੍ਹਾਂ ਮੁਜ਼ਾਹਰਿਆਂ ਅੱਗੇ ਝੁਕਣ ਨੂੰ ਤਿਆਰ ਨਹੀਂ ਬਲਕਿ ਲੋਕਾਂ ਨੂੰ ਅਪੀਲ ਕਰ ਰਿਹਾ ਹੈ ਕਿ 'ਅਮਰੀਕਾ ਵੱਲੋਂ ਲਾਈ ਗਈ ਇਸ ਅੱਗ ਦੀ ਚਾਲ ਨੂੰ ਲੋਕ ਸਮਝਣ' ਪਰ ਮਹਿੰਗਾਈ, ਭ੍ਰਿਸ਼ਟਾਚਾਰ, ਆਰਥਿਕ ਮੰਦਹਾਲੀ ਅਤੇ ਔਰਤਾਂ 'ਤੇ ਕਥਿਤ ਜ਼ੁਲਮ ਦੀ ਮਾਰ ਸਹਿ ਰਹੇ ਲੋਕ ਮੈਦਾਨ 'ਚੋਂ ਨਹੀਂ ਹਟੇ। ਅਸਲ ਵਿਚ 1979 ਦੀ ਇਸਲਾਮਿਕ ਕ੍ਰਾਂਤੀ ਤੋਂ ਬਾਅਦ ਹੀ ਈਰਾਨ ਵਿਚ ਅੰਦਰੂਨੀ ਉਥਲ-ਪੁਥਲ ਦਾ ਦੌਰ ਸ਼ੁਰੂ ਹੋ ਗਿਆ ਸੀ।



ਇਸ ਮਗਰੋਂ ਉੱਥੇ 2009, 2017, 2019 ਤੇ 2022 ਵਿਚ ਵੀ ਵੱਡੇ ਪੱਧਰ 'ਤੇ ਅੰਦੋਲਨ ਹੋਏ ਤੇ ਹਰ ਵਾਰ ਸ਼ਾਸਨ ਵਿਚ ਬਦਲਾਅ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਰਹੀਆਂ ਪਰ ਵਿਵਸਥਾ ਵਿਚ ਕੋਈ ਤਬਦੀਲੀ ਨਾ ਹੋਈ। ਲੋਕਾਂ ਦੇ ਮਨਾਂ ਅੰਦਰ ਅੱਗ ਸੁਲਗਦੀ ਰਹੀ ਪਰ ਇਸ ਵਾਰ ਇਹ ਭਾਂਬੜ ਬਣ ਗਿਆ ਹੈ। ਅਮਰੀਕਾ ਇਨ੍ਹਾਂ ਮੁਜ਼ਾਹਰਿਆਂ ਨੂੰ ਸ਼ਹਿ ਦੇ ਰਿਹਾ ਹੈ ਅਤੇ ਉਸ ਨੇ ਈਰਾਨ ਨੂੰ ਧਮਕੀ ਦਿੱਤੀ ਹੈ ਕਿ ਜੇ ਮੁਜ਼ਾਹਰਾਕਾਰੀਆਂ 'ਤੇ ਦਮਨ ਬੰਦ ਨਾ ਕੀਤਾ ਜਾਂ ਕਿਸੇ ਵੀ ਮੁਜ਼ਾਹਰਾਕਾਰੀ ਨੂੰ ਮੌਤ ਦੀ ਸਜ਼ਾ ਦਿੱਤੀ ਤਾਂ ਉਹ ਈਰਾਨ ਵਿਰੁੱਧ ਸਖ਼ਤ ਕਾਰਵਾਈ ਕਰੇਗਾ।

ਅਮਰੀਕਾ ਈਰਾਨ ਦੇ ਇਸਲਾਮੀ ਗਣਰਾਜ ਦਾ ਤਖ਼ਤਾ ਪਲਟ ਕੇ ਈਰਾਨੀ ਸਰਕਾਰ ਦੇ ਸਭ ਤੋਂ ਵੱਡੇ ਵਿਰੋਧੀ ਤੇ ਈਰਾਨ ਦੇ ਸਾਬਕਾ ਸ਼ਾਸਕ ਮੁਹੰਮਦ ਰਜ਼ਾ ਪਹਿਲਵੀ ਦੇ ਸਭ ਤੋਂ ਵੱਡੇ ਪੁੱਤਰ ਰਜ਼ਾ ਪਹਿਲਵੀ ਨੂੰ ਈਰਾਨ ਦੇ ਸੁਪਰੀਮ ਨੇਤਾ ਖ਼ੋਮੇਨੀ ਦਾ ਜਾਨਸ਼ੀਨ ਨਿਯੁਕਤ ਕਰਨ ਦਾ ਖ਼ਾਹਿਸ਼ਮੰਦ ਹੈ। ਜਲਾਵਤਨ ਰਜ਼ਾ ਪਹਿਲਵੀ ਈਰਾਨ ਲਈ ਮੁਸ਼ਕਲਾਂ ਪੈਦਾ ਕਰ ਰਿਹਾ ਹੈ। ਉਸ ਨੇ ਅਮਰੀਕਾ ਨੂੰ ਉਕਸਾਉਂਦੇ ਹੋਏ ਈਰਾਨ ਦੇ ਫ਼ੌਜੀ ਟਿਕਾਣਿਆਂ 'ਤੇ ਹਮਲੇ ਕਰਨ ਅਤੇ ਹੋਰ ਆਰਥਿਕ ਪਾਬੰਦੀਆਂ ਲਾਉਣ ਲਈ ਕਿਹਾ ਹੈ। ਉਹ ਈਰਾਨ ਵਿਚ ਆ ਕੇ ਸੱਤਾ ਦਾ ਸਵਾਦ ਲੈਣ ਲਈ ਤਰਲੋਮੱਛੀ ਹੋ ਰਿਹਾ ਹੈ। ਅਮਰੀਕਾ ਨੇ ਉਸ ਨਾਲ ਗੁਪਤ ਮੀਟਿੰਗਾਂ ਵੀ ਕੀਤੀਆਂ ਹਨ। ਅਮਰੀਕਾ ਨੇ ਈਰਾਨ ਦੇ ਅੰਦੋਲਨਕਾਰੀਆਂ ਨੂੰ ਸ਼ਹਿ ਦੇਣ ਦੇ ਨਾਲ-ਨਾਲ ਇਕ ਹੋਰ ਵੱਡੀ ਮੰਗ ਰੱਖੀ ਹੈ ਕਿ ਜਾਰੀ ਅੰਦੋਲਨ ਦੌਰਾਨ ਜਿਨ੍ਹਾਂ ਅੱਠ ਪ੍ਰਮੁੱਖ ਨੇਤਾਵਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਉਨ੍ਹਾਂ ਨੂੰ ਫੌਰੀ ਤੌਰ 'ਤੇ ਰਿਹਾਅ ਕੀਤਾ ਜਾਵੇ। ਖ਼ਬਰਾਂ ਇਹ ਵੀ ਆ ਰਹੀਆਂ ਹਨ ਕਿ ਅਮਰੀਕਾ ਕਿਸੇ ਵੇਲੇ ਵੀ ਈਰਾਨ 'ਤੇ ਹਮਲਾ ਕਰ ਸਕਦਾ ਹੈ। ਅਜਿਹੇ ਡਰੋਂ ਭਾਰਤ, ਆਸਟ੍ਰੇਲੀਆ ਸਮੇਤ ਕਈ ਦੇਸ਼ਾਂ ਨੇ ਆਪਣੇ ਨਾਗਰਿਕਾਂ ਨੂੰ ਈਰਾਨ ਛੱਡਣ ਲਈ ਐਡਵਾਈਜ਼ਰੀ ਜਾਰੀ ਕਰ ਦਿੱਤੀ ਹੈ। ਈਰਾਨ ਵਿਚ ਲਗਪਗ 9 ਹਜ਼ਾਰ ਭਾਰਤੀ ਰਹਿ ਰਹੇ ਹਨ। ਉਹ ਸਮਝ ਗਿਆ ਹੈ ਕਿ ਅਮਰੀਕਾ ਕਿਸੇ ਵੇਲੇ ਵੀ ਹਮਲਾ ਕਰ ਸਕਦਾ ਹੈ ਪਰ ਇਸ ਹਮਲੇ ਤੋਂ ਪਹਿਲਾਂ ਈਰਾਨ ਨੇ ਅਮਰੀਕਾ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਉਸ ਨੇ ਹਮਲਾ ਕੀਤਾ ਤਾਂ ਉਹ ਸਾਊਦੀ ਅਰਬ ਤੇ ਤੁਰਕੀ ਸਮੇਤ ਖ਼ਿੱਤੇ ਵਿਚ ਉਸ ਦੇ ਫ਼ੌਜੀ ਟਿਕਾਣਿਆਂ 'ਤੇ ਹਮਲੇ ਕਰੇਗਾ। ਇਕ ਅਨੁਮਾਨ ਅਨੁਸਾਰ ਮਿਡਲ-ਈਸਟ ਵਿਚ ਅਮਰੀਕਾ ਲਗਭਗ 19 ਸੈਨਿਕ ਟਿਕਾਣੇ ਹਨ ਜਿੱਥੇ ਹਜ਼ਾਰਾਂ ਅਮਰੀਕੀ ਸੈਨਿਕ ਮੌਜੂਦ ਰਹਿੰਦੇ ਹਨ। ਸੰਭਾਵੀ ਹਮਲੇ ਨੂੰ ਵੇਖਦੇ ਹੋਏ ਈਰਾਨ ਨੇ ਆਪਣਾ ਡਿਫੈਂਸ ਸਿਸਟਮ ਤਿਆਰ-ਬਰ-ਤਿਆਰ ਰੱਖਿਆ ਹੋਇਆ ਹੈ। ਈਰਾਨ ਮੁਸਲਿਮ ਦੇਸ਼ਾਂ ਵਿਚ ਵੱਡੀ ਤਾਕਤ ਵਜੋਂ ਜਾਣਿਆ ਜਾਂਦਾ ਹੈ। ਅਮਰੀਕਾ ਉਸ ਨੂੰ ਘੱਟ ਤਾਕਤਵਰ ਨਾ ਜਾਣੇ। ਕੁਝ ਦਿਨਾਂ ਤੋਂ ਈਰਾਨ ਵਿਚ ਭਾਵੇਂ ਪ੍ਰਸ਼ਾਸਨ ਦੀ ਸਖ਼ਤੀ ਕਾਰਨ ਮੁਜ਼ਾਹਰੇ ਘਟੇ ਹਨ ਪਰ ਲੋਕਾਂ ਦਾ ਰੋਹ ਅਜੇ ਦੱਬਿਆ ਨਹੀਂ। ਮੁਸਲਿਮ ਦੇਸ਼ਾਂ 'ਤੇ ਹਮਲਿਆਂ ਦੇ ਮੱਦੇਨਜ਼ਰ ਇਕ ਹੋਰ ਰੁਝਾਨ ਵੀ ਸਾਹਮਣੇ ਆ ਰਿਹਾ ਹੈ। ਮੁਸਲਿਮ ਦੇਸ਼ ਆਪਣਾ ਵੱਖਰਾ 'ਨਾਟੋ' ਜਿਹਾ ਸੰਗਠਨ ਬਣਾਉਣ ਦੀ ਤਿਆਰੀ ਵਿਚ ਹਨ ਤਾਂ ਕਿ ਕਿਸੇ ਵੀ ਮੁਸਲਿਮ ਦੇਸ਼ 'ਤੇ ਹਮਲੇ ਦੀ ਸੂਰਤ ਵਿਚ ਇਸ ਸੰਗਠਨ ਦੇ ਸਾਰੇ ਮੈਂਬਰ ਦੇਸ਼ ਹਮਲਾਵਰ ਦੇਸ਼ ਦਾ ਇਕੱਠੇ ਹੋ ਕੇ ਟਾਕਰਾ ਕਰ ਸਕਣ। ਡੋਨਾਲਡ ਟਰੰਪ ਦੀ ਹੈਂਕੜਬਾਜ਼ੀ ਤੇ ਅਮਰੀਕਾ ਦੀ 'ਸੁਪਰਮੇਸੀ' ਕਾਇਮ ਰੱਖਣ ਦੀ ਹੋੜ ਨੇ ਖ਼ਿੱਤੇ ਵਿਚ ਕਸ਼ੀਦਗੀ ਪੈਦਾ ਕਰ ਦਿੱਤੀ ਹੈ। ਵੈਨੇਜ਼ੁਏਲਾ 'ਤੇ ਅਸਿੱਧੇ ਤੌਰ 'ਤੇ ਕਬਜ਼ੇ ਤੋਂ ਬਾਅਦ ਅਮਰੀਕਾ ਦੀ ਨਜ਼ਰ ਹੁਣ ਗ੍ਰੀਨਲੈਂਡ 'ਤੇ ਕਬਜ਼ੇ ਦੀ ਹੈ।

ਗ੍ਰੀਨਲੈਂਡ, ਡੈਨਮਾਰਕ ਦਾ ਖ਼ੁਦਮੁਖ਼ਤਾਰ ਖੇਤਰ ਹੈ ਪਰ ਉਸ ਦੀ ਰੱਖਿਆ ਦੀ ਜ਼ਿੰਮੇਵਾਰੀ ਡੈਨਮਾਰਕ ਦੀ ਹੈ। ਟਰੰਪ ਦਾ ਕਹਿਣਾ ਹੈ ਕਿ ਰੂਸ ਤੇ ਚੀਨ ਤੋਂ ਬਚਾਅ ਲਈ ਗ੍ਰੀਨਲੈਂਡ 'ਤੇ ਕਬਜ਼ਾ ਜ਼ਰੂਰੀ ਹੈ। ਗ੍ਰੀਨਲੈਂਡ ਦੇ ਪ੍ਰਧਾਨ ਮੰਤਰੀ ਜੇਨਜ਼ ਫ੍ਰੈਡਰਿਕ ਨੀਲਸਨ ਨੇ ਟਰੰਪ ਨੂੰ ਅੱਖਾਂ ਵਿਖਾ ਦਿੱਤੀਆਂ ਹਨ ਤੇ ਡੈਨਮਾਰਕ ਨਾਲ ਨਾਤਾ ਬਣਾਈ ਰੱਖਣ ਦਾ ਅਹਿਦ ਕੀਤਾ ਹੈ। ਨੀਲਸਨ ਨੇ ਇਹ ਐਲਾਨ ਉਸ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ ਜਿਸ ਵਿਚ ਡੈਨਮਾਰਕ ਦੇ ਮੁਖੀ ਮੇਟੇ ਫ੍ਰੈਡਰਿਕਸਨ ਵੀ ਮੌਜੂਦ ਸਨ। ਨੀਲਸਨ ਦੇ ਬਿਆਨ ਮਗਰੋਂ ਟਰੰਪ ਭੜਕ ਉੱਠਿਆ ਹੈ ਅਤੇ ਧਮਕੀ ਦਿੰਦੇ ਹੋਏ ਕਿਹਾ ਹੈ ਕਿ ਗ੍ਰੀਨਲੈਂਡ ਦਾ ਇਹ ਫ਼ੈਸਲਾ ਉਸ ਲਈ ਮੁਸੀਬਤ ਬਣ ਸਕਦਾ ਹੈ। ਗ੍ਰੀਨਲੈਂਡ ਜਾਂ ਡੈਨਮਾਰਕ 'ਤੇ ਅਮਰੀਕੀ ਹਮਲੇ ਦੀ ਸੂਰਤ ਵਿਚ 'ਨਾਟੋ'ਵਿਚਾਲੇ ਦਰਾੜ ਵੀ ਪੈਦਾ ਹੋ ਸਕਦੀ ਹੈ ਕਿਉਂਕਿ ਡੈਨਮਾਰਕ 'ਨਾਟੋ' ਦਾ ਹਿੱਸਾ ਹੈ। ਉਹ ਇਸ ਹਮਲੇ ਨੂੰ ਕਿਵੇਂ ਬਰਦਾਸ਼ਤ ਕਰੇਗਾ।

ਅਮਰੀਕਾ ਦੇ ਈਰਾਨ 'ਤੇ ਹਮਲੇ ਦੀਆਂ ਕਿਆਸਅਰਾਈਆਂ ਦਰਮਿਆਨ ਲੱਗਦਾ ਹੈ ਕਿ ਟਰੰਪ ਨੇ ਹਮਲੇ ਦਾ ਮਨ ਬਦਲ ਲਿਆ ਹੈ। ਇਸ ਦੇ ਕੁਝ ਕਾਰਨ ਸਮਝ ਆ ਰਹੇ ਹਨ। ਵੈਨੇਜ਼ੁਏਲਾ 'ਚ ਅਮਰੀਕੀ ਹਮਲੇ ਤੋਂ ਬਾਅਦ ਟਰੰਪ ਦਾ ਆਪਣੇ ਦੇਸ਼ ਵਿਚ ਹੀ ਬਹੁਤ ਵਿਰੋਧ ਹੋਇਆ ਸੀ। ਸੰਯੁਕਤ ਰਾਸ਼ਟਰ ਵਿਚ ਵੀ ਕਈ ਦੇਸ਼ਾਂ ਨੇ ਇਸ ਹਮਲੇ ਦੀ ਵਿਰੋਧਤਾ ਦਰਜ ਕਰਵਾਈ ਸੀ। ਯੂਕਰੇਨ ਦੇ ਮਾਮਲੇ ਵਾਂਗ ਅਮਰੀਕਾ ਚਾਹੁੰਦਾ ਹੈ ਕਿ ਉਹ ਸਿੱਧੇ ਤੌਰ 'ਤੇ ਹਮਲੇ ਦਾ ਪੰਗਾ ਨਾ ਲਵੇ ਸਗੋਂ ਕਿਸੇ ਦੇ ਮੋਢੇ 'ਤੇ ਰੱਖ ਕੇ ਬੰਦੂਕ ਚਲਾਵੇ ਤੇ ਉਸ ਨੂੰ ਹੱਲਾਸ਼ੇਰੀ ਦੇਵੇ ਕਿ ਮੈਂ ਤੇਰੇ ਪਿੱਛੇ ਹਾਂ।

ਇਸ ਵਾਸਤੇ ਅਮਰੀਕਾ ਨੇ ਈਰਾਨ ਦੇ ਦੁਸ਼ਮਣ ਇਜ਼ਰਾਈਲ ਦੇ ਮੁਖੀ ਨੇਤਨਯਾਹੂ ਨਾਲ ਗੱਲਬਾਤ ਕੀਤੀ ਹੋਵੇਗੀ ਪਰ ਈਰਾਨ ਵੱਲੋਂ ਅਤੀਤ 'ਚ ਹੋਏ ਭਾਰੀ ਨੁਕਸਾਨ ਕਾਰਨ ਨੇਤਨਯਾਹੂ ਦਾ ਟਰੰਪ ਨੂੰ ਕੋਰਾ ਜਵਾਬ ਮਿਲ ਗਿਆ ਹੋਵੇ। ਹੋ ਸਕਦਾ ਹੈ ਕਿ ਟਰੰਪ ਅਮਰੀਕਾ ਦੇ ਪਿਛਲੱਗ ਤੇ ਕੁਝ ਖਾੜੀ ਦੇਸ਼ਾਂ ਨੂੰ ਇਸ ਹਮਲੇ ਲਈ ਅੱਗੇ ਕਰਨਾ ਚਾਹੁੰਦਾ ਹੋਵੇ ਪਰ ਉਹ ਈਰਾਨ ਦੀ ਵਧ ਰਹੀ ਤਾਕਤ ਨੂੰ ਪਛਾਣਦਿਆਂ ਪਿੱਛੇ ਹਟ ਗਏ ਹੋਣ।

ਇਸ ਤੋਂ ਇਲਾਵਾ ਤੇਲ ਨਿਰਯਾਤ ਕਰਨ ਵਾਲੇ ਦੇਸ਼, ਜਿੱਥੇ ਅਮਰੀਕਾ ਦੇ ਫ਼ੌਜੀ ਟਿਕਾਣੇ ਵੀ ਹਨ, ਉਹ ਵੀ ਪਿੱਛੇ ਹਟ ਗਏ ਹੋਣ ਕਿਉਂਕਿ ਇਨ੍ਹਾਂ ਦੇਸ਼ਾਂ ਦਾ ਏਸ਼ੀਆ ਲਈ 80 ਫ਼ੀਸਦ ਤੇਲ ਈਰਾਨ ਦੇ ਰਸਤੇ ਪਹੁੰਚਦਾ ਹੈ। ਈਰਾਨ ਇਸ ਤੇਲ ਦੀ ਆਵਾਜਾਈ 'ਤੇ ਜੇ ਰੋਕ ਲਾਉਂਦਾ ਹੈ ਤਾਂ ਇਨ੍ਹਾਂ ਦੇਸ਼ਾਂ ਦਾ ਬਹੁਤ ਵੱਡਾ ਆਰਥਿਕ ਨੁਕਸਾਨ ਹੋਵੇਗਾ। ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ ਪਰ ਕੌਣ ਸਮਝਾਵੇ ਨਿੱਤ ਨਵੇਂ ਪੰਗੇ ਲੈਣ ਵਾਲੇ ਟਰੰਪ ਨੂੰ। ਭਾਵੇਂ ਕਿਹਾ ਜਾਂਦਾ ਹੈ ਕਿ 'ਹੈਂਕੜਬਾਜ਼ ਤੇ ਤਾਨਾਸ਼ਾਹ' ਟਰੰਪ ਜੋ ਸੋਚ ਲੈਂਦਾ ਹੈ, ਉਹ ਕਰ ਵਿਖਾਉਂਦਾ ਹੈ ਪਰ ਹੁਣ ਤੱਕ ਜੇ ਉਹ ਈਰਾਨ 'ਤੇ ਹਮਲੇ ਦਾ ਹੀਆ ਨਹੀਂ ਕਰ ਸਕਿਆ ਤਾਂ ਇਸ ਦੇ ਪਿੱਛੇ ਠੋਸ ਕਾਰਨ ਹੋ ਸਕਦੇ ਹਨ।

# ਕਰਜ਼ੇ ਦੇ ਭਾਰ ਨਾਲ ਦੱਬੇ ਰਹਿੰਦੇ ਹਨ ਮੱਧ ਵਰਗ ਦੇ ਅਮਰੀਕੀ ਵਿਦਿਆਰਥੀ

**ਸ਼ਮਾ ਸ਼ਰਮਾ**

ਇਕ ਅੰਕੜੇ ਮੁਤਾਬਕ ਅਮਰੀਕਾ ਦੀਆਂ ਨਿੱਜੀ ਯੂਨੀਵਰਸਿਟੀਆਂ 'ਚ ਪੜ੍ਹਣ ਵਾਲੇ ਵਿਦਿਆਰਥੀਆਂ 'ਚ 61 ਫ਼ੀਸਦੀ ਤੋਂ ਲੈ ਕੇ 83 ਫ਼ੀਸਦੀ ਤੱਕ ਵਿਦਿਆਰਥੀ ਕਰਜ਼ਾ ਲੈਂਦੇ ਹਨ। ਜੋ ਕਾਲਜ ਨਿੱਜੀ ਤੇ ਸਰਕਾਰੀ ਮਦਦ, ਦੋਵਾਂ ਨਾਲ ਚੱਲਦੇ ਹਨ, ਉੱਥੇ 54 ਤੋਂ 61 ਫ਼ੀਸਦੀ ਤੇ ਸਰਕਾਰੀ ਅਦਾਰੇ ਜਿਨ੍ਹਾਂ ਨੂੰ ਪਬਲਿਕ ਇੰਸਟੀਟਿਊਸ਼ਨ ਕਿਹਾ ਜਾਂਦਾ ਹੈ, ਉੱਥੇ ਵੀ 33 ਤੋਂ 49 ਫ਼ੀਸਦੀ ਵਿਦਿਆਰਥੀਆਂ ਨੂੰ ਕਰਜ਼ਾ ਲੈਣਾ ਪੈਂਦਾ ਹੈ। ਅਮਰੀਕੀ ਸਿੱਖਿਆ ਵਿਭਾਗ ਦੀ ਮੁੱਖ ਏਜੰਸੀ ਨੈਸ਼ਨਲ ਸੈਂਟਰ ਫਾਰ ਐਜੂਕੇਸ਼ਨ ਸਟੈਟਿਸਟਿਕਸ ਮੁਤਾਬਕ ਕਰਜ਼ੇ ਦੀ ਇਹ ਰਕਮ ਹਰ ਸਾਲ ਵਧਦੀ ਹੀ ਜਾਂਦੀ ਹੈ। ਅੱਜ ਇਹ ਰਕਮ ਅਰਬਾਂ 'ਚ ਜਾ ਪੁੱਜੀ ਹੈ। ਇਸ 'ਤੇ ਲੱਗਣ ਵਾਲੇ ਵਿਆਜ ਦੀ ਦਰ ਵੀ ਬਹੁਤ ਵੱਧ ਹੁੰਦੀ ਹੈ। ਪਿਛਲੇ ਸਾਲ ਅਮਰੀਕਾ 'ਚ ਹਰ ਵਿਦਿਆਰਥੀ 'ਤੇ 39,375 ਡਾਲਰ ਦਾ ਕਰਜ਼ਾ ਸੀ। ਸਾਲ 2007 ਦੀ ਤੁਲਨਾ 'ਚ ਇਹ ਤਿੰਨ ਗੁਣਾ ਵੱਧ ਹੈ। ਆਮ ਤੌਰ 'ਤੇ ਉੱਥੇ ਮੱਧ ਵਰਗ ਦੇ ਬੱਚੇ ਕਰਜ਼ੇ ਦੇ ਭਾਰ ਨਾਲ ਦੱਬੇ ਰਹਿੰਦੇ ਹਨ।

ਮੈਰੀਲੈਂਡ, ਜਾਰਜੀਆ, ਵਰਜੀਨੀਆ ਵਰਗੇ ਸੂਬਿਆਂ ਦੇ ਵਿਦਿਆਰਥੀ ਵੱਧ ਕਰਜ਼ਾ ਲੈਂਦੇ ਹਨ। ਨੌਕਰੀ ਤੋਂ ਬਾਅਦ ਉਹ ਲੰਬੇ ਸਮੇਂ ਤੱਕ ਕਰਜ਼ੇ ਦੀ ਅਦਾਇਗੀ ਕਰਦੇ ਰਹਿੰਦੇ ਹਨ। ਜ਼ਿਆਦਾਤਰ ਵਿਦਿਆਰਥੀ 35 ਤੋਂ ਲੈ ਕੇ 49 ਸਾਲ ਦੀ ਉਮਰ ਤੱਕ ਕਰਜ਼ੇ ਦੀ ਅਦਾਇਗੀ ਕਰਦੇ ਹਨ। ਇਕ ਤਰ੍ਹਾਂ ਨਾਲ ਉਮਰ ਦਾ ਵੱਡਾ ਹਿੱਸਾ ਕਰਜ਼ੇ ਦੀ ਅਦਾਇਗੀ 'ਚ ਹੀ ਨਿਕਲ ਜਾਂਦਾ ਹੈ। ਇਸੇ ਸੰਦਰਭ 'ਚ ਪਿਛਲੇ ਦਿਨੀਂ




ਵਿਚਾਰਕ ਐੱਸ। ਗੁਰੂਮੂਰਤੀ ਇਕ ਇੰਟਰਵਿਊ 'ਚ ਦੱਸ ਰਹੇ ਸਨ ਕਿ ਜ਼ਿਆਦਾਤਰ ਅਮਰੀਕੀ ਬੱਚੇ ਕਰਜ਼ਾ ਲੈ ਕੇ ਪੜ੍ਹਾਈ ਕਰਦੇ ਹਨ। ਜਦਕਿ ਭਾਰਤੀ ਲੋਕ ਆਪਣੇ ਪਰਿਵਾਰ ਨੂੰ ਤਰਜੀਹ ਦਿੰਦੇ ਹਨ। ਇਸ ਲਈ ਬੱਚਿਆਂ ਦੀ ਪੜ੍ਹਾਈ 'ਤੇ ਖ਼ਰਚਾ ਕਰਦੇ ਹਨ। ਅਸਲ 'ਚ ਹਰ ਭਾਰਤੀ ਮਾਤਾ-ਪਿਤਾ ਚਾਹੁੰਦਾ ਹੈ ਕਿ ਉਨ੍ਹਾਂ ਦਾ ਬੱਚਾ ਚੰਗਾ ਪੜ੍ਹ-ਲਿਖ ਜਾਵੇ। ਇਸ ਲਈ ਉਹ ਆਪਣੇ ਸਾਰੇ ਸਾਧਨ ਦਾਅ 'ਤੇ ਲਾ ਦਿੰਦੇ ਹਨ। ਕਈ ਵਾਰ ਉਹ ਆਪਣਾ ਖੇਤ ਤੱਕ ਵੇਚ ਦਿੰਦੇ ਹਨ। ਕਰਜ਼ਾ ਵੀ ਲੈਣਾ ਪਵੇ ਤਾਂ ਉਸ ਦੀ ਜ਼ਿੰਮੇਵਾਰੀ ਖ਼ੁਦ ਹੀ ਉਠਾਉਂਦੇ ਹਨ। ਕੁਝ ਸਾਲ ਪਹਿਲਾਂ ਜਨੇਵਾ 'ਚ ਕੰਮ ਕਰਨ ਵਾਲੇ ਇਕ ਅਜਿਹੇ ਅਮਰੀਕੀ ਨੂੰ ਮਿਲੀ ਸੀ, ਜੋ 50 ਸਾਲ ਤੋਂ ਵੱਧ ਸੀ, ਪਰ ਅਜੇ ਤੱਕ ਸਿੱਖਿਆ ਦੇ ਲਈ ਕਰਜ਼ੇ ਦੀ ਅਦਾਇਗੀ ਕਰ ਰਿਹਾ ਸੀ। ਉਸ ਦਾ ਕਹਿਣਾ ਸੀ ਕਿ ਉਹ ਇੰਨੇ ਪੈਸੇ ਨਹੀਂ ਕਮਾਉਂਦਾ ਕਿ ਪਰਿਵਾਰ ਦਾ ਭਾਰ ਚੁੱਕ ਸਕੇ ਤੇ ਸਿੱਖਿਆ ਲਈ ਜੋ ਕਰਜ਼ਾ ਲਿਆ ਸੀ, ਉਸ ਦੀ ਕਿਸ਼ਤ ਵੀ ਹਰ ਮਹੀਨੇ ਭਰ ਸਕੇ। ਅਮਰੀਕਾ 'ਚ ਆਮ ਤੌਰ 'ਤੇ ਦਸ ਤੋਂ ਲੈ ਕੇ 30 ਸਾਲ ਤੱਕ ਕਰਜ਼ੇ ਦੀਆਂ ਕਿਸ਼ਤਾਂ ਭਰਨੀਆਂ ਪੈਂਦੀਆਂ ਹਨ। ਉੱਥੇ ਕਿਹਾ ਜਾਂਦਾ ਹੈ ਕਿ ਇਕ ਵਾਰ ਕਰਜ਼ੇ ਦੇ ਚੱਕਰ 'ਚ ਫਸੇ ਤਾਂ ਜੀਵਨ ਭਰ ਉਸੇ 'ਚ ਫਸੇ ਰਹਿੰਦੇ ਹਾਂ। ਕਰਜ਼ਾ ਅਦਾ ਕਰਨ 'ਚ ਵੱਧ ਸਮਾਂ ਲੱਗਣ ਦਾ ਮਤਲਬ ਵੱਧ ਵਿਆਜ ਦੇਣਾ ਹੈ। ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਕਿ ਕਿਉਂ ਅਮਰੀਕਾ 'ਚ ਬਹੁਤ ਸਾਰੇ ਬੱਚੇ ਸਕੂਲੀ ਸਿੱਖਿਆ ਤੋਂ ਬਾਅਦ ਪੜ੍ਹਾਈ ਛੱਡ ਦਿੰਦੇ ਹਨ, ਕਿਉਂਕਿ ਉੱਚ ਸਿੱਖਿਆ ਦੇ ਸਾਧਨ ਪੈਦਾ ਕਰਨਾ ਉਨ੍ਹਾਂ ਦੇ ਵਸ ਦਾ ਨਹੀਂ ਹੁੰਦਾ।ਇਸ ਲਈ ਬਹੁਤ ਸਾਰੇ ਨੌਜਵਾਨ ਕਿਸੇ ਨਾ ਕਿਸੇ ਕੰਮ 'ਚ ਲੱਗ ਜਾਂਦੇ ਹਨ। ਜਿਸ ਸਿੱਖਿਆ ਬਾਰੇ ਕਿਹਾ ਜਾਂਦਾ ਹੈ ਕਿ ਉਹ ਹਰ ਇਕ ਲਈ ਉਪਲੱਬਧ ਹੋਣੀ ਚਾਹੀਦੀ ਹੈ, ਅਸਲ 'ਚ ਅਜਿਹਾ ਹੈ ਨਹੀਂ।

ਇਨ੍ਹੀਂ ਦਿਨੀਂ ਆਰਟੀਫੀਸ਼ੀਅਲ ਇੰਟੈਲੀਜੈਂਸ ਭਾਵ ਏਆਈ ਦੇ ਆਉਣ ਦੇ ਡਰ ਨਾਲ ਅਮਰੀਕਾ 'ਚ ਵੀ

**(ਬਾਕੀ ਅਗਲੇ ਸਫ਼ੇ 'ਤੇ)**

# 63% ਵਿਦਿਆਰਥੀ ਰੋਜ਼ਾਨਾ ਮਾਨਸਿਕ ਤਣਾਅ ਦੇ ਸ਼ਿਕਾਰ

ਪ੍ਰੀਖਿਆ ਦੀ ਤਿਆਰੀ ਵਿੱਚ ਜੁਟੇ ਰਿਸ਼ਭ ਦੀਆਂ ਕਿਤਾਬਾਂ ਤਾਂ ਖੁੱਲ੍ਹੀਆਂ ਹਨ, ਪਰ ਦਿਮਾਗ ਜਿਵੇਂ ਸੁੰਨ ਹੋ ਗਿਆ ਹੈ। ਤਿਆਰੀ ਪੂਰੀ ਹੈ, ਰਿਵੀਜ਼ਨ ਦਾ ਟ੍ਰੈਕ ਵੀ ਸ਼ਡਿਊਲ ਮੁਤਾਬਕ ਸਹੀ ਹੈ, ਪਰ ਚਿਹਰੇ ਤੋਂ ਮੁਸਕਾਨ ਗਾਇਬ ਹੈ। ਇਹ ਤਣਾਅ ਦੇ ਲੱਛਣ ਹਨ। ਰਿਸ਼ਭ ਦੇ ਮਾਪੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਬੱਸ ਇਹੀ ਕਹਿੰਦੇ ਰਹਿੰਦੇ ਹਨ ਕਿ ਇਸ ਵਾਰ ਉਨ੍ਹਾਂ ਦਾ ਲਾਡਲਾ ਪੂਰੇ ਪਰਿਵਾਰ ਵਿੱਚ ਹੁਣ ਤੱਕ ਦੇ ਸਭ ਤੋਂ ਵੱਧ ਨੰਬਰ ਲਿਆਵੇਗਾ। ਰਿਸ਼ਭ ਮੁਸਕਰਾ ਤਾਂ ਲੈਂਦਾ ਹੈ, ਪਰ ਅੰਦਰ ਹੀ ਅੰਦਰ ਇੱਕ ਡਰ ਪਲ ਰਿਹਾ ਹੈ। ਇਹ ਪ੍ਰੀਖਿਆ ਦਾ ਡਰ ਨਹੀਂ, ਸਗੋਂ ਮਾਪਿਆਂ ਦੀਆਂ ਉਮੀਦਾਂ ਦਾ ਡਰ ਹੈ, ਜੋ ਉਸਨੇ ਆਪਣੇ ਕੋਚਿੰਗ ਵਾਲੇ ਸਰ ਨਾਲ ਸਾਂਝਾ ਕੀਤਾ। ਮੁਕਾਬਲੇ ਦਾ ਵਧਦਾ ਪੱਧਰ, ਘੱਟ ਸਮੇਂ ਵਿੱਚ ਜ਼ਿਆਦਾ ਸਿੱਖਣ ਦੀ ਜੱਦੋਜਹਿਦ ਅਤੇ ਉਸ ਉੱਤੇ ਮਾਪਿਆਂ ਦੀਆਂ ਉਮੀਦਾਂ ਦਾ ਬੋਝ। ਹਾਲਤ ਇਹ ਹੈ ਕਿ ਕਲਾਸ ਵਿੱਚ ਪੜ੍ਹਨ ਵਾਲਾ ਹਰ ਦੂਜਾ ਵਿਦਿਆਰਥੀ ਤਣਾਅ ਵਿੱਚ ਜੀ ਰਿਹਾ ਹੈ। ਇਹ ਸਿਰਫ਼ ਅੰਦਾਜ਼ਾ ਨਹੀਂ ਬਲਕਿ 'ਦ ਸਟੂਡੈਂਟ ਸਿੰਕ ਇੰਡੈਕਸ-2026' ਦੀ ਰਿਪੋਰਟ ਦੱਸ ਰਹੀ ਹੈ। ਕਲਾਸ ਵਿੱਚ ਬੈਠੇ ਹਰ 10 ਵਿੱਚੋਂ ਛੇ ਬੱਚਿਆਂ ਨੂੰ ਵਿਸ਼ੇ ਜਾਂ ਪਾਠ ਨਾਲ ਸਬੰਧਤ ਪ੍ਰਸ਼ਨਾਂ ਦਾ ਘੱਟ ਅਤੇ ਚਿੰਤਾ, ਤਣਾਅ ਜਾਂ ਉਮੀਦਾਂ ਦੇ ਦਬਾਅ ਦਾ ਜ਼ਿਆਦਾ ਸਾਹਮਣਾ ਕਰਨਾ ਪੈਂਦਾ ਹੈ।



### ਵਧਦਾ ਜਾ ਰਿਹਾ ਹੈ ਗ੍ਰਾਫ

ਰਿਪੋਰਟ ਅਨੁਸਾਰ, ਕਲਾਸ ਵਿੱਚ ਹਰ ਰੋਜ਼ 63 ਪ੍ਰਤੀਸ਼ਤ ਵਿਦਿਆਰਥੀ ਤਣਾਅ ਵਿੱਚ ਰਹਿੰਦੇ ਹਨ, ਜਿਨ੍ਹਾਂ ਵਿੱਚੋਂ 42 ਪ੍ਰਤੀਸ਼ਤ ਨੇ ਮੰਨਿਆ ਹੈ ਕਿ ਇਹ ਦਬਾਅ ਮਾਪਿਆਂ ਦੀਆਂ ਉਮੀਦਾਂ ਦਾ ਵੀ ਹੈ। ਮੁਸ਼ਕਿਲ ਇਹ ਹੈ ਕਿ ਅਧਿਆਪਕ ਵਿਦਿਆਰਥੀਆਂ ਦੇ ਇਸ ਤਣਾਅ ਨੂੰ ਪਛਾਣਦੇ ਤਾਂ ਹਨ, ਪਰ ਪਤਾ ਹੋਣ ਦੇ ਬਾਵਜੂਦ ਉਹ ਇਸ ਵਿੱਚ ਵਿਦਿਆਰਥੀਆਂ ਦੀ ਜ਼ਿਆਦਾ ਮਦਦ ਨਹੀਂ ਕਰ ਸਕਦੇ।

ਸਕੂਲ ਕੌਂਸਲਰ ਜਾਂ ਅਧਿਆਪਕ ਬੱਚਿਆਂ ਨੂੰ ਤਾਂ ਸਮਝਾ ਸਕਦੇ ਹਨ, ਪਰ ਮਾਪਿਆਂ ਨੂੰ ਆਪਣੇ ਇਸ ਵਿਵਹਾਰ 'ਤੇ ਖੁਦ ਕੰਮ ਕਰਨਾ ਪੈਂਦਾ ਹੈ।

ਕਈ ਵਾਰ ਤਾਂ ਮਾਪੇ ਇਸ ਗੱਲ ਨੂੰ ਸਵੀਕਾਰ ਵੀ ਨਹੀਂ ਕਰਦੇ ਕਿ ਉਹ ਅਣਜਾਣੇ ਵਿੱਚ ਹੀ ਸਹੀ, ਬੱਚਿਆਂ 'ਤੇ ਦਬਾਅ ਅਤੇ ਤਣਾਅ ਦਾ ਕਾਰਨ ਬਣ ਰਹੇ ਹਨ। ਇਸ ਕਾਰਨ ਵਿਦਿਆਰਥੀ ਲਗਾਤਾਰ ਦਬਾਅ ਮਹਿਸੂਸ ਕਰਦੇ ਰਹਿੰਦੇ ਹਨ।

### ਨੰਬਰਾਂ ਦੀ ਦੌੜ ਵਿੱਚ ਹਾਰਦਾ ਬਚਪਨ

'ਦ ਸਟੂਡੈਂਟ ਸਿੰਕ ਇੰਡੈਕਸ' ਦੇ ਤਾਜ਼ਾ ਅੰਕੜੇ ਸਿਰਫ਼ ਨੰਬਰ ਨਹੀਂ ਹਨ, ਸਗੋਂ ਸਾਡੀ ਆਉਣ ਵਾਲੀ ਪੀੜ੍ਹੀ ਦੀ ਚੀਖ਼ ਹਨ। ਕਲਾਸ ਵਿੱਚ ਬੈਠੇ ਹਰ 10 ਵਿੱਚੋਂ ਛੇ ਬੱਚਿਆਂ ਦਾ ਤਣਾਅਗ੍ਰਸਤ ਹੋਣਾ ਇਹ ਦੱਸਦਾ ਹੈ ਕਿ ਸਾਡੇ ਸਕੂਲ 'ਵਿੱਦਿਆ ਦੇ ਮੰਦਰ' ਨਾਲੋਂ ਵੱਧ 'ਮੁਕਾਬਲੇ ਦੇ ਕੁਰੂਕਸ਼ੇਤਰ' ਬਣਦੇ ਜਾ ਰਹੇ ਹਨ। ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਲਗਭਗ ਅੱਧੇ ਬੱਚੇ (42%) ਆਪਣੇ ਹੀ ਘਰ ਵਿੱਚ ਮਾਨਸਿਕ ਸੁਰੱਖਿਆ ਦੀ ਬਜਾਏ ਦਬਾਅ ਮਹਿਸੂਸ ਕਰ ਰਹੇ ਹਨ।

### ਮਾਪਿਆਂ ਲਈ ਕੁਝ ਅਹਿਮ ਸੁਝਾਅ:

**ਤੁਲਨਾ ਦੇ ਜਾਲ ਤੋਂ ਬਚੋ:** ਦੂਜਿਆਂ ਦੇ ਬੱਚਿਆਂ ਨਾਲ ਤੁਲਨਾ ਕਰਨਾ ਬੱਚੇ ਦੇ ਆਤਮ-ਵਿਸ਼ਵਾਸ ਲਈ ਜ਼ਹਿਰ ਵਾਂਗ ਹੈ।

**ਲੱਛਣਾਂ ਦੀ ਪਛਾਣ ਕਰੋ:** ਕੀ ਬੱਚਾ ਅਚਾਨਕ ਚੁੱਪ ਰਹਿਣ ਲੱਗਾ ਹੈ? ਕੀ ਉਸਦੀ ਭੁੱਖ ਜਾਂ ਨੀਂਦ ਵਿੱਚ ਬਦਲਾਅ ਆਇਆ ਹੈ? ਇਹ ਤਣਾਅ ਦੇ ਸ਼ੁਰੂਆਤੀ ਲੱਛਣ ਹੋ ਸਕਦੇ ਹਨ।

**ਕੁਆਲਿਟੀ ਟਾਈਮ:** ਬੱਚੇ ਨਾਲ ਘੰਟਿਆਂ ਬੱਧੀ ਬੈਠਣਾ ਜ਼ਰੂਰੀ ਨਹੀਂ, ਬਲਕਿ ਮੋਬਾਈਲ ਤੋਂ ਬਿਨਾਂ ਬਿਤਾਇਆ ਅੱਧਾ ਘੰਟਾ ਜ਼ਿਆਦਾ ਪ੍ਰਭਾਵਸ਼ਾਲੀ ਹੈ।

**ਮਿਹਨਤ ਦੀ ਤਾਰੀਫ਼ ਕਰੋ:** ਜੇਕਰ ਨੰਬਰ ਘੱਟ ਵੀ ਆਏ ਹਨ, ਤਾਂ ਵੀ ਉਸਦੀ ਮਿਹਨਤ ਦੀ ਸ਼ਲਾਘਾ ਕਰੋ। ਉਸਨੂੰ ਮਹਿਸੂਸ ਹੋਣਾ ਚਾਹੀਦਾ ਹੈ ਕਿ ਤੁਹਾਡਾ ਪਿਆਰ 'ਰਿਪੋਰਟ ਕਾਰਡ' ਦਾ ਮੋਹਤਾਜ ਨਹੀਂ ਹੈ।

**ਗੈਰ-ਪੜ੍ਹਾਈ ਗੱਲਬਾਤ:** ਦਿਨ ਵਿੱਚ ਇੱਕ ਵਾਰ ਅਜਿਹੀ ਗੱਲਬਾਤ ਜ਼ਰੂਰ ਕਰੋ ਜਿਸਦਾ ਪੜ੍ਹਾਈ ਨਾਲ ਕੋਈ ਲੈਣਾ-ਦੇਣਾ ਨਾ ਹੋਵੇ। ਉਨ੍ਹਾਂ ਦੇ ਸ਼ੌਕ ਅਤੇ ਦੋਸਤਾਂ ਬਾਰੇ ਚਰਚਾ ਕਰੋ।

# ਕਰਜ਼ੇ ਦੇ ਭਾਰ ਨਾਲ ਦੱਬੇ ਰਹਿੰਦੇ ਹਨ ਮੱਧ ਵਰਗ ਦੇ ਅਮਰੀਕੀ ਵਿਦਿਆਰਥੀ

(ਸਫਾ 14 ਦੀ ਬਾਕੀ)

ਰੁਜ਼ਗਾਰ ਦੇ ਮੌਕੇ ਲਗਾਤਾਰ ਘੱਟ ਹੋ ਰਹੇ ਹਨ। ਉਥੇ ਵੱਡੀਆਂ-ਵੱਡੀਆਂ ਕੰਪਨੀਆਂ ਹਜ਼ਾਰਾਂ ਦੀ ਗਿਣਤੀ ’ਚ ਲੋਕਾਂ ਨੂੰ ਨੌਕਰੀ ਤੋਂ ਕੱਢ ਰਹੀਆਂ ਹਨ। ਇਨ੍ਹਾਂ ’ਚੋਂ ਜੋ ਲੋਕ ਅਮਰੀਕੀ ਨਾਗਰਿਕ ਨਹੀਂ ਹਨ, ਉਹ ਰੁਜ਼ਗਾਰ ਲਈ ਲੱਗਣ ਵਾਲੇ ਮੇਲਿਆਂ ’ਚ ਆਪਣਾ ਸੀਵੀ ਲੈ ਕੇ ਜਾ ਰਹੇ ਹਨ, ਤਾਂ ਉਨ੍ਹਾਂ ਤੋਂ ਪਹਿਲਾ ਸਵਾਲ ਇਹੀ ਪੁੱਛਿਆ ਜਾ ਰਿਹਾ ਹੈ ਕਿ ਉਹ ਅਮਰੀਕੀ ਨਾਗਰਿਕ ਹਨ ਜਾਂ ਨਹੀਂ? ਨਾ ਕਹਿੰਦੇ ਹੀ ਉਨ੍ਹਾਂ ਦਾ ਸੀਵੀ ਬਿਨਾਂ ਦੇਖੇ ਮੋੜ ਦਿੱਤਾ ਜਾ ਰਿਹਾ ਹੈ। ਇਨ੍ਹਾਂ ’ਚੋਂ ਜ਼ਿਆਦਾਤਰ ਉਹ ਲੋਕ ਹਨ, ਜੋ ਅਮਰੀਕਾ ’ਚ ਹੀ ਪੜ੍ਹੇ ਹਨ। ਇਨ੍ਹਾਂ ’ਚੋਂ ਬਹੁਤਿਆਂ ਨੇ ਪੜ੍ਹਣ ਲਈ ਕਰਜ਼ਾ ਵੀ ਲਿਆ ਹੋਵੇਗਾ। ਜਦ ਉਥੇ ਰੁਜ਼ਗਾਰ ਹੀ ਨਹੀਂ ਹੋਵੇਗਾ, ਤਾਂ ਵਿਦਿਆਰਥੀ ਕਰਜ਼ੇ ਦੀਆਂ ਕਿਸ਼ਤਾਂ ਕਿਸ ਤਰ੍ਹਾਂ ਦੇਣਗੇ? ਲਗਦਾ ਹੈ ਕਿ ਉਥੇ ਜਲਦੀ ਹੀ ਉਹ ਸਮਾਂ ਆਵੇਗਾ, ਜਦ ਬੱਚੇ ਉੱਚ ਸਿੱਖਿਆ ਇਸ ਲਈ ਲੈਣਾ ਬੰਦ ਕਰ ਦੇਣਗੇ, ਕਿਉਂਕਿ ਨੌਕਰੀ ਦੀ ਕੋਈ ਗਾਰੰਟੀ ਨਹੀਂ ਹੋਵੇਗੀ।

ਇਸ ਕਾਰਨ ਤਦ ਉਨ੍ਹਾਂ ਯੂਨੀਵਰਸਿਟੀਆਂ ਦਾ ਕੀ ਹੋਵੇਗਾ, ਜਿਨ੍ਹਾਂ ਨੂੰ ਮਸ਼ਹੂਰ ਹੋਣ ਦਾ ਹੰਕਾਰ ਹੈ ਤੇ ਵਿਦਿਆਰਥੀਆਂ ਤੋਂ ਵੱਡੀ ਫੀਸ ਵਸੂਲਦੀਆਂ ਹਨ। ਜਦ ਉਥੇ ਵਿਦਿਆਰਥੀ ਪੜ੍ਹਣ ਹੀ ਨਹੀਂ ਆਉਣਗੇ, ਤਾਂ ਉਹ ਕਰਜ਼ਾ ਵੀ ਨਹੀਂ ਲੈਣਗੇ। ਤਦ ਜ਼ਾਹਰ ਹੈ ਕਿ ਉਹ ਕੰਪਨੀਆਂ ਵੀ ਖ਼ਤਮ ਹੋ ਜਾਣਗੀਆਂ, ਜੋ ਕਰਜ਼ਾ ਦਿੰਦੀਆਂ ਹਨ। ਅਮਰੀਕਾ ਦੇ ਉਲਟ ਭਾਰਤੀ ਲੋਕਾਂ ’ਚ ਪਰਿਵਾਰ ਦੇ ਪ੍ਰਤੀ ਜੋ ਆਸਥਾ ਹੈ, ਉਹ ਬੇਮਿਸਾਲ ਹੈ। ਇੱਥੇ ਅੱਜ ਵੀ ਬਹੁਤ ਸਾਰੇ ਪਰਿਵਾਰਾਂ ’ਚ ਤਿੰਨ ਪੀੜ੍ਹੀਆਂ ਇਕੱਠੀਆਂ ਰਹਿੰਦੀਆਂ ਮਿਲ ਜਾਣਗੀਆਂ। ਜਦਕਿ ਅਮਰੀਕਾ ’ਚ ਇਹ ਸੰਭਵ ਨਹੀਂ ਹੈ। ਨਾ ਸਿਰਫ਼ ਅਮਰੀਕਾ, ਬਲਕਿ ਅਨੇਕਾਂ ਪੱਛਮੀ ਦੇਸ਼ਾਂ ’ਚ ਇਹੀ ਹਾਲ ਹੈ। ਉਥੇ ਇੱਕਲੇਪਣ ਨੂੰ ਇਕ ਗੁਲਾਬੀ ਤਸਵੀਰ ਦੀ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ। ਉਥੇ ਬੱਚੇ ਇਕੱਲੇ ਰਹਿੰਦੇ ਹਨ। ਬੁਢਾਪੇ ’ਚ ਮਾਤਾ-ਪਿਤਾ ਤੇ ਦਾਦਾ-ਦਾਦੀ ਵੀ ਇਕੱਲੇ ਹੀ ਰਹਿੰਦੇ ਹਨ। ਪੱਛਮ ’ਚ ਦੇਖਭਾਲ ਨੂੰ ਹੀ ਪੈਸੇ ਨਾਲ ਜੋੜ ਕੇ ਕੇਅਰ ਇਕੋਨਮੀ ਦਾ ਨਾਂ ਦਿੱਤਾ ਗਿਆ ਹੈ, ਪਰ ਆਪਣੇ ਇੱਥੇ ਪਰਿਵਾਰ ਹੀ ਹੈ, ਜੋ ਕਿਸੇ ਆਫ਼ਤ ’ਚ ਸਭ ਤੋਂ ਪਹਿਲਾਂ ਦੌੜਦਾ ਹੈ।

ਭਾਰਤੀ ਮਾਤਾ-ਪਿਤਾ ਆਪਣੀ ਸਹੂਲਤ ਛੱਡ ਕੇ ਬੱਚਿਆਂ ਲਈ ਸੁੱਖ ’ਤੇ ਧਿਆਨ ਦਿੰਦੇ ਹਨ। ਅਜਿਹਾ ਨਹੀਂ ਹੈ ਕਿ ਅਮਰੀਕਾ ’ਚ ਪਰਿਵਾਰ ਦੇ ਮਹੱਤਵ ਨੂੰ ਪਛਾਣਿਆ ਨਹੀਂ ਜਾਂਦਾ। ਅਮਰੀਕਾ ਦੇ ਸਾਬਕਾ ਉਪ ਰਾਸ਼ਟਰਪਤੀ ਅਲ ਗੋਰ ਦੀ ਪਤਨੀ ਤਾਂ ਪਰਿਵਾਰ ਦੀ ਵਾਪਸੀ ਦਾ ਨਾਅਰਾ 1993 ਤੋਂ ਲਾ ਰਹੀ ਹੈ। ਰਾਸ਼ਟਰਪਤੀ ਟਰੰਪ ਨੇ ਆਪਣੀ ਚੋਣ ਮੁਹਿੰਮ ’ਚ ਪਰਿਵਾਰ ਦੇ ਮਹੱਤਵ ਨੂੰ ਵਾਰ-ਵਾਰ ਰੇਖਾਂਕਿਤ ਕੀਤਾ ਸੀ, ਪਰ ਪੱਛਮ ਨੇ ਜਿਸ ਪਰਿਵਾਰ ਨੂੰ ਆਪਣੇ ਹੱਥੀਂ ਖ਼ਤਮ ਕੀਤਾ ਹੈ, ਉਹ ਉਸ ਦੀ ਵਾਪਸੀ ਦਾ ਚਾਹੇ ਜਿੰਨਾ ਮਰਜ਼ੀ ਨਾਅਰਾ ਲਾ ਲਵੇ, ਹੁਣ ਵਾਪਸ ਨਹੀਂ ਆਉਣ ਵਾਲਾ। ਅਮਰੀਕੀ ਸਮਾਜ ਤੇ ਵਿਦਿਆਰਥੀਆਂ ਦੀ ਇਸ ਹਾਲਤ ਤੋਂ ਅਸੀਂ ਭਾਰਤੀ ਜ਼ਰੂਰ ਸਬਕ ਲੈ ਸਕਦੇ ਹਾਂ।

# ਰਣਨੀਤਕ ਅਸਪੱਸ਼ਟਤਾ ਦਾ ਅੰਤ

ਲੈਫਟੀਨੈਂਟ ਜਨਰਲ ਐਸ. ਐਸ. ਮਹਿਤਾ (ਰਿਟਾ.)

ਦਹਾਕਿਆਂ ਤੋਂ ਰਣਨੀਤਕ ਅਸਪੱਸ਼ਟਤਾ ਨੂੰ ਸਿਆਣਪ, ਕਾਰਵਾਈ ਲਈ ਸਮਾਂ ਲੈਣ ਅਤੇ ਤਣਾਅ ਘਟਾਉਣ ਦਾ ਤਰੀਕਾ ਮੰਨਿਆ ਜਾਂਦਾ ਸੀ, ਜਿਸ ਦੇ ਸਹੀ ਜਾਂ ਗ਼ਲਤ ਹੋਣ ਬਾਰੇ ਇਤਿਹਾਸ ਹੀ ਆਪਣਾ ਨਿਰਣਾ ਦੇ ਸਕਦਾ ਹੈ। ਉਸ ਸੰਤੁਲਿਤ ਸੰਸਾਰ ਵਿੱਚ ਇਹ ਸਥਿਰਤਾ ਕਾਇਮ ਕਰਨ ਵਾਲਾ ਇੱਕ ਕਾਰਕ ਹੁੰਦੀ ਸੀ। ਇਸ ਦੇ ਉਲਟ ਅਜੋਕੀ ਵਿਸ਼ਵ ਵਿਵਸਥਾ ਵਿੱਚ ਇਹ ਫ਼ੈਸਲਿਆਂ ਨੂੰ ਮੁਲਤਵੀ ਕਰਨ, ਸਹਿਣਸ਼ੀਲਤਾ ਦੀ ਪਰਖ ਅਤੇ ਜਵਾਬਦੇਹੀ ਤੋਂ ਬਿਨਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਸਾਧਨ ਬਣ ਗਈ ਹੈ। ਕਦੇ ਸ਼ਾਂਤੀ ਕਾਇਮ ਰੱਖਣ ਵਾਲੀ ਪਹੁੰਚ ਹੁਣ ਅਨਿਸ਼ਚਿਤਤਾ ’ਚ ਵਾਧਾ ਕਰਨ ਲੱਗੀ ਹੈ। ਇਸ ਦੇ ਸਿੱਟੇ ਵਜੋਂ ਰੁਖ਼ ਬਦਲ ਦਿੱਤਾ ਗਿਆ। ਰਣਨੀਤਕ ਅਸਪੱਸ਼ਟਤਾ ਮਹਿਜ਼ ਇਤਫ਼ਾਕਵੱਸ ਅਸਫ਼ਲ ਨਹੀਂ ਹੋਈ; ਇਸ ਨੂੰ ਜਾਣਬੁੱਝ ਕੇ ਪਛਾੜਿਆ ਗਿਆ ਹੈ। ਕੌਮਾਂਤਰੀ ਵਿਵਸਥਾ ਨੇ ਹੌਲੀ-ਹੌਲੀ ਨਿਯੰਤਰਣ ਨੂੰ ਚੁੱਪ ਦਰਸਾਉਣਾ ਸਿੱਖ ਲਿਆ ਹੈ। ਔਖੇ ਸਵਾਲਾਂ ਦੇ ਜਵਾਬ ਨਾ ਦਿੱਤੇ ਗਏ, ਸਪੱਸ਼ਟ ਹੱਦਾਂ ਤੈਅ ਨਾ ਕੀਤੀਆਂ ਗਈਆਂ ਅਤੇ ਸਮਾਂ-ਸੀਮਾਵਾਂ ਵੀ ਪਰਿਭਾਸ਼ਿਤ ਨਹੀਂ ਕੀਤੀਆਂ ਗਈਆਂ। ਬੇਮੇਲ ਇੱਛਾਵਾਂ ਅਤੇ ਮੌਕਾਪ੍ਰਸਤੀ ਵਾਲੇ ਸੁਧਾਰਵਾਦ ਦੇ ਇਸ ਯੁੱਗ ਵਿੱਚ ਰਣਨੀਤਕ ਅਸਪੱਸ਼ਟਤਾ ਲਾਹੇਵੰਦ ਨੀਤੀ ਤੋਂ ਗਲ ਪਏ ਢੋਲ ਵਿੱਚ ਬਦਲ ਗਈ ਹੈ, ਜਿਸ ਦਾ ਉਨ੍ਹਾਂ ਵੱਲੋਂ ਲਾਹਾ ਲਿਆ ਜਾਂਦਾ ਹੈ ਜਿਨ੍ਹਾਂ ਨੂੰ ਦੇਰੀ ਤੋਂ ਫ਼ਾਇਦਾ ਹੁੰਦਾ ਹੈ ਜਦੋਂਕਿ ਵਿਵਸਥਾ ’ਤੇ ਨਿਰਭਰ ਰਹਿਣ ਵਾਲਿਆਂ ਨੂੰ ਇਸ ਦੀ ਕੀਮਤ ਚੁਕਾਉਣੀ ਪੈਂਦੀ ਹੈ। ਰਣਨੀਤਕ ਅਸਪੱਸ਼ਟਤਾ ਟਾਲ-ਮਟੋਲ ਦੀ ਨੀਤੀ ਵਜੋਂ ਸ਼ੁਰੂ ਨਹੀਂ ਹੋਈ ਸੀ। ਇਸ ਦਾ ਉਦੇਸ਼ ਇਰਾਦਿਆਂ ਨੂੰ ਪਰਖਣਾ ਅਤੇ ਮੱਤਭੇਦ ਦੂਰ ਕਰਨਾ ਸੀ। ਸਬੰਧਿਤ ਧਿਰਾਂ ਦੀ ਦੁਵੱਲੀ ਨੀਤੀ ਹੋਣ ਅਤੇ ਤਵਾਜ਼ਨ ਕਾਇਮੀ ਦੇ ਇਰਾਦਿਆਂ ਕਾਰਨ ਇਹ ਕਾਰਗਰ ਸੀ। ਸਮਾਂ ਪਾ ਕੇ ਦੁਹਰਾਅ ਕਾਰਨ ਇਹ ਕਾਰਗਰ ਨਾ ਰਹੀ। ਜੋ ਢੰਗ ਤਰੀਕੇ ਅਸਥਾਈ ਹੋਣੇ ਚਾਹੀਦੇ ਸਨ ਉਹ ਆਦਤ ਹੀ ਬਣ ਗਏ; ਇਰਾਦਿਆਂ ਨੂੰ ਪਰਖਣ ਲਈ ਵਰਤੀ ਜਾਂਦੀ ਇਹ ਨੀਤੀ ਯਥਾਸਥਿਤੀ ਨੂੰ ਹੌਲੀ ਹੌਲੀ ਜਾਣਬੁੱਝ ਕੇ ਖੋਰਾ ਲਾਉਣ ਲਈ ਮੁਖੌਟਾ ਬਣ ਗਈ।

### ਜਦੋਂ ਅਸਪੱਸ਼ਟਤਾ ਬੇਮੇਲ ਹੋ ਜਾਵੇ

ਅਸ਼ਾਂਤ ਸਰਹੱਦਾਂ ’ਤੇ ਇਹ ਸਭ ਤੋਂ ਪ੍ਰਤੱਖ ਦਿਸਦੀ ਹੈ। ਇਸ ਨੀਤੀ ਦੀ ਕੀਮਤ ਬਹੁਤ ਜ਼ਿਆਦਾ ਉਚਾਈ ਅਤੇ ਸਾਰਾ ਸਾਲ ਬਰਫ਼ ਨਾਲ ਭਰੇ ਰਹਿਣ ਵਾਲੇ ਘੱਟ ਆਕਸੀਜਨ ਵਾਲੇ ਖੇਤਰਾਂ ਵਿੱਚ ਪਤਾ ਲੱਗਦੀ ਹੈ। ਇਸ ਦੀ ਕੀਮਤ ਪਹਿਲਾਂ ਨਾਗਰਿਕ ਨੂੰ ਤਾਰਨੀ ਪੈਂਦੀ ਹੈ, ਜਿਵੇਂ ਉਸ ਚਰਵਾਹੇ ਨੂੰ ਜਿਸ ਦੀ ਪੀੜ੍ਹੀਆਂ ਤੋਂ ਚਲੀ ਆ ਰਹੀ ਚਰਾਗਾਹ ਦੇ ਰਾਹ ’ਚ ਨਵੀਂ, ਅਣਜਾਣ ਵਾੜ ਲੱਗ ਜਾਵੇ ਜਾਂ ਫਿਰ ਉਸ ਪਿੰਡ ਵਾਸੀ ਨੂੰ ਜਿਸ ਦੇ ਜੱਦੀ ਪਿੰਡ ਨੂੰ ਰਾਤ ਦੀ ਗਸ਼ਤ ਪਾਰਟੀ ਚੁੱਪਚਾਪ ਆਪਣਾ ਖੇਤਰ ਸਮਝ ਕੇ ਮੱਲ ਲਵੇ। ਤੇ ਕਦੇ ਦੂਰ ਸਮੁੰਦਰੀ ਪਾਣੀਆਂ ਵਿੱਚ ਠਿੱਲੀਆਂ ਕਿਸ਼ਤੀਆਂ ’ਚ ਮਛੇਰਿਆਂ ਵੱਲੋਂ ਬੈਠ ਕੇ ਰੋਜ਼ੀ ਕਮਾਉਣ ਨੂੰ ਰਾਤੋ-ਰਾਤ ਅਪਰਾਧ ਬਣਾ ਦਿੱਤਾ ਜਾਵੇ, ਇਹ ਸਭ ਇਸ ਕਰਕੇ ਨਹੀਂ ਕਿ ਜਨਤਕ ਤੌਰ ’ਤੇ ਨਕਸ਼ੇ ਦੁਬਾਰਾ ਬਣਾਏ ਗਏ ਸਨ ਸਗੋਂ ਇਸ ਲਈ ਕਿਉਂਕਿ ਜਾਣਬੁੱਝ ਕੇ ਸਪੱਸ਼ਟ ਹੱਦ ਨਹੀਂ ਸੀ ਉਲੀਕੀ ਗਈ।

ਬੇਯਕੀਨੀ ਇਨ੍ਹਾਂ ਸਰਹੱਦਾਂ ’ਤੇ ਤਾਇਨਾਤ ਸੈਨਿਕਾਂ ਦੇ ਹੱਡੀਂ ਰਚ ਜਾਂਦੀ ਹੈ। ਉਹ ਨਿਰਵਿਘਨ ਨਿਯੰਤਰਣ ਬਣਾਈ ਰੱਖਣ ਦੇ ਪੁਰਸਲਾਤ ’ਤੇ ਤੁਰਦੇ ਰਹਿੰਦੇ ਹਨ। ਜਦੋਂ ਉਲਝਣ ਟਕਰਾਅ ਵਿੱਚ ਬਦਲ ਜਾਂਦੀ ਹੈ ਤਾਂ ਰਾਜਧਾਨੀਆਂ ਵੱਲੋਂ ਫ਼ੈਸਲੇ ਲੈਣ ਦੀ ਘਾਟ ਕਾਰਨ ਪੈਦਾ ਹੋਏ ਖ਼ਤਰਿਆਂ ਨਾਲ ਸਿੱਝਣ ਲਈ ਉਨ੍ਹਾਂ ਨੂੰ ਮਨੁੱਖੀ ਢਾਲਾਂ ਬਣਾ ਕੇ ਅੱਗੇ ਭੇਜ ਦਿੱਤਾ ਜਾਂਦਾ ਹੈ।

### ਰੁਖ਼ ਬਦਲਣ ਦੀ ਜਮਹੂਰੀ ਕੀਮਤ

ਲੰਮਾ ਸਮਾਂ ਚਲਦੀ ਰਣਨੀਤਕ ਅਸਪੱਸ਼ਟਤਾ ਦੀ ਕੀਮਤ ਸਾਰੇ ਇੱਕੋ ਜਿੰਨੀ ਨਹੀਂ ਤਾਰਦੇ। ਜਮਹੂਰੀਅਤਾਂ ਬਹਿਸ ਅਤੇ ਜਵਾਬਦੇਹੀ ਰਾਹੀਂ ਅੰਦਰੂਨੀ ਤੌਰ ’ਤੇ ਅਨਿਸ਼ਚਿਤਤਾ ਨੂੰ ਜਜ਼ਬ ਕਰਦੀਆਂ ਹਨ। ਸੁਧਾਰਵਾਦੀ ਪ੍ਰਣਾਲੀਆਂ ਹਨੇਰੇ ਵਿੱਚ ਅਸਪੱਸ਼ਟਤਾ ਨੂੰ ਅਮਲ ਵਿੱਚ ਲਿਆਉਂਦੀਆਂ ਹਨ। ਬੇਮੇਲ ਮੁਕਾਬਲਿਆਂ ਵਿੱਚ ਕਿਸੇ ਵੀ ਕਿਸਮ ਦੀ ਰਣਨੀਤਕ ਅਸਪੱਸ਼ਟਤਾ ਮਜ਼ਬੂਤ ਧਿਰ ਦਾ ਹੀ ਪੱਖ ਪੂਰਦੀ ਹੈ। ਰੁਖ਼ ਬਦਲਣ ਜਾਂ ਮਸਲਾ ਟਾਲੀ ਰੱਖਣ ਦੀਆਂ ਕੋਸ਼ਿਸ਼ਾਂ ਦੀ ਕੀਮਤ ਵੀ ਦੋਵੇਂ ਦੁਸ਼ਮਣ ਮੁਲਕ ਇੱਕੋ ਜਿੰਨੀ ਨਹੀਂ ਤਾਰਦੇ ਅਤੇ ਕਮਜ਼ੋਰ ਮੁਲਕ ਕੋਲ ਰਸਮੀ ਚੋਣ ਕਰਨ ਦਾ ਵੀ ਵਿਕਲਪ ਨਹੀਂ ਰਹਿੰਦਾ। ਅਜਿਹੇ ਹਾਲਾਤ ਵਿੱਚ ਰਣਨੀਤਕ ਸਪੱਸ਼ਟਤਾ ਟਕਰਾਅ ’ਚ ਵਾਧਾ ਨਹੀਂ ਕਰਦੀ ਸਗੋਂ ਜਮਹੂਰੀਅਤ ਦੀ ਸਿਹਤ ਲਈ ਚੰਗੀ ਹੁੰਦੀ ਹੈ।

### ਨਿਯਮ ਕੌਣ ਘੜਦਾ ਹੈ?

ਜਦੋਂ ਜਮਹੂਰੀਅਤਾਂ ਯੋਜਨਾਬੰਦੀ ਨੂੰ ਟਾਲਦੀਆਂ ਹਨ ਤਾਂ ਉਹ ਆਪਣੀ ਹੋਣੀ ਆਪ ਘੜਨ ਦੇ ਹੱਕ ਨੂੰ ਤਿਆਗ ਦਿੰਦੀਆਂ ਹਨ। ਨਿਯਮ ਸਹਿਮਤੀ ਨਾਲ ਨਹੀਂ ਸਗੋਂ ਫ਼ੌਜਾਂ ਚਾੜ੍ਹਨ ਦੇ ਡਰਾਵੇ ਨਾਲ ਬਦਲਦੇ ਹਨ। ਅਸਪੱਸ਼ਟਤਾ ਚੋਣ ਦੇ ਵਿਕਲਪਾਂ ਨੂੰ ਖ਼ਤਮ ਕਰ ਦਿੰਦੀ ਹੈ ਤੇ ਆਖ਼ਰ ਇੱਕੋ ਵਿਕਲਪ ਰਹਿ ਜਾਂਦਾ ਹੈ, ਜੋ ਚੁਣਨਾ ਕਮਜ਼ੋਰ ਧਿਰ ਦੀ ਮਜਬੂਰੀ ਹੁੰਦਾ ਹੈ। ਇੱਕ ਸਦੀ ਤੋਂ ਵੱਧ ਸਮਾਂ ਪਹਿਲਾਂ ਬਰਤਾਨਵੀ ਲਾਰਡ ਕਰਜ਼ਨ ਨੇ ਦੇਖਿਆ ਕਿ ਸਰਹੱਦਾਂ ਦੇ ਮਸਲੇ ਅਸਥਿਰ ਛੱਡਣਾ ਉਨ੍ਹਾਂ ਨੂੰ ਸੁਲਝਾਉਣ ਨਾਲੋਂ ਵਧੇਰੇ ਲਾਭਦਾਇਕ ਹੋ ਸਕਦਾ ਹੈ। ਉਸ ਨੂੰ ਇਸ ਗੱਲ ਦੀ ਸੂਝ ਸੀ ਕਿ ਅਜਿਹਾ ਕਰਕੇ ਉਹ ਆਪਣੀ ਪਕੜ ਬਣਾਈ ਰੱਖ ਸਕਦੇ ਹਨ। ਅਸਪੱਸ਼ਟਤਾ ਉਸ ਧਿਰ ਲਈ ਲਾਹੇਵੰਦ ਹੁੰਦੀ ਹੈ, ਜੋ ਨਕਸ਼ੇ ਨੂੰ ਬਦਲਣ ਯੋਗ ਸਮਝਦਿਆਂ ਸਮੇਂ ਨੂੰ ਹਥਿਆਰ ਵਜੋਂ ਵਰਤਦੀ ਹੈ।

### ਸਮਾਂ-ਸੀਮਾਵਾਂ ਦਾ ਟਕਰਾਅ: 2035 ਅਤੇ 2047

ਰਣਨੀਤਕ ਅਸਪੱਸ਼ਟਤਾ ਦੇ ਤਰਕ ਦੇ ਹੁਣ ਬਹੁਤੇ ਚੰਗੇ ਸਿੱਟੇ ਨਹੀਂ ਨਿਕਲਦੇ। ਸਥਿਰਤਾ ਹੁਣ ਅਣਕਹੀ ’ਤੇ ਨਿਰਭਰ ਨਹੀਂ ਕਰਦੀ ਸਗੋਂ ਇਸ ਬਾਰੇ ਤੈਅ ਕਰਨਾ ਲਾਜ਼ਮੀ ਹੈ। ਸਮਾਂ-ਸੀਮਾਵਾਂ ਦਾ ਟਕਰਾਅ ਹੀ ਕਿਸੇ ਫ਼ੈਸਲੇ ਦੀ ਲੋੜ ਨੂੰ ਨਿਰਧਾਰਤ ਕਰਦਾ ਹੈ। ਚੀਨ ਦੀ ਸਰਕਾਰ ਨੇ ਆਪਣੇ ਦੇਸ਼ ਦੇ ਕਾਇਆ ਕਲਪ ਲਈ ਸਾਲ 2035 ਤੱਕ ਦਾ ਸਮਾਂ ਨਿਰਧਾਰਤ ਕੀਤਾ ਹੈ ਜਦੋਂਕਿ ਭਾਰਤ ਦਾ ਸਾਲ 2047 ਦੇ ਆਜ਼ਾਦੀ ਦਿਹਾੜੇ ਤੱਕ ਮਿੱਥੇ ਟੀਚੇ ਹਾਸਲ ਕਰਨ ਦਾ ਇਰਾਦਾ ਹੈ। ਕੋਈ ਵੀ ਦੂਜਿਆਂ ਵੱਲੋਂ ਤੈਅ ਸਮਾਂ-ਸੀਮਾਵਾਂ ਮੁਤਾਬਿਕ ਦੇਸ਼ ਦੀ ਮਜ਼ਬੂਤੀ ਦਾ ਟੀਚਾ ਹਾਸਲ ਨਹੀਂ ਕਰ ਸਕਦਾ। ਜਦੋਂ ਇੱਕ ਪੱਖ ਦਹਾਕਿਆਂ ਲਈ ਯੋਜਨਾ ਬਣਾਉਂਦਾ ਹੈ ਅਤੇ ਦੂਜਾ ਰੁਕ ਰੁਕ ਕੇ ਕਦੇ-ਕਦਾਈਂ ਜਵਾਬ ਦਿੰਦਾ ਹੈ ਤਾਂ ਰਣਨੀਤਕ ਅਸਪੱਸ਼ਟਤਾ ਦੀ ਨੀਤੀ ਨਿਰਪੱਖ ਨਹੀਂ ਰਹਿੰਦੀ; ਇਹ ਦੂਜੇ ਦੀ ਮਹੱਤਵਕਾਂਖਿਆ ਲਈ ਸਹਾਇਕ ਬਣ ਜਾਂਦੀ ਹੈ।

### ਹੁਣ ਸਮਾਂ ਕਿਉਂ ਮਾਅਨੇ ਰੱਖਦਾ ਹੈ

ਯੋਜਨਾਬੰਦੀ ਲਈ ਸਮੇਂ ਮੁਤਾਬਿਕ ਅਨੁਸ਼ਾਸਨ ’ਚ ਰਹਿੰਦਿਆਂ ਕੰਮ ਕਰਨ ਦੀ ਲੋੜ ਹੁੰਦੀ ਹੈ। ਸਮਾਂ-ਸੀਮਾ ਵਾਲੇ ਢਾਂਚੇ ’ਚ ਦੇਰੀ ਨਾਲ ਲਾਭ ਨਹੀਂ ਹੁੰਦਾ। ਜਦੋਂ ਇੱਕ ਵਾਰ ਸਮਾਂ-ਸੀਮਾ ਤੈਅ ਕਰ ਕੇ ਸਰਹੱਦਾਂ ਮਿਥੀਆਂ ਜਾਂਦੀਆਂ ਹਨ ਤਾਂ ਸੰਜਮ ਦਿਖਾਉਣ ਵਾਲੀ ਧਿਰ ਨੂੰ ਨਹੀਂ ਸਗੋਂ ਉਲੰਘਣਾ ਕਰਨ ਵਾਲੀ ਧਿਰ ਨੂੰ ਆਪਣੀ ਸਫ਼ਾਈ ਦੇਣ ਦੀ ਲੋੜ ਪੈਂਦੀ ਹੈ। ਵਿਹਾਰਕ ਰੂਪ ਵਿੱਚ ਇਹ ਤਰਕ ਲੰਮੇ ਸਮੇਂ ਦੀ ਸਮਾਂ-ਸੀਮਾ ਵਾਲੀ ਪਕੜ ਵੱਲ ਇਸ਼ਾਰਾ ਕਰਦਾ ਹੈ, ਜਿਸ ਨੂੰ ਮਹੀਨਿਆਂ ਵਿੱਚ ਨਹੀਂ ਸਗੋਂ ਦਹਾਕਿਆਂ ਵਿੱਚ ਮਾਪਿਆ ਜਾਂਦਾ ਹੈ। ਇਸ ਨਾਲ ਮੌਜੂਦਾ ਸਥਿਤੀ ਜਿਉਂ ਦੀ ਤਿਉਂ ਰਹਿੰਦੀ ਹੈ ਅਤੇ ਇਸ ਦਾ ਹੱਲ ਬਾਅਦ ਵਿੱਚ ਵਧੇਰੇ ਢੁਕਵੇਂ ਸਮੇਂ ਤੱਕ ਮੁਲਤਵੀ ਕਰ ਦਿੱਤਾ ਜਾਂਦਾ ਹੈ। ਪੰਦਰਾਂ ਤੋਂ ਵੀਹ ਸਾਲ ਦਾ ਸਮਾਂ ਖੇਤਰੀ ਸਥਿਰਤਾ ਲਈ ਰਿਆਇਤ ਨਹੀਂ ਹੈ ਸਗੋਂ ਇਹ ਸਬਰ ਦਾ ਪ੍ਰਗਟਾਵਾ ਹੈ। ਇਹ ਗੱਲਬਾਤ ਨੂੰ ਰੋਕ ਕੇ ਜਾਂ ਇਕਪਾਸੜ ਤਬਦੀਲੀ ਨੂੰ ਜਾਇਜ਼ ਠਹਿਰਾਏ ਬਿਨਾਂ ਰਣਨੀਤਕ ਅਸਪੱਸ਼ਟਤਾ ਨੂੰ ਜ਼ਿੰਮੇਵਾਰੀ ਅਤੇ ਜਵਾਬਦੇਹੀ ਵਿੱਚ ਬਦਲ ਦਿੰਦਾ ਹੈ।

ਇੱਕ ਨਿਸ਼ਚਿਤ ਸਮੇਂ ਲਈ ਸਥਿਤੀ ਨੂੰ ਜਿਉਂ ਦੀ ਤਿਉਂ ਰੱਖਣਾ ਮਜ਼ਬੂਤ ਧਿਰ ਨੂੰ ਹੌਲੀ-ਹੌਲੀ ਅੱਗੇ ਵਧਣ ਤੋਂ ਰੋਕਦਾ ਹੈ ਅਤੇ ਸੁਧਾਰਵਾਰ ਨੂੰ ਚੁੱਪ-ਚੁਪੀਤੀ ਮੁਹਿੰਮ ਦੀ ਬਜਾਏ ਸੋਚੀ ਸਮਝੀ ਕਾਰਵਾਈ ਵਜੋਂ ਉਭਾਰਦਾ ਹੈ। ਕਿਸੇ ਵੇਲੇ ਸ਼ਕਤੀਸ਼ਾਲੀ ਧਿਰ ਦੁਆਰਾ ਹਥਿਆਰ ਵਜੋਂ ਵਰਤਿਆ ਜਾਂਦਾ ਸਮਾਂ ਉਸ ਦੇ ਇਰਾਦੇ ਦੇ ਰਾਹ ’ਚ ਰੁਕਾਵਟ ਬਣ ਜਾਂਦਾ ਹੈ। ਜਾਂ ਤਾਂ ਸਬਰ ਦੂਜੀ ਧਿਰ ਦੀ ਇੱਛਾ ਦੀ ਪੂਰਤੀ ਨੂੰ ਛੇਤੀ ਕੀਤਿਆਂ ਪੂਰੀ ਹੋਣ ਤੋਂ ਰੋਕਦਾ ਹੈ ਜਾਂ ਫਿਰ ਸਰਹੱਦਾਂ ’ਤੇ ਉਲੰਘਣਾਵਾਂ ਉਸ ਦੇ ਇਰਾਦਿਆਂ ਨੂੰ ਪ੍ਰਗਟ ਕਰ ਦਿੰਦੀਆਂ ਹਨ।

### ਯੋਜਨਾਬੰਦੀ ਨਾਲ ਮਸਲਾ ਲਟਕਦਾ ਨਹੀਂ

ਯੋਜਨਾਬੰਦੀ ਨਾਲ ਮਸਲੇ ਲਟਕਦੇ ਨਹੀਂ। ਇਹ ਇੱਕ ਐਲਾਨ ਹੁੰਦੀ ਹੈ। ਇਹ ਸੋਚੀ ਸਮਝੀ ਕਾਰਵਾਈ ਹੁੰਦੀ ਹੈ, ਜਿਸ ਰਾਹੀਂ ਕੋਈ ਜਮਹੂਰੀਅਤ ਜਨਤਕ ਤੌਰ ’ਤੇ ਸਪੱਸ਼ਟ ਦੱਸਦੀ ਹੈ ਕਿ ਹੁਣ ਕਿਸ ਮਸਲੇ ਬਾਰੇ ਸਮਝੌਤਾ ਨਹੀਂ ਕੀਤਾ ਜਾਵੇਗਾ, ਕਿਸ ਗੱਲ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਕਿਸ ਕਦਮ ਦੇ ਕੀ ਸਿੱਟੇ ਨਿਕਲਣਗੇ? ਯੋਜਨਾਬੰਦੀ ਦਾ ਮਕਸਦ ਆਪਣੀ ਗੱਲ ’ਤੇ ਅੜਨਾ ਨਹੀਂ ਹੁੰਦਾ ਸਗੋਂ ਇਹ ਰਣਨੀਤਕ ਅਸਪੱਸ਼ਟਤਾ ਕਾਰਨ ਦੂਜੀ ਧਿਰ ਲਈ ਨੈਤਿਕ ਤੌਰ ’ਤੇ ਬਚ ਨਿਕਲਣ ਲਈ ਰਾਹ ਨਹੀਂ ਛੱਡਦੀ।

### ਸੰਜਮ ਤੋਂ ਜ਼ਿੰਮੇਵਾਰੀ ਤੱਕ

ਸਮਾਂ-ਬੱਧ ਯੋਜਨਾਬੰਦੀ ਸ਼ਾਂਤੀ ਨੂੰ ਭੰਗ ਨਹੀਂ ਕਰਦੀ। ਇਹ ਜ਼ਿੰਮੇਵਾਰੀ ਤੈਅ ਕਰਦੀ ਹੈ। ਜਦੋਂ ਸਮੇਂ ਮੁਤਾਬਿਕ ਸੀਮਾਵਾਂ ਤੈਅ ਕੀਤੀਆਂ ਜਾਂਦੀਆਂ ਹਨ ਤਾਂ ਸੰਜਮ ਦਾ ਰਾਹ ਅਪਣਾਉਣ ਲਈ ਅਫ਼ਸੋਸ ਨਹੀਂ ਹੁੰਦਾ ਸਗੋਂ ਹੱਦ ਉਲੰਘਣ ਵਾਲੇ ਮੁਲਕ ’ਤੇ ਨੈਤਿਕ ਬੋਝ ਹੁੰਦਾ ਹੈ। ਸਪੱਸ਼ਟਤਾ ਭੜਕਾਹਟ ਨਹੀਂ ਹੈ; ਇਹ ਜਵਾਬਦੇਹ ਬਣਾਉਣ ਦੀ ਕਾਰਵਾਈ ਹੈ।

### ਰਣਨੀਤਕ ਉਡੀਕ ਦਾ ਅੰਤ

ਕਿਸੇ ਵੇਲੇ ਰਣਨੀਤਕ ਅਸਪੱਸ਼ਟਤਾ ਨਾਲ ਤਵਾਜ਼ਨ ਕਾਇਮ ਰਹਿੰਦਾ ਸੀ। ਅੱਜ ਇਹ ਉਨ੍ਹਾਂ ਧਿਰਾਂ ਲਈ ਲਾਹੇਵੰਦ ਹੁੰਦੀ ਹੈ, ਜੋ ਦੇਰੀ ਤੋਂ ਲਾਭ ਉਠਾਉਂਦੇ ਹਨ। ਖਾਕਾ ਮੁੜ ਉਲੀਕਣ ਦਾ ਮਤਲਬ ਟਕਰਾਅ ਦੇ ਰਾਹ ਪੈਣਾ ਨਹੀਂ; ਇਸ ਦਾ ਅਰਥ ਹੈ ਆਪਣਾ ਭਵਿੱਖ ਆਪ ਤੈਅ ਕਰਨਾ। ਆਪਣੀਆਂ ਸ਼ਰਤਾਂ ਆਪ ਤੈਅ ਨਾ ਕਰਨ ਵਾਲੇ ਸ਼ਾਂਤੀ ਕਾਇਮ ਨਹੀਂ ਰੱਖਦੇ ਸਗੋਂ ਉਹ ਆਪਣਾ ਭਵਿੱਖ ਦੂਜਿਆਂ ਦੇ ਹੱਥੀਂ ਦੇ ਦਿੰਦੇ ਹਨ। ਵਿਹਾਰਕ ਤੌਰ ’ਤੇ ਸਮਾਂ-ਬੱਧ ਜਾਂ ਨਿਯਮਿਤ ਵਕਫੇ ’ਤੇ ਕੀਤੀ ਸਮੀਖਿਆ ਆਧਾਰਿਤ ਯੋਜਨਾਬੰਦੀ ਸੰਜਮ ਨੂੰ ਸਬਰ ਕਰਨ ਦੀ ਥਾਂ ਜ਼ਿੰਮੇਵਾਰ ਢਾਂਚੇ ਵਿੱਚ ਬਦਲਦੀ ਹੈ।

ਸੰਜਮ ਉਦੋਂ ਆਪਣੀ ਨੈਤਿਕ ਉੱਚਤਾ ਗੁਆ ਬੈਠਦਾ ਹੈ ਜਦੋਂ ਕੋਈ ਦੂਜਾ ਇਸ ’ਤੇ ਆਪਣੀ ਮਰਜ਼ੀ ਥੋਪ ਦੇਵੇ। ਜਦੋਂ ਇਕਪਾਸੜ ਲਾਭ ਹੀ ਹੋਵੇ ਤਾਂ ਸੰਵਾਦ ਵੀ ਨਿਰਜਿੰਦ ਹੁੰਦਾ ਹੈ। ਮਸਲੇ ਦੇ ਹੱਲ ਵਿੱਚ ਦੇਰੀ ਨਾਲ ਹੁਣ ਸੁਰੱਖਿਆ ਨਹੀਂ ਕੀਤੀ ਜਾ ਸਕਦੀ; ਇਹ ਸਿਰਫ਼ ਚਰਵਾਹੇ ਤੋਂ ਲੈ ਕੇ ਗਸ਼ਤ ਅਤੇ ਸਿਪਾਹੀ ਤੱਕ ਨੂੰ ਜੋਖ਼ਮ ਵਿੱਚ ਪਾ ਸਕਦੀ ਹੈ।

# 'ਹੈਲੋ' ਸ਼ਬਦ ਕਿੱਥੋਂ ਆਇਆ, ਕਿਵੇਂ ਸਾਰੀ ਦੁਨੀਆ ਨੇ ਅਪਣਾਇਆ

"ਹੈਲੋ" ਸ਼ਬਦ ਪਹਿਲੀ ਵਾਰ 200 ਸਾਲ ਪਹਿਲਾਂ ਕਿਸੇ ਛਪਾਈ ਵਿੱਚ ਵਰਤਿਆ ਗਿਆ ਸੀ, ਹਾਲਾਂਕਿ ਇਸ ਦੀ ਸ਼ੁਰੂਆਤ 15ਵੀਂ ਸਦੀ ਵਿੱਚ ਹੋਈ ਸੀ। ਦੁਨੀਆ ਭਰ ਵਿੱਚ ਇੱਕ-ਦੂਜੇ ਨੂੰ ਨਮਸਕਾਰ ਕਰਨ ਦੀ ਇਹ ਭਾਸ਼ਾ ਕਿਵੇਂ ਵਿਕਸਿਤ ਹੋਈ ਹੈ ਅਤੇ ਇਹ ਸਾਡੇ ਬਾਰੇ ਕੀ ਦੱਸਦੀ ਹੈ? ਅਸੀਂ ਬਿਨਾਂ ਸੋਚੇ-ਸਮਝੇ ਦਿਨ ਭਰ ਵਿੱਚ ਦਰਜਨਾਂ ਵਾਰ "ਹੈਲੋ" ਸ਼ਬਦ ਦਾ ਇਸਤੇਮਾਲ ਕਰ ਲੈਂਦੇ ਹਾਂ - ਫੋਨ ਕਾਲਾਂ 'ਤੇ, ਈਮੇਲਾਂ ਵਿੱਚ ਅਤੇ ਆਹਮੋ-ਸਾਹਮਣੇ ਮਿਲਣ ਵੇਲੇ ਵੀ।

ਅਸੀਂ ਇਸਨੂੰ ਐਡੇਲ ਅਤੇ ਲਾਇਓਨਲ ਰਿਚੀ ਨਾਲ ਗੁਣਗੁਣਾਉਂਦੇ ਹਾਂ, ਅਤੇ ਅਸੀਂ ਇਸਨੂੰ ਕਈ ਫ਼ਿਲਮਾਂ ਅਤੇ ਗਾਣਿਆਂ ਵਿੱਚ ਵੀ ਸੁਣਦੇ ਆਏ ਹਾਂ। ਇਸ ਸ਼ਬਦ ਦਾ ਇਸਤੇਮਾਲ ਮੋਬਾਇਲ ਫੋਨਾਂ (ਜਿਵੇਂ ਮੋਟੋਰੋਲਾ ਦਾ "ਹੈਲੋ, ਮੋਟੋ") ਤੋਂ ਲੈ ਕੇ ਲਾਂਜਰੀ (ਵੰਡਰਬਰਾ ਦੇ ਮਸ਼ਹੂਰ "ਹੈਲੋ ਬੌਇਜ਼") ਤੱਕ ਹਰ ਕਿਸਮ ਦੀ ਚੀਜ਼ ਵੇਚਣ ਲਈ ਕੀਤਾ ਗਿਆ ਹੈ। ਇੱਥੋਂ ਤੱਕ ਕਿ ਇਸਨੂੰ ਕੰਪਿਊਟਰ ਪ੍ਰੋਗਰਾਮਾਂ ਅਤੇ ਸੈਲੀਬ੍ਰਿਟੀ ਮੈਗਜ਼ੀਨਾਂ ਦੇ ਨਾਮ ਰੱਖਣ ਲਈ ਵੀ ਵਰਤਿਆ ਗਿਆ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਹਰ ਥਾਂ ਵਰਤਿਆ ਜਾਣ ਵਾਲੇ ਇਸ ਦੋਸਤਾਨਾ ਸ਼ਬਦ ਦਾ ਪ੍ਰਿੰਟ ਵਿੱਚ ਇਤਿਹਾਸ ਬਹੁਤ ਛੋਟਾ ਹੈ। ਦੋ ਸਦੀ ਪਹਿਲਾਂ, 18 ਜਨਵਰੀ 1826 ਨੂੰ "ਹੈਲੋ" ਨੇ ਪਹਿਲੀ ਵਾਰ ਕਨੈਕਟੀਕਟ ਦੇ ਇੱਕ ਅਖ਼ਬਾਰ 'ਦਿ ਨੌਰਵਿਚ ਕੂਰੀਅਰ' ਦੇ ਪੰਨਿਆਂ 'ਤੇ ਆਪਣੀ ਮੌਜੂਦਗੀ ਦਰਜ ਕਰਵਾਈ। ਅਖ਼ਬਾਰ ਦੇ ਕਾਲਮਾਂ ਵਿਚਕਾਰ ਲੁਕਿਆ ਹੋਇਆ ਇਹ ਇੱਕ ਅਜਿਹੇ ਸ਼ਬਦ ਦੀ ਸ਼ੁਰੂਆਤ ਸੀ ਜੋ ਬਾਅਦ ਵਿੱਚ ਆਧੁਨਿਕ ਦੁਨੀਆ ਦੇ ਵੱਡੇ ਹਿੱਸੇ ਲਈ ਸਲਾਮ-ਨਮਸਤੇ ਦਾ ਮੁੱਖ ਜ਼ਰੀਆ ਬਣ ਗਿਆ।

1850 ਦੇ ਦਹਾਕੇ ਤੱਕ ਇਹ ਅਟਲਾਂਟਿਕ ਸਮੁੰਦਰ ਪਾਰ ਕਰਕੇ ਬ੍ਰਿਟੇਨ ਪਹੁੰਚ ਗਿਆ ਸੀ, ਜਿੱਥੇ ਇਹ ਲੰਦਨ ਲਿਟਰੇਰੀ ਗਜ਼ਟ ਵਰਗੀਆਂ ਪ੍ਰਕਾਸ਼ਨਾਂ ਵਿੱਚ ਨਜ਼ਰ ਆਇਆ ਅਤੇ ਫਿਰ ਛਪਾਈ ਵਿੱਚ ਤੇਜ਼ੀ ਨਾਲ ਆਮ ਹੋ ਗਿਆ। ਹੋਰ ਭਾਸ਼ਾਵਾਂ ਵਿੱਚ ਵਰਤੇ ਜਾਂਦੇ ਆਮ ਅਭਿਵਾਦਨ ਸ਼ਬਦਾਂ ਵਾਂਗ, "ਹੈਲੋ" ਵੀ ਅੰਗਰੇਜ਼ੀ ਬੋਲਣ ਵਾਲੀ ਦੁਨੀਆ ਬਾਰੇ ਕੁਝ ਦੱਸਦਾ ਹੈ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਸ਼ਬਦ ਦਾ ਕਿਹੜਾ ਰੂਪ, ਸੰਖੇਪ ਰੂਪ ਜਾਂ ਉਚਾਰਣ ਚੁਣਦੇ ਹਾਂ।

ਇਸ ਦੇ ਕਈ ਰੂਪ ਹਨ। ਚਾਹੇ ਇਹ ਬੋਲੀ ਜਾਂ ਉਚਾਰਣ ਦੇ ਪ੍ਰਭਾਵ ਕਾਰਨ ਹੋਣ, ਜਾਂ ਆਨਲਾਈਨ ਗੱਲਬਾਤ ਲਈ ਲੋੜੀਂਦੀ ਸੰਖੇਪਤਾ ਕਰਕੇ, ਤੁਸੀਂ ਕਿਹੜਾ "ਹੈਲੋ" ਵਰਤਦੇ ਹੋ, ਇਹ ਤੁਹਾਡੇ ਬਾਰੇ ਕਾਫ਼ੀ ਕੁਝ ਦੱਸਦਾ ਹੈ, ਅਤੇ ਤੁਹਾਡੀ ਉਮਰ, ਦੇਸ਼ ਜਾਂ ਇੱਥੋਂ ਤੱਕ ਕਿ ਮੂਡ ਬਾਰੇ ਵੀ ਦੱਸ ਸਕਦਾ ਹੈ।

ਭਾਸ਼ਾ ਵਿਗਿਆਨੀਆਂ ਦੇ ਮੁਤਾਬਕ, "ਹੇਯ" (heyyy) ਵਰਗੇ ਲੰਮੇ ਰੂਪਾਂ ਨੂੰ ਛੇੜਛਾੜ (ਫਲਰਟ) ਵਾਲਾ ਸਮਝਿਆ ਜਾ ਸਕਦਾ ਹੈ, "ਹੈਲਾਵ" ਦੱਸ ਸਕਦਾ ਹੈ ਕਿ ਤੁਸੀਂ ਸ਼ਾਇਦ ਦੱਖਣੀ ਅਮਰੀਕਾ ਤੋਂ ਹੋ, "ਹਾਉਡੀ" ਪੱਛਮੀ ਅਮਰੀਕਾ ਨਾਲ ਜੋੜਿਆ ਜਾਂਦਾ ਹੈ, ਅਤੇ ਛੋਟਾ "ਹਾਇ" ਇੱਕ ਰੁਖੇ ਸੁਭਾਅ ਦਾ ਸੰਕੇਤ ਦੇ ਸਕਦਾ ਹੈ।

ਲੌਸ ਐਂਜਲਿਸ ਦੀ ਯੂਨੀਵਰਸਿਟੀ ਆਫ਼ ਕੈਲੀਫ਼ੋਰਨੀਆ ਵਿੱਚ ਲਿੰਗਵਿਸਟਿਕ ਐਂਥਰੋਪੋਲੋਜੀ ਦੇ ਪ੍ਰੋਫੈਸਰ ਅਲੇਸਾਂਦ੍ਰੋ ਦੁਰਾਂਤੀ ਕਹਿੰਦੇ ਹਨ, "ਇਸਨੂੰ ਕਈ ਵੱਖ-ਵੱਖ ਤਰੀਕਿਆਂ ਨਾਲ ਬੋਲਿਆ ਅਤੇ ਮੋੜਿਆ ਜਾ ਸਕਦਾ ਹੈ, ਅਤੇ ਇਹ ਮਹੀਨ ਸੁਰਾਤਮਕ ਤਬਦੀਲੀਆਂ ਇਸਦਾ ਅਰਥ ਬਦਲ ਸਕਦੀਆਂ ਹਨ।"

ਉਹ ਮਿਸਾਲ ਦਿੰਦਿਆਂ ਕਹਿੰਦੇ ਹਨ, "ਜਦੋਂ ਕੋਈ 'ਹੈਲੋ' ਸ਼ਬਦ ਦੇ ਆਖ਼ਰੀ ਸੁਰ ਨੂੰ ਖਿੱਚ ਕੇ ਬੋਲਦਾ ਹੈ, ਤਾਂ ਇਹ ਦੂਜੇ ਵਿਅਕਤੀ ਦੀ ਗੱਲ 'ਤੇ ਸਵਾਲ ਚੁੱਕਣ ਦੀ ਭਾਵਨਾ ਵਾਲਾ ਹੋ ਸਕਦਾ ਹੈ, ਜਿਵੇਂ 'ਹੈਲੋ, ਕੀ ਤੁਸੀਂ ਸੁਣ ਰਹੇ ਹੋ?' ਜਾਂ 'ਹੈਲੋ, ਤੁਸੀਂ ਮਜ਼ਾਕ ਕਰ ਰਹੇ ਹੋ ਨਾ'।"

ਲਹਿਜ਼ੇ ਅਤੇ ਪ੍ਰਕਾਰ (ਟੋਨ ਅਤੇ ਫਾਰਮ) ਰਾਹੀਂ ਬਾਰੀਕ ਅਰਥ ਦੱਸਣ ਦੀ ਇਹ ਸਮਰਥਾ ਕੋਈ ਆਧੁਨਿਕ ਖੋਜ ਨਹੀਂ ਹੈ; ਸ਼ੁਰੂਆਤੀ ਪ੍ਰਕਾਸ਼ਨ ਵਿੱਚ ਵੀ "ਹੈਲੋ" ਕਈ ਭਾਸ਼ਾਵਾਂ ਤੋਂ ਆਏ ਪ੍ਰਭਾਵਾਂ, ਰੂਪਾਂ ਅਤੇ ਇਸਤੇਮਾਲ ਦਾ ਇੱਕ ਸੁਮੇਲ ਸੀ।

### ਹੈਲੋ ਦੀ ਉਤਪੱਤੀ

"ਹੈਲੋ" ਸ਼ਬਦ ਦੀ ਛਪਾਈ ਤੋਂ ਪਹਿਲਾਂ ਦੀ ਉਤਪੱਤੀ ਬਾਰੇ ਵਿਵਾਦ ਹੈ। ਜਿਸ ਤੱਥ ਨੂੰ ਸਭ ਤੋਂ ਵੱਧ ਮਾਨਤਾ ਮਿਲਦੀ ਹੈ ਉਹ ਇਹ ਹੈ ਕਿ ਇਸ ਸ਼ਬਦ ਦਾ ਭਾਸ਼ਾਈ ਮੂਲ ਪੁਰਾਤਨ ਹਾਈ ਜਰਮਨ ਦਾ "ਹਾਲਾ" ਹੈ, ਜੋ ਕਿ ਇੱਕ ਪ੍ਰਕਾਰ ਦਾ ਆਵਾਜ਼ ਲਗਾਉਣ ਵਾਲਾ ਸ਼ਬਦ ਸੀ ਅਤੇ ਇਤਿਹਾਸਕ ਤੌਰ 'ਤੇ ਜਿਸ ਦਾ ਇਸਤੇਮਾਲ ਕਿਸ਼ਤੀ ਵਾਲੇ ਨੂੰ ਬੁਲਾਣ ਲਈ ਕੀਤਾ ਜਾਂਦਾ ਸੀ।

ਆਕਸਫ਼ੋਰਡ ਇੰਗਲਿਸ਼ ਡਿਕਸ਼ਨਰੀ "ਹੈਲੂ" ਵੱਲ ਵੀ ਇਸ਼ਾਰਾ ਕਰਦੀ ਹੈ (ਸ਼ਿਕਾਰ ਦੌਰਾਨ ਕੁੱਤਿਆਂ ਨੂੰ ਤੇਜ਼ ਦੌੜਣ ਲਈ ਉਕਸਾਉਣ ਵਾਲੀ ਪੁਕਾਰ), ਇਸ ਨੂੰ ਵੀ ਇੱਕ ਸੰਭਾਵਿਤ ਭਾਸ਼ਾਈ ਮੂਲ ਮੰਨਿਆ ਜਾਂਦਾ ਹੈ। ਇਸ ਵਿੱਚ ਕਈ ਸ਼ੁਰੂਆਤੀ ਸਪੈਲਿੰਗ (ਸ਼ਬਦਜੋੜ) ਦਰਜ ਹਨ, ਜਿਵੇਂ "ਹੁਲੋ", "ਹਿਲੋ" ਅਤੇ "ਹੋਲਾ" - ਇਨ੍ਹਾਂ ਵਿੱਚੋਂ ਹੋਲਾ ਬਾਰੇ ਮੰਨਿਆ ਜਾਂਦਾ ਹੈ ਕਿ ਇਹ 15ਵੀਂ ਸਦੀ ਦੇ ਫ਼ਰਾਂਸੀਸੀ ਸ਼ਬਦ "ਹੋਲ" ਤੋਂ ਆਇਆ ਹੈ, ਜਿਸਦਾ ਮਤਲਬ ਹੈ "ਅਰੇ!" ਜਾਂ "ਰੁਕੋ!"। ਅੰਗਰੇਜ਼ੀ ਸਰੋਤਾਂ ਵਿੱਚ, OED ਸਭ ਤੋਂ ਪਹਿਲਾ ਰੂਪ 16ਵੀਂ ਸਦੀ ਦੇ ਅੰਤ ਦਾ "ਹੋਲੋ" ਨੂੰ ਦੱਸਦਾ ਹੈ।

ਆਕਸਫ਼ੋਰਡ ਦੇ ਮੈਗਡੇਲਨ ਕਾਲਜ ਵਿੱਚ ਅੰਗਰੇਜ਼ੀ ਭਾਸ਼ਾ ਅਤੇ ਸਾਹਿਤ ਦੇ ਪ੍ਰੋਫੈਸਰ ਸਾਇਮਨ ਹੋਰੋਬਿਨ ਦੱਸਦੇ ਹਨ ਕਿ ਇਸ ਤਰ੍ਹਾਂ ਦੇ ਅਰਥ ਸਬੰਧੀ ਬਦਲਾਅ ਅਤੇ ਸਪੈਲਿੰਗ ਵਿੱਚ ਤਬਦੀਲੀਆਂ ਨੂੰ ਖੇਤਰੀ ਲਹਿਜ਼ਿਆਂ ਅਤੇ ਉਚਾਰਣ ਦੇ ਅੰਤਰਾਂ ਨਾਲ ਵੀ ਸਮਝਾਇਆ ਜਾ ਸਕਦਾ ਹੈ।

ਉਨ੍ਹਾਂ ਨੇ 'ਹ' ਛੱਡਣ ਨਾਲ ਜੁੜੀ ਵਰਗਵਾਦੀ ਅੰਗਰੇਜ਼ੀ ਧਾਰਨਾ, ਜਿਸਨੂੰ ਸਿੱਖਿਆ ਦੀ ਘਾਟ ਨਾਲ ਜੋੜਿਆ ਜਾਂਦਾ ਹੈ, ਵੱਲ ਇਸ਼ਾਰਾ ਕਰਦਿਆਂ ਦੱਸਿਆ ਕਿ "ਖ਼ਾਸ ਕਰਕੇ 'ਏਲੋ' ਦੇ ਉਦਾਹਰਨ ਵਿੱਚ, ਜੋ 'ਹ' ਛੱਡਣ (ਨਾ ਵਰਤਣ) ਦੀ ਰਿਵਾਇਤ ਨੂੰ ਦਰਸਾਉਂਦਾ ਹੈ।"

ਉਹ ਅੱਗੇ ਕਹਿੰਦੇ ਹਨ "ਪਰ ਉਤਪੱਤੀ ਅਤੇ ਸ਼ੁਰੂਆਤੀ ਇਤਿਹਾਸ ਲਈ ਅਸੀਂ ਲਿਖਤੀ ਸਬੂਤਾਂ 'ਤੇ ਨਿਰਭਰ ਹਾਂ, ਜੋ ਅਕਸਰ ਅਧੂਰੇ ਹੁੰਦੇ ਹਨ। ਇਸ ਤਰ੍ਹਾਂ ਦੇ ਬੋਲਚਾਲ ਵਾਲੇ ਸ਼ਬਦ ਲਈ, ਜੋ ਲਿਖਤ ਨਾਲੋਂ ਕਾਫ਼ੀ ਪਹਿਲਾਂ ਅਤੇ ਜ਼ਿਆਦਾ ਵਾਰ ਬੋਲਚਾਲ ਵਿੱਚ ਵਰਤਿਆ ਗਿਆ ਹੋਵੇਗਾ, ਇੱਕ ਪੱਕੀ ਸਮਾਂ-ਰੇਖਾ ਤੈਅ ਕਰਨੀ ਖ਼ਾਸ ਤੌਰ 'ਤੇ ਮੁਸ਼ਕਲ ਹੈ।"




ਹੋਰੋਬਿਨ ਸਮਝਾਉਂਦੇ ਹਨ ਕਿ ਕਿਸੇ ਸ਼ਬਦ ਦੇ ਸਟੈਂਡਰਡ (ਮਿਆਰੀ) ਰੂਪ ਦੀ ਚੋਣ ਆਮ ਤੌਰ 'ਤੇ ਲੈਕਸੀਕੋਗ੍ਰਾਫਰਾਂ ਦੇ ਹੱਥ ਵਿੱਚ ਹੁੰਦੀ ਹੈ - ਉਹ ਲੋਕ ਜੋ ਸ਼ਬਦਕੋਸ਼/ਡਿਕਸ਼ਨਰੀ ਤਿਆਰ ਕਰਦੇ ਹਨ।

ਉਨ੍ਹਾਂ ਕਿਹਾ, "ਉਹ ਆਪਣੀ ਚੋਣ ਕਿਸੇ ਖ਼ਾਸ ਸਪੈਲਿੰਗ (ਸ਼ਬਦ) ਦੀ ਤੁਲਨਾਤਮਕ ਵੱਧ ਵਰਤੋਂ ਦੇ ਆਧਾਰ 'ਤੇ ਕਰਦੇ ਹਨ, ਹਾਲਾਂਕਿ ਇਹ ਚੋਣ ਲਾਜ਼ਮੀ ਤੌਰ 'ਤੇ ਕੁਝ ਹੱਦ ਤੱਕ ਅਸਥਾਈ ਅਤੇ ਮਨਮਰਜ਼ੀ ਵਾਲੀ ਵੀ ਹੁੰਦੀ ਹੈ।"

ਜਦੋਂ 1884 ਵਿੱਚ ਆਕਸਫ਼ੋਰਡ ਇੰਗਲਿਸ਼ ਡਿਕਸ਼ਨਰੀ ਪਹਿਲੀ ਵਾਰ ਛਪੀ, ਉਦੋਂ ਤੱਕ "ਹਲਲੋ" ਅਭਿਵਾਦਨ ਦੇ ਪ੍ਰਮੁੱਖ ਰੂਪ ਵਜੋਂ ਉੱਭਰ ਰਿਹਾ ਸੀ। ਹਾਲਾਂਕਿ, ਚਾਰਲਜ਼ ਡਿਕਨਜ਼ ਨੇ 19ਵੀਂ ਸਦੀ ਦੌਰਾਨ ਆਪਣੀਆਂ ਲਿਖਤਾਂ ਵਿੱਚ "ਹੁਲਲੋ" ਨੂੰ ਵਰਤਿਆ ਹੈ ਅਤੇ ਅਲੈਕਜ਼ੈਂਡਰ ਗ੍ਰਾਹਮ ਬੈਲ (ਜਿਨ੍ਹਾਂ ਨੇ ਕਦੇ ਇਹ ਦਲੀਲ ਦਿੱਤੀ ਸੀ ਕਿ "ਅਹੋ!" (ahoey) ਟੈਲੀਫ਼ੋਨ ਲਈ ਹੋਰ ਵਧੀਆ ਸਲਾਮ/ਨਮਸਤੇ (ਅਭਿਵਾਦਨ) ਹੋਵੇਗਾ) "hal-loo" ਨਾਲ ਜੁੜੇ ਰਹੇ। ਬੈਲ ਦੇ ਪਰਸਪਰ ਵਿਰੋਧੀ, ਥੋਮਸ ਐਡੀਸਨ ਨੇ "hello" ਦਾ ਸਮਰਥਨ ਕੀਤਾ, ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਇਹ ਸ਼ਬਦ ਸਭ ਤੋਂ ਖ਼ਰਾਬ ਫ਼ੋਨ ਲਾਈਨਾਂ 'ਤੇ ਵੀ ਸਾਫ਼ ਸੁਣਾਈ ਦੇਵੇਗਾ। (ਉਨ੍ਹਾਂ ਤੋਂ ਪਹਿਲਾਂ) 'ਦਿ ਨੌਰਵਿਚ ਕੂਰੀਅਰ' ਵਾਂਗ ਐਡੀਸਨ ਦੀ ਹਿਮਾਇਤ ਨੇ ਵੀ ਮਦਦ ਕੀਤੀ - ਅਤੇ "hello" ਅੰਗਰੇਜ਼ੀ ਭਾਸ਼ਾ ਦਾ ਸਭ ਤੋਂ ਪ੍ਰਮੁੱਖ ਅਭਿਵਾਦਨ ਵਾਲਾ ਸ਼ਬਦ ਬਣ ਗਿਆ।

### ਦੁਨੀਆ ਭਰ ਵਿੱਚ ਹੈਲੋ

ਇੱਕ ਪਾਸੇ ਅੰਗਰੇਜ਼ੀ ਭਾਸ਼ਾ ਨੇ "hello" ਨੂੰ ਆਪਣਾ ਰਵਾਇਤੀ ਸਲਾਮ/ਨਮਸਤੇ ਬਣਾ ਲਿਆ, ਅਤੇ ਹੋਰ ਭਾਸ਼ਾਵਾਂ ਨੇ ਆਪਣੇ-ਆਪਣੇ ਰਸਤੇ ਚੁਣੇ। ਕੁਝ ਅੰਗਰੇਜ਼ੀ ਤੋਂ ਪ੍ਰਭਾਵਿਤ ਸਨ, ਕੁਝ ਸੁਤੰਤਰ ਤੌਰ 'ਤੇ ਵਿਕਸਿਤ ਹੋਏ ਪਰ ਹਰੇਕ ਆਪਣੇ ਨਾਲ ਇੱਕ ਵੱਖਰਾ ਸਾਂਸਕ੍ਰਿਤਿਕ ਰੰਗ ਲਿਆਉਂਦਾ ਹੈ, ਜੋ ਉਨ੍ਹਾਂ ਲੋਕਾਂ ਦੀਆਂ ਸਮਾਜਿਕ ਰੀਤਾਂ ਅਤੇ ਧਾਰਨਾਵਾਂ ਵੱਲ ਇਸ਼ਾਰਾ ਕਰਦਾ ਹੈ ਜੋ ਇਸ ਨੂੰ ਵਰਤਦੇ ਹਨ।

ਉਦਾਹਰਨ ਵਜੋਂ, ਜਰਮਨਿਕ ਅਤੇ ਸਕੈਂਡੀਨੇਵੀਅਨ ਭਾਸ਼ਾਵਾਂ ਵਿੱਚ "hallo" ਅਤੇ "halla" ਧੁਨੀਕ ਤੌਰ 'ਤੇ (ਫ਼ੋਨੈਟਿਕਲੀ) ਮੁਸ਼ਕਿਲ ਹਨ ਅਤੇ "hola" ਅਤੇ "olá" ਦੀ ਲਿਰਿਕਲ, ਲਗਭਗ ਕਿਸੇ ਕਵਿਤਾ ਵਰਗੀ ਸ਼ੁਨੀ ਨਾਲੋਂ ਜ਼ਿਆਦਾ ਸਿੱਧੇ ਅਤੇ ਕਾਰਗਰ ਮਹਿਸੂਸ ਹੁੰਦੇ ਹਨ। "hola" ਅਤੇ "olá" ਰੋਮਾਂਸ ਵਾਲੀਆਂ ਭਾਸ਼ਾਵਾਂ ਵਿੱਚ ਪਸੰਦ ਕੀਤੇ ਜਾਂਦੇ ਹਨ।

ਹੋਰ ਥਾਵਾਂ 'ਤੇ ਸਲਾਮ/ਨਮਸਤੇ ਵਿੱਚ ਕੌਮੀ ਇਤਿਹਾਸ ਦੇ ਨਿਸ਼ਾਨ ਝਲਕਦੇ ਹਨ, ਜਿਵੇਂ ਕਿ ਡੱਚ ਤੋਂ ਆਇਆ ਅਫ਼ਰੀਕਾਨਸ ਦਾ "hallo" ਹੋਵੇ ਜਾਂ ਵਿੱਚ ਟੀਟਮ ਭਾਸ਼ਾ ਦਾ "ola", ਜੋ ਟਿਮੋਰ-ਲੇਸਤੇ ਵਿੱਚ ਪੁਰਤਗਾਲੀ ਪ੍ਰਭਾਵ ਦੀ ਯਾਦ ਦਿਵਾਉਂਦਾ ਹੈ। ਅਜਿਹੇ ਕਈ ਸ਼ਬਦ ਜਾਣ-ਪਛਾਣ ਅਤੇ ਪਛਾਣ-ਚਿੰਨ੍ਹ ਦੋਹਾਂ ਵਜੋਂ ਕੰਮ ਕਰਦੇ ਨਜ਼ਰ ਆਉਂਦੇ ਹਨ। ਪਰ ਪ੍ਰੋਫੈਸਰ ਦੁਰਾਂਤੀ ਕਹਿੰਦੇ ਹਨ ਕਿ ਇਹ ਇੰਨੀ ਸੌਖੀ ਚੀਜ਼ ਨਹੀਂ।

ਉਨ੍ਹਾਂ ਦੱਸਿਆ, "ਕਿਸੇ ਖ਼ਾਸ ਸਲਾਮ/ਨਮਸਤੇ ਦੀ ਵਰਤੋਂ ਤੋਂ ਸਿੱਧਾ ਕਿਸੇ ਕੌਮੀ ਚਰਿੱਤਰ ਤੱਕ ਪਹੁੰਚਣਾ ਔਖਾ ਹੈ, ਭਾਵੇਂ ਇਹ ਲੁਭਾਉਣ ਵਾਲਾ ਹੀ ਕਿਉਂ ਨਾ ਲੱਗਦਾ ਹੋਵੇ।" ਦੁਰਾਂਤੀ ਦੇ ਮੁਤਾਬਕ, ਬਦਲ ਵਾਲੇ ਜਾਂ ਦੂਜੇ ਦਰਜੇ ਦੇ ਸਲਾਮ/ਨਮਸਤੇ ਹੋਰ ਵਧੀਆ ਸੰਕੇਤ ਦੇ ਸਕਦੇ ਹਨ। "ਅੰਗਰੇਜ਼ੀ ਵਿੱਚ, 'ਹਾਓ ਆਰ ਯੂ?' ਦੀ ਵਰਤੋਂ ਆਮ ਹੈ, ਜਿਸ ਵਿੱਚ ਲੋਕਾਂ ਦੀ ਭਲਾਈ ਵਿੱਚ ਦਿਲਚਸਪੀ ਸਾਫ਼ ਨਜ਼ਰ ਆਉਂਦੀ ਹੈ।"

ਉਹ ਅੱਗੇ ਕਹਿੰਦੇ ਹਨ, ਕੁਝ ਪੋਲੀਨੇਸ਼ੀਅਨ ਸਮਾਜਾਂ ਵਿੱਚ ਸਲਾਮ/ਨਮਸਤੇ ਸਿਰਫ਼ ਸ਼ਬਦ-ਬ-ਸ਼ਬਦ "hello" ਨਹੀਂ ਹੁੰਦਾ, ਬਲਕਿ ਕਿਸੇ ਦੇ ਯੋਜਨਾਵਾਂ ਜਾਂ ਆਉਣ-ਜਾਣ ਬਾਰੇ ਪੁੱਛਣਾ ਹੁੰਦਾ ਹੈ - ਜਿਵੇਂ ਕਿ ਸਿੱਧਾ ਪੁੱਛਣਾ ਕਿ "ਤੁਸੀਂ ਕਿੱਥੇ ਜਾ ਰਹੇ ਹੋ?" ਗ੍ਰੀਕ ਭਾਸ਼ਾ ਵਿੱਚ ਇਸ ਦੇ ਲਈ, "Γειά σου" (ਉਚਾਰਣ - "ਯਾ-ਸੂ") ਇੱਕ ਆਮ ਗੈਰ-ਰਸਮੀ ਸਲਾਮ/ਨਮਸਤੇ ਹੈ, ਜੋ ਸਧਾਰਨ ਸਲਾਮ/ਨਮਸਤੇ ਦੀ ਬਜਾਏ ਸਿਹਤਯਾਬੀ ਦੀ ਕਾਮਨਾ ਕਰਦਾ ਹੈ। ਇਹ "ਅਲਵਿਦਾ" ਲਈ ਵੀ ਵਰਤਿਆ ਜਾ ਸਕਦਾ ਹੈ।

ਹੋਰ ਭਾਸ਼ਾਵਾਂ ਵੀ ਅਬਸਟਰੈਕਟ ਕਾਨਸੈਪਟਸ ਨੂੰ ਬਹੁ-ਅਰਥੀ ਗ੍ਰੀਟਿੰਗਸ (ਸਲੈਮ/ਨਮਸਤੇ) ਵਿੱਚ ਬਦਲ ਦਿੰਦੀਆਂ ਹਨ, ਜੋ "ਹਾਇ" ਅਤੇ "ਬਾਇ" ਦੋਹਾਂ ਲਈ ਵਰਤੇ ਜਾਂਦੇ ਹਨ।

"Ciao" (ਚਾਓ) ਵੇਨੇਸ਼ੀਅਨ ਬੋਲੀ ਦੇ ਇੱਕ ਵਾਕ ਤੋਂ ਆਇਆ ਹੈ, ਜਿਸ ਦਾ ਅਰਥ ਹੈ "ਤੁਹਾਡੀ ਸੇਵਾ ਵਿੱਚ", ਅਤੇ ਫਰਾਂਸੀਸੀ "salut" (ਸੈਲਯੂ) ਇੱਕ ਗੈਰ-ਰਸਮੀ ਅਭਿਵਾਦਨ ਹੈ ਜੋ ਮਿਲਣ ਅਤੇ ਵਿਦਾ ਲੈਣ ਦੋਹਾਂ ਸਮੇਂ ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ, ਹਵਾਈ ਦਾ "ਅਲੋਹਅ" (ਅਲੋਹਾ) ਪਿਆਰ ਜਾਂ ਕਰੁਣਾ ਪ੍ਰਗਟ ਕਰ ਸਕਦਾ ਹੈ, ਅਤੇ ਹਿਬਰੂ ਦਾ "shalom" (ਸ਼ਾਲੋਮ) ਸ਼ਾਂਤੀ ਜਾਂ ਪੂਰਨਤਾ ਪ੍ਰਗਟਾਉਂਦਾ ਹੈ। ਫਿਰ ਵੀ, ਦੁਰਾਂਤੀ ਚੇਤਾਵਨੀ ਦਿੰਦੇ ਹਨ ਕਿ ਇਨ੍ਹਾਂ ਭਾਵਨਾ ਭਰੀਆਂ ਉਦਾਹਰਣਾਂ ਨੂੰ ਵੀ ਕੌਮੀ ਚਰਿੱਤਰ ਦੇ ਸਪਸ਼ਟ ਸੰਕੇਤ ਵਜੋਂ ਨਹੀਂ ਦੇਖਣਾ ਚਾਹੀਦਾ।

ਉਹ ਸਮਝਾਉਂਦੇ ਹਨ, "ਮੈਂ ਇਸ ਕਿਸਮ ਦੇ ਸੰਬੰਧ ਬਣਾਉਣ ਵਿੱਚ ਸਾਵਧਾਨੀ ਵਰਤਾਂਗਾ, ਖ਼ਾਸ ਕਰਕੇ ਇਸਦੀ ਅਰਥ ਬਾਰੇ: ਸਿਹਤ, ਬਨਾਮ ਸੰਵੇਦਨਾ ਬਨਾਮ ਟਿਕਾਣਾ। ਪਰ ਗਰੀਟਿੰਗਜ਼ (ਅਭਿਵਾਦਨ) ਦਾ ਇੱਕ ਪੱਖ ਅਜਿਹਾ ਵੀ ਹੁੰਦਾ ਹੈ ਜੋ ਕਿਸੇ ਸਮਾਜ ਦੀ ਸਮਾਜਿਕ ਬਣਤਰ ਪ੍ਰਤੀ ਸੰਵੇਦਨਸ਼ੀਲ ਹੁੰਦਾ ਹੈ, ਅਤੇ ਉਹ ਇਹ ਹੈ ਕਿ - ਬਰਾਬਰੀ ਵਾਲੇ ਲੋਕ ਇਕ-ਦੂਜੇ ਨੂੰ ਵੱਖਰੇ ਢੰਗ ਨਾਲ ਸਲਾਮ/ਨਮਸਤੇ ਕਰਦੇ ਹਨ, ਬਜਾਏ ਕਿ ਵੱਖ-ਵੱਖ ਦਰਜੇ ਵਾਲੇ ਲੋਕਾਂ ਦੇ।"

"ਬਲਕਿ ਇਸ ਤਰ੍ਹਾਂ ਨਾਲ ਅਭਿਵਾਦਨ ਵਾਲੇ ਸ਼ਬਦ, ਲੋਕਾਂ ਵਿਚਕਾਰ ਨੇੜਤਾ ਜਾਂ ਸਮਾਜਿਕ ਦੂਰੀ ਦੇ ਪੱਧਰ ਵੀ ਨਿਰਧਾਰਤ ਕਰਦੇ ਨਜ਼ਰ ਆਉਂਦੇ ਹਨ।"

ਉਹ ਕਹਿੰਦੇ ਹਨ ਕਿ ਇਸ ਮਾਅਨੇ ਵਿੱਚ ਸਲਾਮ/ਨਮਸਤੇ ਚੁੰਬਕਾਂ ਵਾਂਗ ਹੁੰਦੇ ਹਨ-ਜੋ ਪੂਰੀ ਦ੍ਰਿੜਤਾ ਨਾਲ ਦੱਸਦੇ ਹਨ ਕਿ ਅਸੀਂ ਕੌਣ ਹਾਂ, ਅਤੇ ਉਨ੍ਹਾਂ ਲੋਕਾਂ ਨੂੰ ਆਪਣੇ ਵੱਲ ਖਿੱਚਦੇ ਹਨ ਜਿਨ੍ਹਾਂ ਨਾਲ ਅਸੀਂ ਜੁੜਨਾ ਚਾਹੁੰਦੇ ਹਾਂ।

### ਡਿਜ਼ੀਟਲ ਯੁੱਗ ਵਿੱਚ ਹੈਲੋ

ਜੇ ਸਲਾਮ/ਨਮਸਤੇ ਜਾਂ ਆਮ ਭਾਸ਼ਾ ਵਿੱਚ ਕਹੀਏ ਕਿ ਗ੍ਰੀਟਿੰਗਜ਼ ਵਾਲੇ ਸ਼ਬਦ ਸਮਾਜਿਕ ਚੁੰਬਕ ਵਾਂਗ ਕੰਮ ਕਰਦੇ ਹਨ ਤਾਂ ਤਕਨਾਲੋਜੀ ਨੇ ਚੁੱਪਚਾਪ ਉਨ੍ਹਾਂ ਦੀ ਖਿੱਚ ਨੂੰ ਬਦਲ ਦਿੱਤਾ ਹੈ। ਪਿਛਲੇ ਕੁਝ ਦਹਾਕਿਆਂ ਦੌਰਾਨ, ਈਮੇਲ, ਟੈਕਸ ਮੈਸੇਜ ਅਤੇ ਸੋਸ਼ਲ ਮੀਡੀਆ ਦੇ ਉਭਾਰ ਨੇ ਨਾ ਸਿਰਫ਼ ਇਹ ਬਦਲਿਆ ਹੈ ਕਿ ਅਸੀਂ "hello" ਕਿੰਨੀ ਵਾਰ ਕਹਿੰਦੇ ਹਾਂ, ਬਲਕਿ ਇਹ ਵੀ ਕਿ ਅਸੀਂ ਕਿ ਅਸੀਂ ਇਸ ਦੀ ਥਾਂ ਹੋਰ ਕੀ ਵਰਤਦੇ ਹਾਂ-ਜਾਂ ਅਸੀਂ ਇਸ ਨੂੰ ਵਰਤਦੇ ਵੀ ਹਾਂ ਜਾਂ ਨਹੀਂ।

ਐਡਿਨਬਰਗ ਯੂਨੀਵਰਸਿਟੀ ਵਿੱਚ ਭਾਸ਼ਾ ਵਿਗਿਆਨ ਅਤੇ ਅੰਗਰੇਜ਼ੀ ਭਾਸ਼ਾ ਦੇ ਸੀਨੀਅਰ ਲੈਕਚਰਾਰ ਕ੍ਰਿਸਚਨ ਇਲਬਰੀ ਕਹਿੰਦੇ ਹਨ, "ਜੇ ਤੁਸੀਂ ਵ੍ਹਟਸਐਪ ਬਾਰੇ ਸੋਚੋ ਤਾਂ ਅਸੀਂ ਅਸਲ ਵਿੱਚ ਹਮੇਸ਼ਾ ਗੱਲਬਾਤ ਦੇ ਪ੍ਰੋਸੈਸ ਵਿੱਚ ਰਹਿੰਦੇ ਹਾਂ - ਅਸੀਂ ਹਮੇਸ਼ਾ ਆਨਲਾਈਨ ਹੁੰਦੇ ਹਾਂ।"

"ਜਦੋਂ ਕੋਈ ਤੁਹਾਨੂੰ ਪੁੱਛਦਾ ਹੈ ਕਿ ਤੁਹਾਡਾ ਦਿਨ ਕਿਵੇਂ ਰਿਹਾ ਜਾਂ ਤੁਸੀਂ ਖਾਣੇ ਲਈ ਸਮੇਂ 'ਤੇ ਪਹੁੰਚੋਗੇ ਜਾਂ ਨਹੀਂ, ਤਾਂ ਹਰ ਵਾਰ ਪਹਿਲਾਂ 'hello' ਕਹਿਣ ਦੀ ਲੋੜ ਨਹੀਂ ਹੁੰਦੀ, ਕਿਉਂਕਿ ਸੰਭਾਵਨਾ ਘੱਟ ਹੀ ਹੁੰਦੀ ਹੈ ਕਿ ਪਿਛਲਾ ਸੁਨੇਹਾ 'bye' ਨਾਲ ਖਤਮ ਹੋਇਆ ਹੋਵੇ।"

ਟੈਸਟ ਮੈਸਜ-ਅਧਾਰਿਤ ਇਸ ਹਮੇਸ਼ਾ ਚਾਲੂ ਦੁਨੀਆ ਵਿੱਚ, ਸਲਾਮ/ਨਮਸਤੇ ਖ਼ਾਸ ਤੌਰ 'ਤੇ ਬਦਲਾਅ ਲਈ ਸੰਵੇਦਨਸ਼ੀਲ ਸਾਬਤ ਹੋਏ ਹਨ, ਕਿਉਂਕਿ ਇਹ ਬਹੁਤ ਵਾਰ ਵਰਤੇ ਜਾਂਦੇ ਹਨ, ਇਸ ਲਈ ਉਨ੍ਹਾਂ ਦਾ ਵਿਕਾਸ ਬਹੁਤ ਤੇਜ਼ ਹੋ ਗਿਆ ਹੈ।

ਇਲਬਰੀ ਨੇ ਡਿਜ਼ੀਟਲ ਭਾਸ਼ਾ 'ਤੇ ਆਪਣੇ ਅਧਿਐਨਾਂ ਦੌਰਾਨ "hello" ਦੀਆਂ ਕਈ ਗੈਰ-ਮਿਆਰੀ ਅਤੇ ਰਚਨਾਤਮਕ ਸਪੈਲਿੰਗਾਂ ਦੀ ਪਛਾਣ ਕੀਤੀ ਹੈ, ਜਿਵੇਂ "hellooooo" ਅਤੇ "iiiiiiih" ਤੋਂ ਲੈ ਕੇ "heyyyyy" ਤੱਕ। ਹਾਲਾਂਕਿ ਤਕਨਾਲੋਜੀ ਨੇ ਅਜਿਹੇ ਸ਼ਬਦਾਂ ਨੂੰ ਇਸ ਤਰ੍ਹਾਂ ਖਿੱਚ ਕੇ ਲਿਖਣਾ ਸਾਡੇ ਲਈ ਸੌਖਾ ਬਣਾ ਦਿੱਤਾ ਹੈ, ਇਲਬਰੀ ਕਹਿੰਦੇ ਹਨ ਕਿ ਅੱਜਕੱਲ੍ਹ ਦੇ ਜ਼ਿਆਦਾਤਰ ਅਭਿਵਾਦਨ (ਸਲੈਮ/ਨਮਸਤੇ) ਛੋਟੇ, ਸਟੀਕ ਅਤੇ ਸੰਖੇਪ ਹੁੰਦੇ ਹਨ।

ਇਲਬਰੀ ਕਹਿੰਦੇ ਹਨ, "ਸਭ ਤੋਂ ਸਪਸ਼ਟ ਗੱਲ ਇਹ ਹੈ ਕਿ ਲੋਕ ਹੁਣ ਕਈ ਵਾਰ 'ਹੈਲੋ' ਸ਼ਬਦ ਦੀ ਥਾਂ ਹੱਥ ਹਿਲਾਉਣ ਵਾਲਾ ਇਮੋਜੀ ਵਰਤਦੇ ਹਨ। ਪਰ ਤਕਨਾਲੋਜੀ ਹਮੇਸ਼ਾ ਤੋਂ ਹੀ ਭਾਸ਼ਾ ਵਿੱਚ ਬਦਲਾਅ ਲਈ ਯੋਗਦਾਨ ਪਾਉਂਦੀ ਆਈ ਹੈ। ਹੁਣ ਅਸੀਂ ਚੀਜ਼ਾਂ ਨੂੰ 'ਗੂਗਲ' ਕਰਦੇ ਹਾਂ ਅਤੇ ਲੋਕਾਂ ਨੂੰ 'ਅਨਫ੍ਰੈਂਡ' ਕਰਦੇ ਹਾਂ। ਕਿਸੇ ਵੀ ਵੱਡੀ ਖੋਜ ਵਾਂਗ ਜਿਵੇਂ ਕਿ ਏਆਈ, ਸਾਨੂੰ ਉਸ ਸਰੋਤ ਤੋਂ ਕੁਝ ਨਵੀਂ ਸ਼ਬਦਾਵਲੀ ਮਿਲਣੀ ਹੀ ਹੈ।"

ਕਈ ਮਾਅਨਿਆਂ ਵਿੱਚ, ਇਹ 19ਵੀਂ ਸਦੀ ਦੀ ਸ਼ੁਰੂਆਤ ਵਿੱਚ "ਹੈਲੋ" ਦੀ ਅਸਥਿਰਤਾ ਨੂੰ ਦਰਸਾਉਂਦਾ ਹੈ, ਜਦੋਂ ਇਹ (ਅਭਿਵਾਦਨ) ਬੋਲਣ ਵੇਲੇ ਸ਼ਾਇਦ ਹਮੇਸ਼ਾ ਇੱਕੋ-ਜਿਹਾ ਲੱਗਦਾ ਸੀ, ਪਰ ਲਿਖਣ ਵੇਲੇ ਇਸ ਦੀ ਸਪੈਲਿੰਗ ਵਿੱਚ ਬਹੁਤ ਫਰਕ ਹੁੰਦਾ ਸੀ। ਅਭਿਵਾਦਨਾਂ ਨੂੰ ਛੋਟਾ ਕਰਕੇ ਜਾਂ ਉਹਨਾਂ ਦੀ ਥਾਂ ਆਇਕਨ ਅਤੇ ਸ਼ਾਰਟ ਫਾਰਮ ਵਰਤ ਕੇ ਇਹ ਸਪਸ਼ਟ ਹੋ ਜਾਂਦਾ ਹੈ ਕਿ ਅਜਿਹੇ ਅਭਿਵਾਦਨ ਓਨੇ ਹੀ ਬਦਲਦੇ ਰਹਿੰਦੇ ਹਨ, ਜਿੰਨੇ ਉਹ 1826 ਵਿੱਚ 'ਦਿ ਨੌਰਵਿਚ ਕੂਰੀਅਰ ਵੱਲੋਂ ਆਪਣੀ ਇਤਿਹਾਸਕ ਭਾਸ਼ਾਈ ਚੋਣ ਕਰਨ ਤੋਂ ਪਹਿਲਾਂ ਸਨ।

ਪਰ ਆਪਣੇ ਕਥਿਤ ਸਟੈਂਡਰਡ ਰੂਪ ਦੇ ਬਾਵਜੂਦ, "ਹੈਲੋ" ਕਦੇ ਵੀ ਵਾਕਈ ਸਥਿਰ ਨਹੀਂ ਰਿਹਾ। ਇਸ ਤੋਂ ਪਹਿਲਾਂ ਕਿ ਇਹ (ਥੋੜ੍ਹੇ ਸਮੇਂ ਲਈ ਹੀ ਸਹੀ) ਇੱਕ ਮਾਨਤਾ ਪ੍ਰਾਪਤ ਸਪੈਲਿੰਗ ਅਤੇ ਵਰਤੋਂ ਵਿੱਚ ਆ ਸਕੇ, ਇਹ ਇੱਕ ਚੀਖ, ਇੱਕ ਸੱਦਾ, ਧਿਆਨ ਖਿੱਚਣ ਦਾ ਇੱਕ ਤਰੀਕਾ ਸੀ।

ਛਪਾਈ ਵਿੱਚ ਆਉਣ ਤੋਂ ਦੋ ਸਦੀਆਂ ਬਾਅਦ ਇਹ (ਸ਼ਬਦ/ਅਭਿਵਾਦਨ) ਇੱਕ ਵਾਰ ਫਿਰ ਖਿੱਚਿਆ ਜਾ ਰਿਹਾ ਹੈ, ਛੋਟਾ ਕੀਤਾ ਜਾ ਰਿਹਾ ਹੈ, ਬਦਲਿਆ ਜਾ ਰਿਹਾ ਹੈ ਜਾਂ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਫਿਰ ਵੀ, ਚਾਹੇ ਇਹ ਉੱਚੀ ਆਵਾਜ਼ ਵਿੱਚ ਕਿਹਾ ਜਾਵੇ, ਸ਼ਾਰਟ ਫਾਰਮ 'ਚ ਟਾਈਪ ਕੀਤਾ ਜਾਵੇ, ਜਾਂ ਸਕਰੀਨ 'ਤੇ ਇੱਕ ਛੋਟੇ ਜਿਹੇ ਹੱਥ ਹਿਲਾਉਣ ਵਾਲੇ ਆਇਕਨ ਵਿੱਚ ਬਦਲ ਦਿੱਤਾ ਜਾਵੇ, ਇਸ ਦੇ ਪਿੱਛੇ ਦੀ ਭਾਵਨਾ ਉਹੀ ਰਹਿੰਦੀ ਹੈ - ਪਛਾਣ ਦਾ ਇੱਕ ਕੰਮ, ਆਪਣੀ ਮੌਜੂਦਗੀ ਦਾ ਐਲਾਨ ਕਰਨਾ ਅਤੇ ਚਾਹੇ ਕਿੰਨੇ ਵੀ ਹਲਕੇ-ਫੁਲਕੇ ਢੰਗ ਨਾਲ ਹੋਵੇ... ਬਦਲੇ ਵਿੱਚ ਪਛਾਣੇ ਜਾਣ ਦੀ ਬੇਨਤੀ ਕਰਨਾ।

# ਰਹੱਸਮਈ ਖੁੰਭ- ਖਾ ਕੇ ਅਜੀਬ ਜਿਹੇ ਜੀਵ ਦਿਸਦੇ ਹਨ



ਚੀਨ ਦੇ ਯੁਨਾਨ ਸੂਬੇ ਦੇ ਇੱਕ ਹਸਪਤਾਲ ਵਿੱਚ ਹਰ ਸਾਲ ਡਾਕਟਰ ਇੱਕ ਅਜੀਬ ਤਰ੍ਹਾਂ ਦੀ ਸ਼ਿਕਾਇਤ ਨਾਲ ਆਉਣ ਵਾਲੇ ਲੋਕਾਂ ਲਈ ਤਿਆਰ ਰਹਿੰਦੇ ਹਨ। ਇਹ ਮਰੀਜ਼ ਹੈਰਾਨੀਜਨਕ ਤੌਰ 'ਤੇ ਇੱਕ ਅਜੀਬ ਲੱਛਣ ਨਾਲ ਆਉਂਦੇ ਹਨ: ਉਨ੍ਹਾਂ ਨੂੰ ਨਿੱਕੇ-ਨਿੱਕੇ ਕੱਦ ਦੇ, ਐਲਫ਼ ਵਰਗੇ ਜੀਵ ਦਿਖਾਈ ਦਿੰਦੇ ਹਨ ਜੋ ਦਰਵਾਜ਼ਿਆਂ ਦੇ ਹੇਠਾਂ ਤੋਂ ਲੰਘਦੇ ਹਨ, ਕੰਧਾਂ 'ਤੇ ਚੜ੍ਹਦੇ ਹਨ ਅਤੇ ਫਰਨੀਚਰ ਨਾਲ ਵੀ ਚਿੰਬੜੇ ਹੋਏ ਹੁੰਦੇ ਹਨ।

ਇਸ ਹਸਪਤਾਲ 'ਚ ਹਰ ਸਾਲ ਇਸ ਤਰ੍ਹਾਂ ਦੇ ਸੈਂਕੜੇ ਮਾਮਲਿਆਂ ਦਾ ਇਲਾਜ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਸਾਰੇ ਮਾਮਲਿਆਂ ਦੇ ਪਿੱਛੇ ਇੱਕੋ-ਇੱਕ ਕਾਰਨ ਹੁੰਦਾ ਹੈ: ਲਾਨਮਾਓਆ ਏਸ਼ੀਆਟਿਕਾ (Lanmaoa aisaitca), ਇੱਕ ਕਿਸਮ ਦੀ ਖੁੰਭ ਜੋ ਨੇੜਲੇ ਜੰਗਲਾਂ ਵਿੱਚ ਪਾਈਨ ਦੇ ਦਰੱਖ਼ਤਾਂ ਨਾਲ ਸਹਜੀਵੀ ਸੰਬੰਧ ਬਣਾਉਂਦੀ ਹੈ ਅਤੇ ਸਥਾਨਕ ਤੌਰ 'ਤੇ ਖਾਣੇ ਵਜੋਂ ਬਹੁਤ ਪ੍ਰਸਿੱਧ ਹੈ ਅਤੇ ਆਪਣੇ ਸਵਾਦ ਲਈ ਜਾਣੀ ਜਾਂਦੀ ਹੈ।

ਯੂਨਾਨ ਵਿੱਚ, ਲਾਨਮਾਓਆ ਏਸ਼ੀਆਟਿਕਾ ਮੰਡੀਆਂ ਵਿੱਚ ਵਿਕਦੀ ਹੈ, ਰੈਸਟੋਰੈਂਟਾਂ ਦੇ ਮੇਨੂ 'ਚ ਮਿਲਦੀ ਹੈ ਅਤੇ ਜੂਨ ਤੋਂ ਅਗਸਤ ਤੱਕ ਜਦੋਂ ਖੁੰਭਾਂ ਦਾ ਮੌਸਮ ਹੁੰਦਾ ਹੈ, ਉਸ ਦੌਰਾਨ ਘਰਾਂ ਵਿੱਚ ਖੂਬ ਪਰੋਸੀ ਜਾਂਦੀ ਹੈ। ਪਰ ਇਸਨੂੰ ਚੰਗੀ ਤਰ੍ਹਾਂ ਪਕਾਉਣਾ ਲਾਜ਼ਮੀ ਹੈ, ਨਹੀਂ ਤਾਂ ਭਰਮ (ਹੈਲੂਸੀਨੇਸ਼ਨ) ਹੋਣ ਲੱਗ ਪੈਂਦਾ ਹੈ।

ਕੋਲਿਨ ਡੌਮਨਾਊਰ, ਯੂਨੀਵਰਸਿਟੀ ਆਫ਼ ਯੂਟਾਹ ਅਤੇ ਨੈਚਰਲ ਹਿਸਟਰੀ ਮਿਊਜ਼ੀਅਮ ਆਫ਼ ਯੂਟਾਹ ਵਿੱਚ ਜੀਵ ਵਿਗਿਆਨ ਦੇ ਡਾਕਟੋਰਲ ਵਿਦਿਆਰਥੀ, ਜੋ ਲਾਨਮਾਓਆ ਏਸ਼ੀਆਟਿਕਾ 'ਤੇ ਅਧਿਐਨ ਕਰ ਰਹੇ ਹਨ। ਉਹ ਕਹਿੰਦੇ ਹਨ, "ਉੱਥੋਂ ਦੀ ਸੰਸਕ੍ਰਿਤੀ ਵਿੱਚ ਇਹ ਬਹੁਤ ਆਮ ਜਾਣਕਾਰੀ ਵਰਗੀ ਲੱਗਦੀ ਹੈ।" ਪਰ ਯੂਨਾਨ ਅਤੇ ਕੁਝ ਹੋਰ ਥਾਵਾਂ ਤੋਂ ਬਾਹਰ ਇਹ ਅਜੀਬ ਖੁੰਭ ਕਾਫ਼ੀ ਹੱਦ ਤੱਕ ਇੱਕ ਪਹੇਲੀ ਹੀ ਹੈ।

ਮਾਇਕੋਲੋਜਿਸਟ ਅਤੇ ਫੰਗੀ ਫਾਊਂਡੇਸ਼ਨ ਦੇ ਸੰਸਥਾਪਕ ਅਤੇ ਕਾਰਜਕਾਰੀ ਨਿਰਦੇਸ਼ਕ ਜੂਲੀਆਨਾ ਫੁਰਸੀ ਕਹਿੰਦੇ ਹਨ "ਇਸ ਮਨੋ-ਪ੍ਰਭਾਵਸ਼ਾਲੀ. ਸਾਈਕੈਡੈਲਿਕ ਖੁੰਭ ਦੀ ਮੌਜੂਦਗੀ ਬਾਰੇ ਕਈ ਵਰਣਨ ਸਨ ਅਤੇ ਕਈ ਲੋਕ ਇਸਨੂੰ ਲੱਭਣ ਗਏ, ਪਰ ਉਨ੍ਹਾਂ ਨੂੰ ਇਹ ਕਿਸਮ ਕਦੇ ਨਹੀਂ ਮਿਲੀ।" ਜੂਲੀਆਨਾ ਦੀ ਸੰਸਥਾ ਇੱਕ ਗੈਰ-ਮੁਨਾਫ਼ਾ ਸਮੂਹ ਹੈ ਜੋ ਫੰਗੀ ਦੀ ਖੋਜ, ਦਸਤਾਵੇਜ਼ੀਕਰਨ ਅਤੇ ਸੰਭਾਲ ਲਈ ਸਮਰਪਿਤ ਹੈ।

ਕੌਲਿਨ ਡੌਮਨਾਊਰ, ਖੁੰਭਾਂ ਸਬੰਧੀ ਦਹਾਕਿਆਂ ਪੁਰਾਣੀਆਂ ਰਹੱਸਮਈ ਗੱਲਾਂ ਨੂੰ ਸੁਲਝਾਉਣ ਅਤੇ ਉਸ ਅਣਜਾਣ ਯੋਗਿਕ ਦੀ ਪਛਾਣ ਕਰਨ ਦੀ ਮੁਹਿੰਮ 'ਤੇ ਹਨ ਜੋ ਇਸ ਦੇ ਅਸਾਧਾਰਣ ਤੌਰ 'ਤੇ ਮਿਲਦੇ-ਜੁਲਦੇ ਭਰਮਾਂ ਲਈ ਜ਼ਿੰਮੇਵਾਰ ਹੈ, ਨਾਲ ਹੀ ਇਹ ਸਮਝਣ ਦੀ ਵੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਮਨੁੱਖੀ ਦਿਮਾਗ ਬਾਰੇ ਸਾਨੂੰ ਕੀ ਸਿਖਾ ਸਕਦਾ ਹੈ। ਡੌਮਨਾਊਰ ਨੇ ਲਾਨਮਾਓਆ ਏਸ਼ੀਆਟਿਕਾ ਖੁੰਭਾਂ ਬਾਰੇ ਪਹਿਲੀ ਵਾਰ ਆਪਣੇ ਅੰਡਰਗ੍ਰੈਜੂਏਟ ਸਮੇਂ ਵਿੱਚ ਆਪਣੇ ਮਾਇਕੋਲੋਜੀ ਦੇ ਪ੍ਰੋਫੈਸਰ ਤੋਂ ਸੁਣਿਆ ਸੀ।

ਡੌਮਨਾਊਰ ਕਹਿੰਦੇ ਹਨ, "ਇਹ ਇੰਨਾ ਅਜੀਬ ਲੱਗਿਆ ਕਿ ਕਿਤੇ ਕੋਈ ਅਜਿਹੀ ਖੁੰਭ ਵੀ ਹੋ ਸਕਦੀ ਹੈ ਜੋ ਪਰੀਆਂ ਦੀਆਂ ਕਹਾਣੀਆਂ ਵਾਂਗ ਦ੍ਰਿਸ਼ ਦਿਖਾਉਂਦੀ ਹੋਵੇ, ਜਿਨ੍ਹਾਂ ਦੀ ਰਿਪੋਰਟ ਵੱਖ-ਵੱਖ ਸਭਿਆਚਾਰਾਂ ਅਤੇ ਸਮਿਆਂ ਵਿੱਚ ਮਿਲਦੀ ਹੈ। ਮੈਂ ਹੈਰਾਨ ਸੀ ਅਤੇ ਹੋਰ ਜਾਣਨ ਦੀ ਜਿਗਿਆਸਾ ਨਾਲ ਭਰ ਗਿਆ ਸੀ।"

ਅਕਾਦਮਿਕ ਸਾਹਿਤ ਵਿੱਚ ਕੁਝ ਸੰਕੇਤ ਮਿਲਦੇ ਹਨ। 1991 ਦੇ ਇੱਕ ਪੇਪਰ ਵਿੱਚ, ਚੀਨ ਅਕੈਡਮੀ ਆਫ਼ ਸਾਇੰਸਜ਼ ਦੇ ਦੋ ਖੋਜਕਰਤਾਵਾਂ ਨੇ ਯੁਨਾਨ ਸੂਬੇ ਦੇ ਉਨ੍ਹਾਂ ਮਾਮਲਿਆਂ ਦਾ ਵਰਣਨ ਕੀਤਾ ਜਿੱਥੇ ਲੋਕਾਂ ਨੇ ਇੱਕ ਖਾਸ ਖੁੰਭ ਖਾਧੀ ਸੀ ਅਤੇ ਉਨ੍ਹਾਂ ਨੂੰ "ਲਿਲਿਪੂਟਿਅਨ ਭਰਮ" ਹੋਏ - ਇਹ ਸ਼ਬਦ ਨਿੱਕੇ ਮਨੁੱਖੀ, ਜਾਨਵਰੀ ਜਾਂ ਕਲਪਨਾਤਮਕ ਜੀਵਾਂ ਦੀ ਧਾਰਣਾ ਲਈ ਵਰਤਿਆ ਜਾਣ ਵਾਲਾ ਮਨੋਵਿਗਿਆਨਕ ਸ਼ਬਦ ਹੈ। ਇਹ ਨਾਮ ਜੋਨਾਥਨ ਸਵਿਫਟ ਦੇ ਨਾਵਲ ਗੁੱਲੀਵਰਜ਼ ਟ੍ਰੈਵਲਜ਼ ਦੇ ਕਲਪਨਾਤਮਕ ਟਾਪੂ ਲਿਲਿਪੁਟ ਦੇ ਨਿੱਕੇ ਲੋਕਾਂ ਤੋਂ ਆਇਆ ਹੈ।

ਖੋਜਕਰਤਾਵਾਂ ਨੇ ਲਿਖਿਆ, ਮਰੀਜ਼ਾਂ ਨੇ ਇਹ ਜੀਵ "ਹਰ ਥਾਂ ਘੁੰਮਦੇ-ਫਿਰਦੇ" ਵੇਖੇ-ਆਮ ਤੌਰ 'ਤੇ ਮੌਕੇ 'ਤੇ ਦਸ ਤੋਂ ਵੱਧ ਨਿੱਕੇ ਜੀਵ ਹੁੰਦੇ ਸਨ। "ਉਨ੍ਹਾਂ ਨੇ ਕੱਪੜੇ ਪਹਿਨਦੇ ਸਮੇਂ ਉਨ੍ਹਾਂ ਜੀਵਾਂ ਨੂੰ ਆਪਣੇ ਕੱਪੜਿਆਂ 'ਤੇ ਅਤੇ ਖਾਣਾ ਖਾਂਦੇ ਸਮੇਂ ਬਰਤਨਾਂ 'ਤੇ ਵੇਖਿਆ।" ਉਹ "ਅੱਖਾਂ ਬੰਦ ਕਰਨ 'ਤੇ ਹੋਰ ਵੀ ਜ਼ਿਆਦਾ ਜੀਵੰਤ" ਹੋ ਜਾਂਦੇ ਸਨ।

ਇਸ ਤੋਂ ਪਹਿਲਾਂ 1960 ਦੇ ਦਹਾਕੇ ਵਿੱਚ ਗੋਰਡਨ ਵਾਸਨ ਅਤੇ ਰੋਜਰ ਹੈਮ, ਅਮਰੀਕੀ ਲੇਖਕ ਅਤੇ ਫ਼ਰਾਂਸੀਸੀ ਬੋਟੈਨਿਸਟ ਜਿਨ੍ਹਾਂ ਨੇ ਪੱਛਮੀ ਲੋਕਾਂ ਨੂੰ ਪਸਿਲੋਸਾਈਬਿਨ ਖੁੰਭਾਂ ਦੀ ਮੌਜੂਦਗੀ ਨਾਲ ਜਾਣੂ ਕਰਵਾਇਆ ਸੀ, ਉਹ ਪਾਪੂਆ ਨਿਊ ਗਿਨੀ ਵਿੱਚ ਕੁਝ ਇਸੇ ਤਰ੍ਹਾਂ ਦੀ ਗੱਲ ਨਾਲ ਰੁਬਰੂ ਹੋਏ ਸਨ।

ਉਹ ਇੱਕ ਅਜਿਹੀ ਖੁੰਭ ਦੀ ਖੋਜ ਕਰ ਰਹੇ ਸਨ ਜਿਸ ਬਾਰੇ 30 ਸਾਲ ਪਹਿਲਾਂ ਉੱਥੇ ਗਏ ਮਿਸ਼ਨਰੀਆਂ ਦੀ ਇੱਕ ਟੀਮ ਨੇ ਕਿਹਾ ਸੀ ਕਿ ਇਹ ਸਥਾਨਕ ਲੋਕਾਂ ਨੂੰ "ਪਾਗਲ" ਕਰ ਦਿੰਦੀ ਹੈ, ਇੱਕ ਹਾਲਤ ਜਿਸਨੂੰ ਬਾਅਦ ਵਿੱਚ ਇੱਕ ਐਂਥਰੋਪੋਲੋਜਿਸਟ ਨੇ "ਮਸ਼ਰੂਮ ਮੈਡਨੈਸ" ਕਿਹਾ। ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਉਹ ਜੋ ਕੁਝ ਵੇਖ ਰਹੇ ਸਨ, ਉਹ ਅਸਲ ਵਿੱਚ ਚੀਨ ਤੋਂ ਆ ਰਹੀਆਂ ਮੌਜੂਦਾ ਰਿਪੋਰਟਾਂ ਨਾਲ ਕਾਫ਼ੀ ਮਿਲਦਾ-ਜੁਲਦਾ ਲੱਗਦਾ ਹੈ। ਉਨ੍ਹਾਂ ਨੇ ਖੁੰਭਾਂ ਦੀ ਸ਼ੱਕੀ ਕਿਸਮ ਦੇ ਨਮੂਨੇ ਇਕੱਠੇ ਕੀਤੇ ਅਤੇ ਉਨ੍ਹਾਂ ਨੂੰ ਐਲਬਰਟ ਹੋਫ਼ਮਾਨ ਕੋਲ ਟੈਸਟ ਲਈ ਭੇਜਿਆ, ਜੋ ਸਵਿਸ ਰਸਾਇਣ ਵਿਗਿਆਨੀ ਸਨ ਅਤੇ ਜਿਨ੍ਹਾਂ ਨੇ ਐਲਐਸਡੀ ਦੀ ਖੋਜ ਕੀਤੀ ਸੀ।

ਪਰ ਹੋਫ਼ਮਾਨ ਕਿਸੇ ਵੀ ਦਿਲਚਸਪ ਅਣੂ ਦੀ ਪਛਾਣ ਨਹੀਂ ਕਰ ਸਕੇ। ਉਨ੍ਹਾਂ ਦੀ ਟੀਮ ਨੇ ਨਤੀਜਾ ਕੱਢਿਆ ਕਿ ਸੁਣੀਆਂ ਗਈਆਂ ਕਹਾਣੀਆਂ ਪ੍ਰਚਲਿਤ ਕਥਾਵਾਂ ਹੀ ਹੋਣਗੀਆਂ, ਨਾ ਕਿ ਕਿਸੇ ਦਵਾਈ-ਸਬੰਧੀ ਅਸਰ 'ਤੇ ਆਧਾਰਿਤ ਅਤੇ ਇਸ ਤੋਂ ਬਾਅਦ ਹੋਰ ਕੋਈ ਖੋਜ ਨਹੀਂ ਕੀਤੀ ਗਈ।

ਸਾਲ 2015 ਤੱਕ ਇਸ ਸਬੰਧੀ ਕੁਝ ਨਹੀਂ ਹੋ ਸਕਿਆ ਤੇ ਆਖਿਰਕਾਰ ਖੋਜਕਰਤਾਵਾਂ ਨੇ ਰਸਮੀ ਤੌਰ 'ਤੇ ਲਾਨਮਾਓਆ ਏਸ਼ੀਆਟਿਕਾ ਦਾ ਵਰਣਨ ਕੀਤਾ ਅਤੇ ਇਸ ਦਾ ਨਾਮ ਰੱਖਿਆ-ਹਾਲਾਂਕਿ ਇਸ ਵਿੱਚ ਵੀ ਇਸ ਦੇ ਮਨੋਵਿਗਿਆਨਕ ਗੁਣਾਂ ਬਾਰੇ ਬਹੁਤ ਘੱਟ ਵੇਰਵੇ ਸਨ। ਇਸ ਤਰ੍ਹਾਂ, ਡੌਮਨਾਊਰ ਦਾ ਪਹਿਲਾ ਮਕਸਦ ਇਸ ਖੁੰਭ ਦੀ ਕਿਸਮ ਦੀ ਅਸਲ ਪਛਾਣ ਨੂੰ ਪੱਕਾ ਕਰਨਾ ਰਿਹਾ ਹੈ। ਸਾਲ 2023 ਵਿੱਚ ਉਹ ਗਰਮੀ ਦੇ ਮੌਸਮ ਦੌਰਾਨ ਯੁਨਾਨ ਗਏ, ਜਦੋਂ ਖੁੰਭਾਂ ਸਭ ਤੋਂ ਵੱਧ ਹੁੰਦੀਆਂ ਹਨ।

ਉਨ੍ਹਾਂ ਨੇ ਸੂਬੇ ਦੀਆਂ ਖੁੰਭਾਂ ਦੀਆਂ ਵੱਡੀਆਂ ਮੰਡੀਆਂ ਦਾ ਸਰਵੇਖਣ ਕੀਤਾ ਅਤੇ ਵੇਚਣ ਵਾਲਿਆਂ ਨੂੰ ਪੁੱਛਿਆ ਕਿ ਉਨ੍ਹਾਂ ਵਿੱਚੋਂ ਕਿਹੜੀ ਖੁੰਭ "ਤੁਹਾਨੂੰ ਨਿੱਕੇ-ਨਿੱਕੇ ਲੋਕ ਦਿਖ-ਾਉਂਦੀ ਹੈ"। ਵਿਕਰੇਤਾਵਾਂ ਨੇ ਜਿਨ੍ਹਾਂ ਖੁੰਭਾਂ ਵੱਲ ਹੱਸਦੇ ਹੋਏ ਇਸ਼ਾਰਾ ਕੀਤਾ, ਉਹ ਉਨ੍ਹਾਂ ਨੇ ਖਰੀਦ ਲਈਆਂ ਅਤੇ ਫਿਰ ਲੈਬੋਰਟਰੀ ਵਿੱਚ ਉਨ੍ਹਾਂ ਦੇ ਜੀਨੋਮ ਦੀ ਸੀਕੁਐਂਸਿੰਗ ਕੀਤੀ।

ਉਹ ਕਹਿੰਦੇ ਹਨ ਕਿ ਇਸ ਨਾਲ ਲਾਨਮਾਓਆ ਏਸ਼ੀ-ਆਟਿਕਾ ਦੀ ਪਛਾਣ ਦੀ ਪੁਸ਼ਟੀ ਹੋ ਗਈ। ਉਹ ਜਿਹੜੀ ਖੋਜ ਪ੍ਰਕਾਸ਼ਨ ਲਈ ਤਿਆਰ ਕਰ ਰਹੇ ਹਨ, ਉਸ ਵਿੱਚ ਲੈਬ ਦੇ ਨਮੂਨਿਆਂ ਤੋਂ ਬਣਾਏ ਗਏ ਰਸਾਇਣਕ ਐਕਸਟਰੈਕਟਸ ਨੇ ਚੂਹਿਆਂ ਵਿੱਚ ਅਜਿਹੇ ਵਿਹਾਰਕ ਬਦਲਾਅ ਪੈਦਾ ਕੀਤੇ, ਜੋ ਮਨੁੱਖਾਂ ਵਿੱਚ ਦਰਜ ਕੀਤੇ ਗਏ ਪ੍ਰਭਾਵਾਂ ਵਰਗੇ ਸਨ। ਖੁੰਭ ਦੇ ਐਕਸਟਰੈਕਟ (ਰਸ) ਦਿੱਤੇ ਜਾਣ ਤੋਂ ਬਾਅਦ ਚੂਹਿਆਂ ਵਿੱਚ ਪਹਿਲਾਂ ਬਹੁਤ ਜ਼ਿਆਦਾ ਐਕਟਿਵ ਹੋਏ, ਜਿਸ ਤੋਂ ਬਾਅਦ ਲੰਮੇ ਸਮੇਂ ਲਈ ਸੁਸਤ ਹੋ ਗਏ, ਜਿਸ ਦੌਰਾਨ ਚੂਹੇ ਜ਼ਿਆਦਾ ਹਿਲੇ-ਡੁੱਲੇ ਵੀ ਨਹੀਂ।

ਡੌਮਨਾਊਰ ਫਿਲੀਪੀਨਜ਼ ਵੀ ਗਏ, ਜਿੱਥੇ ਉਨ੍ਹਾਂ ਨੇ ਇੱਕ ਅਜਿਹੀ ਖੁੰਭ ਬਾਰੇ ਅਫ਼ਵਾਹਾਂ ਸੁਣੀਆਂ ਸਨ ਜੋ ਚੀਨ ਅਤੇ ਪਾਪੂਆ ਨਿਊ ਗਿਨੀ ਦੇ ਇਤਿਹਾਸਕ ਰਿਕਾਰਡਾਂ ਵਿੱਚ ਦਰਜ ਲੱਛਣਾਂ ਵਰਗੇ ਹੀ ਅਸਰ ਪੈਦਾ ਕਰਦੀ ਹੈ।

ਉਹ ਕਹਿੰਦੇ ਹਨ ਕਿ ਉੱਥੋਂ ਇਕੱਠੇ ਕੀਤੇ ਨਮੂਨੇ ਚੀਨੀ ਖੁੰਭਾਂ ਨਾਲੋਂ ਥੋੜ੍ਹੇ ਵੱਖਰੇ ਦਿਖਾਈ ਦਿੰਦੇ ਸਨ-ਉਹ ਛੋਟੇ ਸਨ ਅਤੇ ਹਲਕੇ ਗੁਲਾਬੀ ਰੰਗ ਦੇ ਸਨ, ਜਦਕਿ ਚੀਨੀ ਖੁੰਭਾਂ ਵੱਡੀਆਂ ਅਤੇ ਵਧੇਰੇ ਲਾਲੀ ਵਾਲੀਆਂ ਸਨ। ਪਰ ਜੈਨੇਟਿਕ ਜਾਂਚ ਤੋਂ ਪਤਾ ਲੱਗਿਆ ਕਿ ਉਹ ਅਸਲ ਵਿੱਚ ਇੱਕੋ ਹੀ ਕਿਸਮ ਦੇ ਸਨ।

ਦਸੰਬਰ 2025 ਵਿੱਚ ਡੌਮਨਾਊਰ ਦੇ ਸੁਪਰਵਾਈਜ਼ਰ ਨੇ ਵੀ ਵਾਸਨ ਅਤੇ ਹੈਮ ਦੇ ਰਿਕਾਰਡਾਂ ਵਿੱਚ ਦਰਜ ਖੁੰਭਾਂ ਦੀ ਖੋਜ ਲਈ ਪਾਪੂਆ ਨਿਊ ਗਿਨੀ ਦਾ ਦੌਰਾ ਕੀਤਾ। ਡੌਮਨਾਊਰ ਦੇ ਸ਼ਬਦਾਂ ਵਿੱਚ ਉਨ੍ਹਾਂ ਖੁੰਭਾਂ ਦੀ ਪਛਾਣ ਬਾਰੇ "ਅਜੇ ਵੀ ਇੱਕ ਵੱਡਾ ਸਵਾਲ ਖੜ੍ਹਾ ਹੈ"। ਉਹ ਕੋਈ ਵੀ ਖੁੰਭ ਲੱਭਣ ਵਿੱਚ ਅਸਫ਼ਲ ਰਹੇ, ਇਸ ਲਈ ਇਹ ਰਹੱਸ ਅਜੇ ਵੀ ਕਾਇਮ ਹੈ। ਡੌਮਨਾਊਰ ਕਹਿੰਦੇ ਹਨ, "ਇਹ ਉਹੀ ਕਿਸਮ ਹੋ ਸਕਦੀ ਹੈ ਅਤੇ ਇਹ ਹੈਰਾਨੀਜਨਕ ਗੱਲ ਹੋਵੇਗੀ ਕਿਉਂਕਿ ਪਾਪੂਆ ਨਿਊ ਗਿਨੀ ਵਿੱਚ ਆਮ ਤੌਰ 'ਤੇ ਚੀਨ ਅਤੇ ਫਿਲੀਪੀਨਜ਼ ਵਿੱਚ ਮਿਲਣ ਵਾਲੀਆਂ ਕਿਸਮਾਂ ਨਹੀਂ ਮਿਲਦੀਆਂ।"

ਉਨ੍ਹਾਂ ਕਿਹਾ ਕਿ ਜਾਂ ਇਹ ਕੋਈ ਵੱਖਰੀ ਕਿਸਮ ਵੀ ਹੋ ਸਕਦੀ ਹੈ, ਜੋ ਕਿ ਹੋਰ ਵੀ "ਜ਼ਿਆਦਾ ਦਿਲਚਸਪ" ਗੱਲ ਹੋਵੇਗੀ। ਇਸ ਦਾ ਮਤਲਬ ਇਹ ਹੋਵੇਗਾ ਕਿ ਦੁਨੀਆ ਦੇ ਬਿਲਕੁਲ ਵੱਖ-ਵੱਖ ਹਿੱਸਿਆਂ ਵਿੱਚ ਵੱਖ-ਵੱਖ ਖੁੰਭਾਂ ਦੀਆਂ ਕਿਸਮਾਂ ਵਿੱਚ ਅਲੱਗ-ਅਲੱਗ ਤੌਰ 'ਤੇ ਅਜਿਹੇ ਤੱਤ ਵਿਕਸਿਤ ਹੋਏ, ਜਿਨ੍ਹਾਂ ਨਾਲ ਨਿੱਕੇ-ਨਿੱਕੇ ਮਨੁੱਖ ਦੇਖਣ ਵਰਗੇ ਭਰਮ ਪੈਦਾ ਹੁੰਦੇ ਹਨ।

ਕੁਦਰਤ ਵਿੱਚ ਇਸ ਤਰ੍ਹਾਂ ਦੀਆਂ ਮਿਸਾਲਾਂ ਪਹਿਲਾਂ ਤੋਂ ਮੌਜੂਦ ਹਨ। ਵਿਗਿਆਨੀਆਂ ਨੇ, ਜਿਨ੍ਹਾਂ ਵਿੱਚ ਕੁਝ ਅਜਿਹੇ ਵਿਗਿਆਨੀ ਵੀ ਸ਼ਾਮਲ ਹਨ ਜੋ ਡੌਮਨਾਊਰ ਦੀ ਹੀ ਲੈਬ ਵਿੱਚ ਕੰਮ ਕਰਦੇ ਹਨ, ਹਾਲ ਹੀ ਵਿੱਚ ਪਤਾ ਲਗਾਇਆ ਹੈ ਕਿ ਜਾਦੂਈ ਮਸ਼ਰੂਮਾਂ ਵਜੋਂ ਜਾਣੇ ਜਾਂਦੇ ਪਸਿਲੋਸਾਈਬਿਨ ਵਿੱਚ ਮਿਲਣ ਵਾਲਾ ਸਾਈਕੈਡੇਲਿਕ ਅਣੂ, ਦੋ ਦੂਰ-ਸੰਬੰਧਿਤ ਕਿਸਮਾਂ ਦੇ ਮਸ਼ਰੂਮਾਂ ਵਿੱਚ ਸੁਤੰਤਰ ਤੌਰ 'ਤੇ ਵਿਕਸਤ ਹੋਇਆ ਹੈ। ਪਰ ਡੌਮਨਾਊਰ ਦੇ ਅਨੁਸਾਰ, ਲਾਨਮਾਓਆ ਏਸ਼ੀਆਟਿਕਾ ਵਿੱਚ ਨਿੱਕੇ ਲੋਕ ਦਿਖਣ ਵਾਲਾ ਅਸਰ ਪੈਦਾ ਕਰਨ ਵਾਲਾ ਪਦਾਰਥ ਪਸਿਲੋਸਾਈਬਿਨ ਨਹੀਂ ਹੈ।

ਡੌਮਨਾਊਰ ਅਤੇ ਉਨ੍ਹਾਂ ਦੀ ਟੀਮ ਅਜੇ ਵੀ ਉਸ ਰਸਾਇਣਕ ਯੋਗਿਕ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜੋ ਲਾਨਮਾਓਆ ਏਸ਼ੀਆਟਿਕਾ ਵਿੱਚ ਭਰਮ ਲਈ ਜ਼ਿੰ-ਮੇਵਾਰ ਹੈ। ਮੌਜੂਦਾ ਟੈਸਟ ਸੁਝਾਅ ਦਿੰਦੇ ਹਨ ਕਿ ਇਸ ਦੇ ਕਿਸੇ ਹੋਰ ਜਾਣੇ-ਪਛਾਣੇ ਸਾਈਕੈਡੇਲਿਕ ਮਿਸ਼ਰਣ ਨਾਲ ਸੰਬੰਧਿਤ ਹੋਣ ਦੀ ਸੰਭਾਵਨਾ ਘੱਟ ਹੈ।

### ਲੰਮੇ ਸਮੇਂ ਤੱਕ ਰਹਿੰਦੇ ਭਰਮ

ਇੱਕ ਗੱਲ ਇਹ ਵੀ ਹੈ ਕਿ ਇਸ ਨਾਲ ਹੋਣ ਵਾਲੇ ਤਜਰਬੇ ਅਸਧਾਰਣ ਤੌਰ 'ਤੇ ਬਹੁਤ ਲੰਮੇ ਹੁੰਦੇ ਹਨ-ਆਮ ਤੌਰ 'ਤੇ 12 ਤੋਂ 24 ਘੰਟੇ ਤੱਕ - ਅਤੇ ਕੁਝ ਮਾਮਲਿਆਂ ਵਿੱਚ ਹਫ਼ਤੇ ਤੱਕ ਹਸਪਤਾਲ ਵਿੱਚ ਰਹਿਣ ਦੀ ਨੌਬਤ ਵੀ ਆ ਜਾਂਦੀ ਹੈ। ਇਨ੍ਹਾਂ ਬਹੁਤ ਲੰਮੇ ਤਜਰਬਿਆਂ ਅਤੇ ਭਰਮ ਤੇ ਚੱਕਰਾਂ ਵਰਗੇ ਲੰਬੇ ਸਮੇਂ ਤੱਕ ਰਹਿਣ ਵਾਲੇ ਸਾਈਡ-ਇਫ਼ੈਕਟਸ ਦੇ ਖਤਰੇ ਕਾਰਨ, ਡੌਮਨਾਊਰ ਨੇ ਅਜੇ ਤੱਕ ਖੁਦ ਕੱਚੀਆਂ ਖੁੰਭਾਂ ਨਹੀਂ ਖਾਈਆਂ ਹਨ।

ਡੌਮਨਾਊਰ ਦੀ ਖੋਜ ਦੇ ਅਨੁਸਾਰ, ਇਹ ਬਹੁਤ ਤੇਜ਼ ਅਤੇ ਲੰਮੇ ਤਜਰਬੇ ਸ਼ਾਇਦ ਇਹ ਸਮਝਾਉਣ ਵਿੱਚ ਮਦਦ ਕਰ ਸਕਦੇ ਹਨ ਕਿ ਕਿਉਂ ਚੀਨ, ਫਿਲੀਪੀਨਜ਼ ਅਤੇ ਪਾਪੂਆ ਨਿਊ ਗਿਨੀ ਵਿੱਚ ਲੋਕ ਲਾਨਮਾਓਆ ਏਸ਼ੀਆਟਿਕਾ ਨੂੰ ਇਸ ਦੇ ਮਨੋਵਿਗਿਆਨਿਕ (ਸਾਈਕੈਡੇਲਿਕ) ਅਸਰਾਂ ਕਾਰਨ ਜਾਣਬੁੱਝ ਕੇ ਲੱਭਣ ਦੀ ਕੋਸ਼ਿਸ਼ ਨਹੀਂ ਕਰਦੇ। ਉਹ ਕਹਿੰਦੇ ਹਨ, "ਇਹ ਹਮੇਸ਼ਾ ਸਿਰਫ਼ ਖਾਣੇ ਵਜੋਂ ਹੀ ਖਾਧੀ ਜਾਂਦੀ ਸੀ" ਅਤੇ ਭਰਮ ਇੱਕ ਅਚਾਨਕ ਹੋਣ ਵਾਲੇ ਸਾਈਡ-ਇਫ਼ੈਕਟ ਹੁੰਦੇ ਸਨ।

ਇੱਕ ਹੋਰ ਦਿਲਚਸਪ ਕਾਰਕ ਹੈ: ਹੋਰ ਜਾਣੇ-ਪਛਾਣੇ ਸਾਈਕੈਡੇਲਿਕ ਮਿਸ਼ਰਣ ਵੀ ਆਮ ਤੌਰ 'ਤੇ ਵਿਲੱਖਣ ਤਜਰਬੇ ਪੈਦਾ ਕਰਦੇ ਹਨ ਜੋ ਨਾ ਸਿਰਫ਼ ਵੱਖਰੇ ਵਿਅਕਤੀਆਂ ਵਿੱਚ ਵੱਖ-ਵੱਖ ਹੋ ਸਕਦੇ ਹਨ ਸਗੋਂ ਇੱਕੋ ਵਿਅਕਤੀ ਅੰਦਰ ਵੀ ਵੱਖਰੇ-ਵੱਖਰੇ ਹੁੰਦੇ ਰਹਿੰਦੇ ਹਨ। ਡੌਮਨਾਊਰ ਕਹਿੰਦੇ ਹਨ, ਪਰ ਲਾਨਮਾਓਆ ਏਸ਼ੀਆਟਿਕਾ ਦੇ ਮਾਮਲੇ ਵਿੱਚ, "ਨਿੱਕੇ ਲੋਕਾਂ ਦੀ ਧਾਰਣਾ ਬਹੁਤ ਹੀ ਭਰੋਸੇਯੋਗ ਤੌਰ 'ਤੇ ਅਤੇ ਮੁੜ ਮੁੜ ਰਿਪੋਰਟ ਕੀਤੀ ਜਾਂਦੀ ਹੈ। ਮੈਨੂੰ ਕਿਸੇ ਹੋਰ ਚੀਜ਼ ਬਾਰੇ ਨਹੀਂ ਪਤਾ ਜੋ ਇੰਨੀ ਲਗਾਤਾਰ ਇੱਕੋ ਜਿਹੇ ਭਰਮ ਪੈਦਾ ਕਰਦੀ ਹੋਵੇ।"

ਡੌਮਨਾਊਰ ਦੇ ਅਨੁਸਾਰ, ਇਸ ਖੁੰਭ ਨੂੰ ਸਮਝਣਾ ਸੌਖਾ ਨਹੀਂ ਹੋਵੇਗਾ, ਪਰ ਹੋਰ ਸਾਈਕੈਡੇਲਿਕ ਯੋਗਿਕਾਂ 'ਤੇ ਕੀਤੀ ਗਈ ਖੋਜ ਵਾਂਗ, ਇਸ ਰਾਹੀਂ ਹੋਣ ਵਾਲੀ ਵਿਗਿਆਨ ਖੋਜ ਚੇਤਨਾ ਸਬੰਧੀ ਅਤੇ ਦਿਮਾਗ ਤੇ ਹਕੀਕਤ ਦੇ ਆਪਸੀ ਸਬੰਧ ਵਰਗੇ ਸਭ ਤੋਂ ਵੱਡੇ ਸਵਾਲਾਂ ਨੂੰ ਛੂਹ ਸਕਦੀ ਹੈ।

### ਖੁੰਭਾਂ ਬਾਰੇ ਅਜੇ ਵੀ ਬਹੁਤ ਕੁਝ ਜਾਣਨਾ ਬਾਕੀ

ਇਹ ਉਨ੍ਹਾਂ ਲੋਕਾਂ ਸਬੰਧੀ ਵੀ ਮਦਦਗਾਰ ਹੋ ਸਕਦਾ ਹੈ ਜਿਨ੍ਹਾਂ ਨੂੰ ਬਿਨਾਂ ਕਿਸੇ ਕਾਰਨ ਨਿੱਕੇ-ਨਿੱਕੇ ਲੋਕ ਦਿਖਾਈ ਦੇਣ ਵਰਗੇ ਭਰਮ ਹੁੰਦੇ ਹਨ, ਉਹ ਵੀ ਲਾਨਮਾਓਆ ਏਸ਼ੀਆਟਿਕਾ ਖੁੰਭਾਂ ਨੂੰ ਖਾਧੇ ਬਿਨਾਂ। ਇਹ ਇੱਕ ਦੁਰਲੱਭ ਸਥਿਤੀ ਹੁੰਦੀ ਹੈ ਅਤੇ 1909 ਵਿੱਚ ਪਹਿਲੀ ਵਾਰ ਇਸ ਦਾ ਵਰਣਨ ਹੋਣ ਤੋਂ ਬਾਅਦ, ਸਾਲ 2021 ਤੱਕ ਅਜਿਹੇ ਸਿਰਫ਼ 226 ਮਾਮਲੇ ਹੀ ਦਰਜ ਕੀਤੇ ਗਏ ਸਨ, ਜਿਨ੍ਹਾਂ ਵਿੱਚ ਪੀੜਿਤ ਨੇ ਖੁੰਭਾਂ ਨਹੀਂ ਖਾਦੀਆਂ ਸਨ।

ਪਰ ਉਹਨਾਂ ਥੋੜ੍ਹੇ ਜਿਹੇ ਲੋਕਾਂ ਲਈ ਨਤੀਜਾ ਗੰਭੀਰ ਹੋ ਸਕਦਾ ਹੈ। ਅਜਿਹੇ ਮਾਮਲੇ ਜੋ ਖੁੰਭਾਂ ਨਾਲ ਸੰਬੰਧਿਤ ਨਹੀਂ ਸਨ, ਉਨ੍ਹਾਂ ਵਿੱਚੋਂ ਇੱਕ ਤਿਹਾਈ ਮਰੀਜ਼ ਪੂਰੀ ਤਰ੍ਹਾਂ ਠੀਕ ਨਹੀਂ ਹੋ ਸਕੇ।

ਡੌਮਨਾਊਰ ਕਹਿੰਦੇ ਹਨ, ਲਾਨਮਾਓਆ ਏਸ਼ੀਆਟਿਕਾ ਦਾ ਅਧਿਐਨ ਕਰਨ ਨਾਲ ਵਿਗਿਆਨੀਆਂ ਨੂੰ ਕੁਦਰਤੀ ਤੌਰ 'ਤੇ ਪੈਦਾ ਹੋਣ ਵਾਲੀਆਂ ਇਨ੍ਹਾਂ ਲਿਲਿਪੂਟਿਅਨ ਪਰਛਾਈਆਂ ਦੇ ਪਿੱਛੇ ਮੌਜੂਦ ਦਿਮਾਗੀ ਮਕੈਨਿਜ਼ਮਾਂ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਵਿੱਚ ਮਦਦ ਮਿਲ ਸਕਦੀ ਹੈ ਅਤੇ ਸ਼ਾਇਦ ਉਨ੍ਹਾਂ ਲੋਕਾਂ ਲਈ ਨਵੇਂ ਇਲਾਜਾਂ ਤੱਕ ਵੀ ਰਾਹ ਵੀ ਖੁੱਲ ਸਕੇ ਜਿਨ੍ਹਾਂ ਨੂੰ ਅਜਿਹੀਆਂ ਨਿਊਰੋਲਾਜਿਕਲ ਦਿੱਕਤਾਂ ਹੁੰਦੀਆਂ ਹਨ।

ਡੈਨਿਸ ਮੈਕਕੇਨਾ, ਇੱਕ ਈਥਨੋਫਾਰਮਾਕੋਲੋਜਿਸਟ ਅਤੇ ਅਮਰੀਕਾ ਦੇ ਕੈਲੀਫ਼ੋਰਨੀਆ ਵਿੱਚ ਸਥਿਤ ਗੈਰ-ਮੁਨਾਫ਼ਾ ਸਿੱਖਿਆ ਕੇਂਦਰ ਮੈਕਕੇਨਾ ਅਕੈਡਮੀ ਆਫ਼ ਨੈਚਰਲ ਫ਼ਿਲਾਸਫ਼ੀ ਦੇ ਡਾਇਰੈਕਟਰ ਹਨ। ਉਹ ਕਹਿੰਦੇ ਹਨ, "ਹੁਣ ਅਸੀਂ ਸ਼ਾਇਦ ਸਮਝ ਸਕੀਏ ਕਿ ਦਿਮਾਗ ਵਿੱਚ ਲਿਲਿਪੂਟਿਅਨ ਭਰ ਕਿੱਥੋਂ ਪੈਦਾ ਹੁੰਦੇ ਹਨ।" ਮੈਕਕੇਨਾ ਕਹਿੰਦੇ ਹਨ ਕਿ ਉਹ ਇਸ ਗੱਲ ਨਾਲ ਸਹਿਮਤ ਹਨ ਕਿ ਇਸ ਖੁੰਭ ਦੇ ਯੋਗਿਕਾਂ ਨੂੰ ਸਮਝਣਾ ਨਵੀਆਂ ਦਵਾਈਆਂ ਦੀ ਖੋਜ ਵੱਲ ਲੈ ਜਾ ਸਕਦਾ ਹੈ। ਅਤੇ "ਕੀ ਇਸਦਾ ਕੋਈ ਥੈਰੇਪਿਊਟਿਕ ਇਸਤੇਮਾਲ ਹੈ? ਇਹ ਅਜੇ ਵੇਖਣਾ ਬਾਕੀ ਹੈ।" ਖੋਜਕਰਤਾਵਾਂ ਦਾ ਅੰਦਾਜ਼ਾ ਹੈ ਕਿ ਦੁਨੀਆ ਦੀਆਂ ਖੁੰਭਾਂ ਦੀਆਂ 5% ਤੋਂ ਘੱਟ ਕਿਸਮਾਂ ਬਾਰੇ ਹੀ ਅਜੇ ਤੱਕ ਵਰਣਨ ਕੀਤਾ ਗਿਆ ਹੈ। ਮਾਇਕੋਲੋਜਿਸਟ ਅਤੇ ਫੰਗੀ ਫਾਊਂਡੇਸ਼ਨ ਦੇ ਸੰਸਥਾਪਕ ਅਤੇ ਕਾਰਜਕਾਰੀ ਨਿਰਦੇਸ਼ਕ ਜੂਲੀਆਨਾ ਫੁਰਸੀ ਕਹਿੰਦੇ ਹਨ ਕਿ ਇਸ ਲਈ ਇਹ ਨਤੀਜੇ ਦੁਨੀਆ ਦੀਆਂ ਲਗਾਤਾਰ ਘਟ ਰਹੀਆਂ ਵਾਤਾਵਰਣ ਪ੍ਰਣਾਲੀਆਂ ਵਿੱਚ ਖੋਜ ਦੀ "ਵੱਡੀ ਸੰਭਾਵਨਾ"ਨੂੰ ਵੀ ਉਜਾਗਰ ਕਰਦੇ ਹਨ। ਉਨ੍ਹਾਂ ਕਿਹਾ, "ਫੰਗੀ ਵਿੱਚ ਇੱਕ ਬਹੁਤ ਵੱਡੀ ਬਾਇਓਕੈਮੀਕਲ ਅਤੇ ਫਾਰਮਾਕੋਲੋਜੀਕਲ ਲਾਇਬ੍ਰੇਰੀ ਹੈ ਜਿਸ ਬਾਰੇ ਅਸੀਂ ਹੁਣੇ ਹੀ ਜਾਣਨਾ ਸ਼ੁਰੂ ਕੀਤਾ ਹੈ। ਅਜੇ ਵੀ ਖੋਜਾਂ ਲਈ ਇੱਕ ਦੁਨੀਆ ਬਾਕੀ ਹੈ।"

# ਘਰਾਂ ਬਾਹਰ ਲੱਗੀਆਂ ਨੇ ਕੁੜੀਆਂ ਦੀਆਂ ਨੇਮ ਪਲੇਟਾਂ




ਹਰਿਆਣਾ ਦੇ ਅੰਬਾਲਾ ਜ਼ਿਲ੍ਹੇ ਦਾ ਪਿੰਡ ਖੇੜਾ ਗਨੀ ਜਿੱਥੇ ਘਰਾਂ ਦੀ ਪਛਾਣ ਮਰਦਾਂ ਦੇ ਨਾਮ ਨਾਲ ਨਹੀਂ ਸਗੋਂ ਪਿੰਡ ਦੀਆਂ ਕੁੜੀਆਂ ਜਾਂ ਔਰਤਾਂ ਦੇ ਨਾਮ ਨਾਲ ਹੋ ਰਹੀ ਹੈ।

ਇੱਥੇ ਕੁੜੀਆਂ ਜਾਂ ਔਰਤਾਂ, ਜਿਨ੍ਹਾਂ ਨੇ ਉਚੇਰੀ ਵਿੱਦਿਆ ਹਾਸਲ ਕੀਤੀ ਹੈ, ਪੰਚਾਇਤ ਨੇ ਉਨ੍ਹਾਂ ਦੇ ਨਾਮ ਦੀਆਂ ਨੇਮ ਪਲੇਟਾਂ ਘਰਾਂ ਦੇ ਬਾਹਰ ਲਗਾਉਣ ਦਾ ਫੈਸਲਾ ਲਿਆ ਸੀ।

30 ਔਰਤਾਂ ਦੇ ਨਾਮ ਦੀਆਂ ਪਲੇਟਾਂ ਘਰਾਂ ਦੇ ਬਾਹਰ ਲਗਾਈਆਂ ਗਈਆਂ ਹਨ। ਬਹੁਤ ਸਾਰੇ ਘਰ ਅਜਿਹੇ ਵੀ ਹਨ ਜਿੱਥੇ ਦੋ ਜਾਂ ਦੋ ਵੱਧ ਔਰਤਾਂ ਦੇ ਨਾਮ ਵਾਲੀਆਂ ਨੇਮ ਪਲੇਟਾਂ ਲਾਈਆਂ ਗਈਆਂ ਹਨ।

ਪਿੰਡ ਦੇ ਸਰਪੰਚ ਕਹਿੰਦੇ ਹਨ ਕਿ ਉਨ੍ਹਾਂ ਨੇ ਇੱਕ ਸਰਵੇਖਣ ਵਿੱਚ ਪਾਇਆ ਕਿ ਪਿੰਡ ਦੀਆਂ ਕਾਫ਼ੀ ਔਰਤਾਂ ਪੜੀਆਂ ਲਿਖੀਆਂ ਹਨ ਅਤੇ ਉਨ੍ਹਾਂ ਦੇ ਨਾਵਾਂ ਵਾਲੀਆਂ ਨੇਮ ਪਲੇਟਾਂ ਔਰਤਾਂ ਦੀ ਸਿੱਖਿਆ ਨੂੰ ਵਧਾਵਾ ਦੇਣ ਦਾ ਕੰਮ ਕਰਨਗੀਆਂ।

# ਲੰਬੀ ਉਮਰ ਲਈ ਫ਼ਾਇਦੇਮੰਦ ਹੋ ਸਕਦਾ ਹੈ ਵੱਖ -ਵੱਖ ਕਿਸਮ ਦੀ ਸਰੀਰਕ ਵਰਜਿਸ਼

ਤੁਹਾਡੀ ਉਮਰ ਵੱਖ-ਵੱਖ ਤਰੀਕੇ ਦੀਆਂ ਕਸਰਤਾਂ ਕਰਨ ਨਾਲ ਕਿਵੇਂ ਵੱਧ ਸਕਦੀ ਹੈ ਇੱਕ ਅਧਿਐਨ ਵਿੱਚ ਸਾਹਮਣੇ ਆਇਆ ਕਿ ਹਰ ਹਫ਼ਤੇ ਵੱਖ - ਵੱਖ ਕਿਸਮ ਦੀ ਸਰੀਰਕ ਵਰਜਿਸ਼ ਕਰਨਾ ਸਿਹਤ ਨੂੰ ਬਿਹਤਰ ਬਣਾਉਣ ਅਤੇ ਲੰਬੀ ਉਮਰ ਲਈ ਫ਼ਾਇਦੇਮੰਦ ਹੋ ਸਕਦਾ ਹੈ।

ਅਮਰੀਕਾ ਵਿੱਚ 1,10,000 ਮਰਦਾਂ ਅਤੇ ਔਰਤਾਂ ਦੀਆਂ ਹਫ਼ਤਾਵਾਰੀ ਕਸਰਤ ਆਦਤਾਂ ਨੂੰ ਵਾਚਣ ਤੋਂ ਬਾਅਦ ਖੋਜਕਾਰਾਂ ਨੇ ਦੇਖਿਆ ਉਹ ਲੋਕ ਜੋ ਕਿ ਸਭ ਤੋਂ ਵੱਧ ਕਿਸਮ ਦੀ ਕਸਰਤ ਕਰਦੇ ਸਨ, ਉਨ੍ਹਾਂ ਦੀ ਮੌਤ ਦੀ ਸੰਭਾਵਨਾ ਸਿਰਫ਼ ਇੱਕ ਹੀ ਤਰ੍ਹਾਂ ਦੀ ਕਸਰਤ ਉੱਤੇ ਧਿਆਨ ਦੇਣ ਵਾਲਿਆਂ ਨਾਲੋਂ 19% ਘੱਟ ਸੀ।

ਇਹ ਅਸਰ ਪੈਦਲ ਚੱਲਣ, ਟੈਨਿਸ, ਰੋਇੰਗ ਅਤੇ ਜੌਗਿੰਗ ਵਰਗੀਆਂ ਵਿਅਕਤੀਗਤ ਖੇਡਾਂ ਨਾਲੋਂ ਜ਼ਿਆਦਾ ਸੀ। ਮਾਹਰਾਂ ਮੁਤਾਬਿਕ ਤੁਸੀਂ ਕਿੰਨੀ ਕਸਰਤ ਕਰਦੇ ਹੋ, ਇਹ ਅਜੇ ਵੀ ਬਹੁਤ ਅਹਿਮ ਹੈ ਲੇਕਿਨ ਉਹ ਵੱਖੋ-ਵੱਖ ਸਰਗਰਮੀਆਂ ਗਤੀਵਿਧੀਆਂ ਨੂੰ ਮਿਲਾ ਕੇ ਕਰਨਾ ਜਿਨ੍ਹਾਂ ਦੇ ਸਿਹਤ ਲਈ ਵੱਖੋ-ਵੱਖਰੇ ਅਤੇ ਪੂਰਕ ਲਾਭ ਹਨ .ਜਿਵੇਂ ਕਿ ਮਾਸਪੇਸ਼ੀਆਂ ਦੀ ਮਜ਼ਬੂਤੀ ਵਾਲੀ ਟ੍ਰੇਨਿੰਗ ਅਤੇ ਐਰੋਬਿਕ ਕਸਰਤ, ਸਿਹਤ ਲਈ ਬਹੁਤ ਫਾਇਦੇਮੰਦ ਹੋ ਸਕਦਾ ਹੈ।"

ਐਨਐਚਐੱਸ ਦੀ ਸਲਾਹ ਅਨੁਸਾਰ 19-64 ਸਾਲ ਦੇ ਬਾਲਗਾਂ ਨੂੰ ਇਹ ਕਰਨ ਦਾ ਟੀਚਾ ਰੱਖਣਾ ਚਾਹੀਦਾ ਹੈ:

* ਹਫ਼ਤੇ ਵਿੱਚ ਘੱਟੋ-ਘੱਟ ਦੋ ਦਿਨ ਵੱਡੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਵਾਲੀਆਂ ਗਤੀਵਿਧੀਆਂ ਕਰਨੀਆਂ ਚਾਹੀਦੀਆਂ ਹਨ।
* ਹਫ਼ਤੇ ਵਿੱਚ 150 ਮਿੰਟ ਦਰਮਿਆਨੀ ਤੀਬਰਤਾ ਦੀ ਕਸਰਤ ਜਾਂ 75 ਮਿੰਟ ਦੀ ਤੇਜ਼ ਕਸਰਤ ਕਰਨੀ ਚਾਹੀਦੀ ਹੈ
* ਕਸਰਤ ਨੂੰ ਹਫ਼ਤੇ ਦੇ 4-5 ਦਿਨਾਂ ਵਿੱਚ ਬਰਾਬਰ ਵੰਡ ਕੇ ਕਰੋ।
* ਬਿਨ੍ਹਾਂ ਹਿੱਲ-ਜੁੱਲ ਕੀਤੇ, ਬਹੁਤਾ ਸਮਾਂ ਬੈਠਕੇ ਜਾਂ ਲੇਟ ਕੇ ਨਾ ਬਿਤਾਓ।



ਜੋ ਤੁਹਾਨੂੰ ਸਕੂਨ ਦਿੰਦੀਆਂ ਹੋਣ, ਉਨ੍ਹਾਂ ਨਾਲ ਕਈ ਤਰ੍ਹਾਂ ਦੇ ਲਾਭ ਹੋ ਸਕਦੇ ਹਨੀ

**'ਹਰੇਕ ਕਸਰਤ ਕੁਝ ਵੱਖਰਾ ਦਿੰਦੀ ਹੈ'**

ਲੰਡਨ ਵਾਸੀ 29 ਸਾਲਾ ਗਲੋਬਲ ਮਾਰਕੀਟਿੰਗ ਮੈਨੇਜਰ ਮੈਡੀ ਐਲਬਨ ਆਪਣੇ ਵਿਹਲੇ ਸਮੇਂ ਵਿੱਚ ਟ੍ਰਾਇਥਲੋਨ ਕਰਦੇ ਹਨ- ਪਰ ਇਹ ਸਿਰਫ਼ ਸ਼ੁਰੂਆਤ ਕਰਨ ਵਾਲਿਆਂ ਲਈ ਹੈ। ਉਨ੍ਹਾਂ ਦੀਆਂ ਹੋਰ ਖੇਡਾਂ ਵਿੱਚ ਟੈਨਿਸ, ਸਪਿਨ ਕਲਾਸਾਂ, ਯੋਗਾ, ਪਿਲਾਟਿਸ ਅਤੇ ਵਜ਼ਨ ਚੁੱਕਣ ਵਰਗੀਆਂ ਹੋਰ ਕਸਰਤਾਂ ਵੀ ਸ਼ਾਮਲ ਹਨ। ਉਹ ਕਹਿੰਦੇ ਹਨ, "ਹਰ ਕਿਸਮ ਦੀ ਕਸਰਤ ਕੁਝ ਨਾ ਕੁਝ ਵੱਖਰਾ ਦਿੰਦੀ ਹੈ। ਕਿਸੇ ਇੱਕ ਖੇਡ ਵਿੱਚ ਚੰਗਾ ਹੋਣ ਲਈ ਵੱਖ-ਵੱਖ ਕਸਰਤਾਂ ਜ਼ਰੂਰੀ ਹਨ - ਚੰਗਾ ਦੌੜਨ ਲਈ ਤੁਹਾਨੂੰ ਭਾਰ ਤੋਲਨ ਦੀ ਵੀ ਲੋੜ ਹੈ।" ਮੈਡੀ, ਜੋ ਕਿ ਨਿਊਜ਼ੀਲੈਂਡ ਤੋਂ ਹਨ- ਨੇ ਮਹਿਸੂਸ ਕੀਤਾ ਕਿ ਵੱਖ-ਵੱਖ ਕਸਰਤਾਂ ਉਨ੍ਹਾਂ ਦੇ ਮਿਜ਼ਾਜ ਵਿੱਚ ਵੀ ਮਦਦ ਕਰਦੀਆਂ ਹਨ।" "ਕਈ ਵਾਰ ਮੇਰੇ ਵਿੱਚ ਸਖ਼ਤ ਕਸਰਤ ਕਰਨ ਦੀ ਤਾਕਤ ਨਹੀਂ ਹੁੰਦੀ, ਤਾਂ ਯੋਗਾ ਮਨ ਨੂੰ ਸ਼ਾਂਤ ਕਰਦੀ ਹਾਂ। ਇਹ ਮੇਰੀ ਮਾਨਸਿਕ ਤੰਦਰੁਸਤੀ ਲਈ ਬਹੁਤ ਲਾਭਕਾਰੀ ਹੈ।" ਉਨ੍ਹਾਂ ਨੇ ਦੱਸਿਆ ਕਿ "ਵਧੀਆ ਹੈ ਕਿ ਤੁਹਾਡੇ ਕੋਲ ਆਪਣੇ ਸਰੀਰ ਨੂੰ ਹਿਲਾਉਣ ਅਤੇ ਦਿਨ ਵਿੱਚ ਉਸ ਸਮੇਂ ਨੂੰ ਸੱਚਮੁੱਚ ਆਪਣੇ ਲਈ ਸਮਰਪਿਤ ਕਰਨ ਲਈ ਹੋਰ ਵਿਕਲਪ ਹੋਣੀ" ਮੈਡੀ ਨੇ ਪਿਛਲੇ ਸਾਲ ਟ੍ਰਾਇਥਲੋਨ ਸ਼ੁਰੂ ਕੀਤੇ ਸਨ ਅਤੇ ਹੁਣ ਉਹ ਟੀਮ ਖੇਡਾਂ ਵੀ ਅਜ਼ਮਾਉਣਾ ਚਾਹੁੰਦੇ ਹਨ, ਕਿਉਂਕਿ ਹੋ ਸਕਦਾ ਹੈ ਉਨ੍ਹਾਂ ਦੀਆਂ ਮੌਜੂਦਾ ਕਸਰਤਾਂ ਨਾਲੋਂ "ਥੋੜ੍ਹਾ ਵਧੇਰੇ ਸਮਾਜਿਕ" ਹੋਣ।

ਸਰੀਰਕ ਤੌਰ 'ਤੇ ਸਰਗਰਮ ਰਹਿਣ ਨੂੰ ਸਾਡੀ ਸਰੀਰਕ ਅਤੇ ਮਾਨਸਿਕ ਸਿਹਤ ਲਈ ਬਹੁਤ ਲਾਭਦਾਇਕ ਮੰਨਿਆ ਜਾਂਦਾ ਹੈ। ਇਹ ਦਿਲ, ਖ਼ੂਨ ਦੀਆਂ ਨਾੜੀਆਂ ਅਤੇ ਫੇਫੜਿਆਂ ਦੀਆਂ ਕਈ ਬਿਮਾਰੀਆਂ ਦੇ ਖ਼ਤਰੇ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਨਿਯਮਤ ਕਸਰਤ ਕਰਨ ਨਾਲ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਕਾਰਨ ਹੋਣ ਵਾਲੀ ਅਕਾਲ ਮੌਤ ਦੇ ਖ਼ਤਰੇ ਨੂੰ ਵੀ ਘਟਾਇਆ ਜਾ ਸਕਦਾ ਹੈ। ਹਾਰਵਰਡ ਸਕੂਲ ਆਫ਼ ਪਬਲਿਕ ਹੈਲਥ ਦੇ ਡਾ. ਯਾਂਗ ਹੁ- ਜੋ ਬੀਐਮਜੇ ਮੈਡੀਸਿਨ ਜਰਨਲ ਵਿੱਚ ਛਪੇ ਇਸ ਅਧਿਐਨ ਦੇ ਮੁੱਖ ਲੇਖਕ ਹਨ, ਉਹ ਕਹਿੰਦੇ ਹਨ, "ਪੂਰੀ ਸਰੀਰਕ ਗਤੀਵਿਧੀ ਦਾ ਉੱਚ ਪੱਧਰ ਰੱਖਣਾ ਮਹੱਤਵਪੂਰਨ ਹੈ, ਅਤੇ ਇਸ ਤੋਂ ਇਲਾਵਾ, ਗਤੀਵਿਧੀਆਂ ਵਿੱਚ ਵਿਭਿੰਨਤਾ ਲਿਆਉਣਾ ਹੋਰ ਵੀ ਵਧੇਰੇ ਲਾਭਦਾਇਕ ਹੋ ਸਕਦਾ ਹੈ।"

ਉਨ੍ਹਾਂ ਨੇ ਅੱਗੇ ਕਿਹਾ, "ਅਜਿਹੀਆਂ ਐਰੋਬਿਕ ਗਤੀਵਿਧੀਆਂ ਦਿਲ ਦੀ ਧੜਕਨ ਨੂੰ ਵਧਾਉਂਦੀਆਂ ਹਨ ਅਤੇ ਤੁਹਾਨੂੰ ਤੇਜ਼ ਸਾਹ ਲੈਣ ਲਈ ਮਜਬੂਰ ਕਰਦੀਆਂ ਹਨੀ ਇਨ੍ਹਾਂ ਵਿੱਚ ਤੇਜ਼ ਸੈਰ, ਸਾਈਕਲ ਚਲਾਉਣਾ, ਟੈਨਿਸ ਖੇਡਣਾ, ਨੱਚਣਾ, ਹਾਈਕਿੰਗ ਜਾਂ ਘਾਹ ਕੱਟਣਾ ਸ਼ਾਮਲ ਹੈ। ਤੇਜ਼ ਕਸਰਤ ਨਾਲ ਸਾਹ ਬਹੁਤ ਤੇਜ਼ ਹੋ ਜਾਂਦਾ ਹੈ ਉਦਾਹਰਨ ਵਜੋਂ ਦੌੜਨਾ, ਤੈਰਾਕੀ, ਫੁੱਟਬਾਲ, ਹਾਕੀ, ਜਿਮਨਾਸਟਿਕਸ ਜਾਂ ਪੌੜੀਆਂ ਚੜ੍ਹਨਾ। ਮਾਸਪੇਸ਼ੀਆਂ ਮਜ਼ਬੂਤ ਕਰਨ ਵਾਲੀਆਂ ਕਸਰਤਾਂ ਵਿੱਚ ਯੋਗਾ, ਭਾਰ ਚੁੱਕਣਾ, ਤਾਈ ਚੀ, ਉੱਠਕ-ਬੈਠਕ, ਬਾਗਬਾਨੀ ਅਤੇ ਖ਼ਰੀਦਾਰੀ ਵਾਲੇ ਭਾਰੇ ਥੈਲੇ ਚੁੱਕਣਾ ਸ਼ਾਮਲ ਹਨ।

ਇਸ ਖੋਜ ਲਈ 30-55 ਸਾਲ ਦੀਆਂ 70 ਹਜ਼ਾਰ ਤੋਂ ਵੱਧ ਨਰਸਾਂ ਅਤੇ 40-75 ਸਾਲ ਦੇ 40 ਹਜ਼ਾਰ ਸਿਹਤ ਪੇਸ਼ੇਵਰਾਂ ਤੋਂ ਹਰ ਹਫ਼ਤੇ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਜਿਵੇਂ ਸੈਰ, ਜੌਗਿੰਗ, ਦੌੜਨਾ, ਸਾਈਕਲਿੰਗ, ਤੈਰਨਾ, ਰੋਇੰਗ, ਟੈਨਿਸ ਅਤੇ ਸਕੁਆਸ਼ ਬਾਰੇ ਜਾਣਕਾਰੀ ਇਕੱਠੀ ਕੀਤੀ ਗਈ। ਉਨ੍ਹਾਂ ਨੇ ਇਹ ਪ੍ਰਸ਼ਨਾਵਲੀਆਂ ਹਰ ਦੋ ਸਾਲ ਬਾਅਦ ਭਰੀਆਂ, ਜਿਨ੍ਹਾਂ ਵਿੱਚ ਵਜ਼ਨ ਚੁੱਕਣ, ਯੋਗਾ ਵਰਗੀਆਂ ਹਲਕੀਆਂ ਕਸਰਤਾਂ, ਬਾਗਬਾਨੀ ਅਤੇ ਪੌੜੀਆਂ ਚੜ੍ਹਨ ਵਰਗੀਆਂ ਗਤੀਵਿਧੀਆਂ ਵੀ ਸ਼ਾਮਲ ਸਨ।

ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਕਿ ਜ਼ਿਆਦਾਤਰ ਇਕੱਲੀਆਂ ਕਸਰਤਾਂ ਨਾਲ ਵੀ ਮੌਤ ਦੇ ਖ਼ਤਰੇ ਵਿੱਚ ਕਮੀ ਆਈ। ਲੇਕਿਨ ਜਿਹੜੇ ਲੋਕ ਸਭ ਤੋਂ ਵੱਧ ਕਿਸਮਾਂ ਦੀ ਕਸਰਤ ਕਰਦੇ ਸਨ, ਉਨ੍ਹਾਂ ਦੇ ਨਤੀਜੇ ਹੋਰ ਵੀ ਚੰਗੇ ਸਨ। ਉਨ੍ਹਾਂ ਵਿੱਚ ਕੈਂਸਰ, ਦਿਲ ਦੀ ਬਿਮਾਰੀ, ਫੇਫੜਿਆਂ ਦੀਆਂ ਬਿਮਾਰੀਆਂ ਅਤੇ ਹੋਰ ਕਾਰਨਾਂ ਕਰਕੇ ਮੌਤ ਦਾ ਖ਼ਤਰਾ ਦੂਜਿਆਂ ਨਾਲੋਂ 13% ਤੋਂ 41% ਤੱਕ ਘੱਟ ਸੀ। ਅਧਿਐਨ ਨੇ ਇਹ ਵੀ ਦਰਸਾਇਆ ਕਿ ਹਫ਼ਤੇ ਵਿੱਚ ਛੇ ਘੰਟੇ ਦਰਮਿਆਨੀ ਕਸਰਤ ਜਾਂ ਤਿੰਨ ਘੰਟੇ ਤੇਜ਼ ਕਸਰਤ ਸਭ ਤੋਂ ਉੱਤਮ ਮਾਤਰਾ ਹੈ, ਇਸ ਤੋਂ ਬਾਅਦ ਲਾਭ ਇੱਕ ਪੱਧਰ 'ਤੇ ਠਹਿਰ ਜਾਂਦੇ ਹਨ।

ਹਾਲਾਂਕਿ ਇਹ ਅਧਿਐਨ ਵੱਡਾ ਹੈ ਅਤੇ ਸਰੀਰਕ ਸਰਗਰਮੀ ਨੂੰ ਵਾਰ-ਵਾਰ ਮਾਪਿਆ ਗਿਆ, ਫਿਰ ਵੀ ਖੋਜ ਦੀਆਂ ਕੁਝ ਸੀਮਾਵਾਂ ਹਨ। ਇਸ ਗੱਲ ਨੂੰ ਨਕਾਰਿਆ ਨਹੀਂ ਜਾ ਸਕਦਾ ਕਿ ਲੋਕਾਂ ਦੀ ਸਿਹਤ ਨੇ ਉਨ੍ਹਾਂ ਵਲੋਂ ਕੀਤੀ ਜਾਣ ਵਾਲੀ ਕਸਰਤ ਦੀ ਚੋਣ ਨੂੰ ਪ੍ਰਭਾਵਿਤ ਕੀਤਾ ਹੋਵੇ, ਨਾ ਕਿ ਕਸਰਤ ਨੇ ਸਿਹਤ ਨੂੰ। ਅਧਿਐਨ ਨੇ ਜੀਵਨ ਸ਼ੈਲੀ ਦੇ ਕਈ ਕਾਰਕਾਂ ਨੂੰ ਧਿਆਨ ਵਿੱਚ ਰੱਖਣ ਦੀ ਕੋਸ਼ਿਸ਼ ਕੀਤੀ ਹੈ।

# ਸੁਆਦ ਵਧਾਉਣ ਵਾਲੇ ਲੈਟਸ ਦੀ ਖੇਤੀ

ਤੁਸੀਂ ਸਲਾਦ, ਬਰਗਰ ਜਾਂ ਕਿਸੇ ਖਾਣੇ ਵਿੱਚ ਲੈਟਸ ਜ਼ਰੂਰ ਖਾਧਾ ਹੋਵੇਗਾ ਪਰ ਇਸ ਲੈਟਸ ਦੀ ਖੇਤੀ ਬਾਰੇ ਤੁਸੀਂ ਘੱਟ ਸੁਣਿਆ ਹੋਵੇਗਾ ਕਿਉਂਕਿ ਇਸ ਦੀ ਖੇਤੀ ਬਹੁਤ ਛੋਟੇ ਪੱਧਰ ਉੱਤੇ ਕੀਤੀ ਜਾਂਦੀ ਹੈ।

ਖੇਤੀਬਾੜੀ ਦੇ ਮਾਹਿਰ ਇਸ ਨੂੰ ਹਾਈ ਵੈਲਿਊ ਫਸਲ ਦਾ ਦਰਜਾ ਦਿੰਦੇ ਹਨ। ਕੁਰੂਕਸ਼ੇਤਰ ਦੇ ਗੌਰੀਪੁਰ ਪਿੰਡ ਦੇ ਕਿਸਾਨ ਬਿਨਵੰਤ ਸਿੰਘ ਬੀਤੇ ਦੋ ਦਹਾਕੇ ਤੋਂ ਵੱਧ ਸਮੇਂ ਤੋਂ ਇਸ ਦੀ ਖੇਤੀ ਕਰ ਰਹੇ ਹਨ। ਭਾਵੇਂ ਹਰਿਆਣਾ ਵਿੱਚ ਬਹੁਤ ਘੱਟ ਕਿਸਾਨ ਲੈਟਸ ਦੀ ਖੇਤੀ ਕਰਦੇ ਹਨ ਪਰ ਬਿਨਵੰਤ ਕਰੀਬ 80 ਏਕੜ ਵਿੱਚ ਲੈਟਸ ਦੀ ਖੇਤੀ ਕਰਦੇ ਹਨ।

ਇਸ ਰਿਪੋਰਟ ਵਿੱਚ ਅਸੀਂ ਬਿਨਵੰਤ ਸਿੰਘ ਦੇ ਤਜਰਬੇ ਤੇ ਸਮਝ ਦੀ ਮਦਦ ਨਾਲ ਲੈਟਸ ਦੀ ਖੇਤੀ ਬਾਰੇ ਸਮਝਣ ਦੀ ਕੋਸ਼ਿਸ਼ ਕਰਾਂਗੇ, ਇਹ ਜਾਣਨ ਦੀ ਕੋਸ਼ਿਸ਼ ਕਰਾਂਗੇ ਕਿ ਕਿਸਾਨਾਂ ਲਈ ਇਹ ਖੇਤੀ ਕਿੰਨੀ ਲਾਹੇਵੰਦ ਹੈ।

ਕਿਸਾਨ ਬਿਨਵੰਤ ਸਿੰਘ ਇੱਕ ਪੜ੍ਹੇ-ਲਿਖੇ ਵਿਅਕਤੀ ਹਨ। ਉਹ ਉਸ ਵੇਲੇ ਇੱਕ ਵੱਡੀ ਕੰਪਨੀ ਵਿੱਚ ਚੰਗੇ ਪੈਕੇਜ ਉੱਤੇ ਕੰਮ ਕਰ ਰਹੇ ਸਨ ਜਦੋਂ ਉਨ੍ਹਾਂ ਨੂੰ ਖੇਤੀ ਵੱਲ ਮੁੜਨ ਦਾ ਵਿਚਾਰ ਆਇਆ।



ਬਿਨਵੰਤ ਸਿੰਘ ਦੱਸਦੇ ਹਨ, "ਸਾਲ 2003 ਵਿੱਚ ਮੈਂ ਇੱਕ ਚੰਗੀ ਕੰਪਨੀ ਵਿੱਚ 18 ਲੱਖ ਰੁਪਏ ਦਾ ਪੈਕੇਜ ਲੈ ਰਿਹਾ ਸੀ, ਮੌਜੂਦਾ ਵੇਲੇ ਤੁਸੀਂ ਹਿਸਾਬ ਲਗਾ ਸਕਦੇ ਕਿ ਉਸ ਵੇਲੇ ਦਾ 18 ਲੱਖ ਇਸ ਵੇਲੇ ਕਿੰਨਾ ਹੋਣਾ ਸੀ। ਸਾਡੇ ਕੋਲ ਜ਼ਮੀਨ ਸੀ ਇਸ ਲਈ ਮੈਂ ਸੋਚਿਆ ਕਿ ਵਾਪਸ ਆ ਕੇ ਖੇਤੀ ਹੀ ਕਰਾਂ।"

ਬਿਨਵੰਤ ਮੁਤਾਬਕ ਖੇਤੀ ਸ਼ੁਰੂ ਕਰਨਾ ਸੌਖਾ ਨਹੀਂ ਸੀ, ਕਈ ਚੁਣੌਤੀਆਂ ਦਾ ਸਾਹਮਣਾ ਉਨ੍ਹਾਂ ਨੇ ਕੀਤਾ।

ਬਿਨਵੰਤ ਦੱਸਦੇ ਹਨ, "ਮੇਰੀ ਵਾਪਸੀ ਨਾਲ ਮੇਰੇ ਪਰਿਵਾਰ ਵਾਲੇ ਖ਼ੁਸ਼ ਨਹੀਂ ਸਨ। ਉਨ੍ਹਾਂ ਨੇ ਕਿਹਾ ਕਿ ਅਸੀਂ ਕਈ ਮੁਸ਼ਕਲਾਂ ਤੋਂ ਬਾਅਦ ਤੈਨੂੰ ਪੜ੍ਹਾਇਆ ਤੇ ਮੈਨੂੰ ਇੱਕ ਚੰਗਾ ਪੈਕਜ ਨਹੀਂ ਛੱਡਣਾ ਚਾਹੀਦਾ ਸੀ। ਪਹਿਲੇ ਦੋ ਸਾਲ ਮੈਂ ਰਵਾਇਤੀ ਖੇਤੀ ਹੀ ਕੀਤੀ ਪਰ ਦੇਖਿਆ ਕਿ ਉਸ ਵਿੱਚ ਕੁਝ ਨਹੀਂ ਬਚ ਰਿਹਾ ਹੈ।" ਬਿਨਵੰਤ ਦੱਸਦੇ ਹਨ ਕਿ ਇਸ ਮਗਰੋਂ ਉਨ੍ਹਾਂ ਦਾ ਰਾਬਤਾ ਇੱਕ ਵੱਡੀ ਰੈਸਟੋਰੈਂਟ ਦੀ ਕੰਪਨੀ ਨਾਲ ਹੋਇਆ ਜੋ ਲੈਟਸ ਨੂੰ ਦਰਾਮਦ ਨਹੀਂ ਕਰਨਾ ਚਾਹੁੰਦੇ ਸੀ, ਉਹ ਚਾਹੁੰਦੇ ਸੀ ਕਿ ਲੈਟਸ ਭਾਰਤ ਵਿੱਚ ਹੀ ਉਗਾਇਆ ਜਾਵੇ। ਬਿਨਵੰਤ ਸਿੰਘ ਦੱਸਦੇ ਹਨ, "ਪਹਿਲੇ ਦੋ-ਤਿੰਨ ਸਾਲ ਤਾਂ ਲੈਟਸ ਦੀ ਖੇਤੀ ਵਿੱਚ ਕਾਫੀ ਦਿੱਕਤ ਦਾ ਸਾਹਮਣਾ ਕਰਨਾ ਪਿਆ, ਇਸ ਖੇਤੀ ਬਾਰੇ ਨਾ ਮੈਨੂੰ ਜਾਣਕਾਰੀ ਸੀ ਤੇ ਨਾ ਹੀ ਭਾਰਤ ਵਿੱਚ ਇਸ ਖੇਤੀ ਦੇ ਜਾਣਕਾਰ ਮੌਜੂਦ ਸਨ। ਫਿਰ ਮੈਂ ਚੀਨ ਗਿਆ ਜਿੱਥੇ 11 ਦਿਨ ਦੇ ਸੈਮੀਨਾਰ ਵਿੱਚ ਕਾਫੀ ਜਾਣਕਾਰੀ ਹਾਸਲ ਹੋਈ।"



ਇਸ ਮਗਰੋਂ ਬਿਨਵੰਤ ਨੇ ਜਪਾਨ, ਆਸਟ੍ਰੇਲੀਆ, ਮੈਕਸੀਕੋ ਤੇ ਥਾਈਲੈਂਡ ਵਰਗੇ ਮੁਲਕਾਂ ਵਿੱਚ ਵੀ ਆਈਸਬਰਗ ਲੈਟਸ ਬਾਰੇ ਜਾਣਕਾਰੀ ਹਾਸਲ ਕੀਤੀ।

**ਕਿਹੜੇ ਹਾਲਾਤ ਵਿੱਚ ਲੈਟਸ ਦੀ ਖੇਤੀ ਹੋ ਸਕਦੀ ਹੈ**

ਬਿਨਵੰਤ ਸਿੰਘ ਲੈਟਸ ਦੀ ਖੇਤੀ ਦੀ ਪ੍ਰਕਿਰਿਆ ਬਾਰੇ ਦੱਸਦੇ ਹਨ ਕਿ ਪਹਿਲਾਂ ਇਸ ਦੀ ਨਰਸਰੀ ਤਿਆਰ ਕੀਤੀ ਜਾਂਦੀ ਹੈ ਜਿਸ ਵਿੱਚ 30 ਦਿਨਾਂ ਦਾ ਵਕਤ ਲਗਦਾ ਹੈ। "ਇੱਕ ਵਾਰ ਜਦੋਂ ਨਰਸਰੀ ਤਿਆਰ ਹੋ ਜਾਂਦੀ ਹੈ ਫਿਰ ਨਰਸਰੀ ਵਿੱਚ ਬਿਜਾਈ ਦਾ ਕੰਮ ਜਾਰੀ ਰਹਿੰਦਾ ਹੈ ਤੇ ਅਸੀਂ ਖੇਤਾਂ ਵਿੱਚ ਬੈਡ ਖਿੱਚ ਕੇ ਤੇ ਲੈਟਸ ਦੀ ਪਲਾਂਟਿੰਗ ਕਰਦੇ ਹਾਂ।" ਲੈਟਸ ਦੀ ਖੇਤੀ ਲਈ ਦਿਨ ਦਾ ਤਾਪਮਾਨ 30 ਡਿਗਰੀ ਤੋਂ ਥੱਲੇ ਰਹਿਣਾ ਚਾਹੀਦਾ ਹੈ ਜਦਕਿ ਰਾਤ ਦਾ ਤਾਪਮਾਨ -4 ਤੋਂ ਥੱਲੇ ਨਹੀਂ ਜਾਣਾ ਚਾਹੀਦਾ।

ਬਿਨਵੰਤ ਸਿੰਘ ਦੱਸਦੇ ਹਨ ਕਿ ਕੁਰੂਕਸ਼ੇਤਰ ਵਿੱਚ ਉਹ ਦਸੰਬਰ ਤੋਂ ਮਾਰਚ ਤੱਕ ਇਸ ਦੀ ਖੇਤੀ ਕਰਦੇ ਹਨ। ਇਸ ਮਗਰੋਂ ਤਾਪਮਾਨ ਵੱਧ ਜਾਂਦਾ ਹੈ ਇਸ ਲਈ ਉਹ ਹਿਮਾਚਲ ਵਿੱਚ ਅਪ੍ਰੈਲ ਤੋਂ ਨਵੰਬਰ ਤੱਕ ਲੈਟਸ ਦੀ ਖੇਤੀ ਕਰਦੇ ਹਨ। ਬਿਨਵੰਤ ਸਿੰਘ ਦੱਸਦੇ ਹਨ, "ਕਰੀਬ ਇੱਕ ਏਕੜ ਵਿੱਚ 25 ਹਜ਼ਾਰ ਪੌਦੇ ਆਈਸਬਰਗ ਲੈਟਸ ਦੇ ਲਾਏ ਜਾਂਦੇ ਹਨ। ਇਸ ਦੀ ਫ਼ਸਲ ਕਰੀਬ ਦੋ ਮਹੀਨੇ ਵਿੱਚ ਤਿਆਰ ਹੁੰਦੀ ਹੈ ਤੇ ਇੱਕ ਵਾਰ ਵਿੱਚ 9 ਟਨ ਦਾ ਉਤਪਾਦਨ ਕੀਤਾ ਜਾਂਦਾ ਹੈ।"

ਬਿਨਵੰਤ ਸਿੰਘ ਮੁਤਾਬਕ ਇੱਕ ਏਕੜ ਵਿੱਚ ਕਰੀਬ ਇੱਕ ਲੱਖ 20 ਹਜ਼ਾਰ ਰੁਪਏ ਦੀ ਲਾਗਤ ਆਉਂਦੀ ਹੈ ਤੇ ਇੱਕ ਏਕੜ ਤੋਂ ਸਵਾ ਦੋ ਲੱਖ ਤੋਂ ਢਾਈ ਲੱਖ ਰੁਪਏ ਕੀਮਤ ਤੱਕ ਦੀ ਲੈਟਸ ਨਿਕਲ ਜਾਂਦੀ ਹੈ। ਬਿਨਵੰਤ ਵੱਡੀ ਕੰਪਨੀਆਂ ਤੋਂ ਇਲਾਵਾ ਦਿੱਲੀ, ਪੰਜਾਬ, ਮਹਾਰਾਸ਼ਟਰ ਤੇ ਹੋਰ ਸੂਬਿਆਂ ਦੇ ਛੋਟੇ-ਵੱਡੇ ਹੋਟਲਾਂ ਵੱਲੋਂ ਲੈਟਸ ਨੂੰ ਵੇਚਦੇ ਹਨ।

ਸਬਜ਼ੀਆਂ ਦੀ ਉਮਰ ਕਾਫੀ ਘੱਟ ਹੁੰਦੀ ਹੈ ਤੇ ਉਨ੍ਹਾਂ ਦੇ ਖ਼ਰਾਬ ਹੋਣ ਕਰਕੇ ਕਿਸਾਨਾਂ ਨੂੰ ਨੁਕਸਾਨ ਵੀ ਝੱਲਣਾ ਪੈਂਦਾ ਹੈ।

ਬਿਨਵੰਤ ਸਿੰਘ ਇਸ ਨੁਕਸਾਨ ਨੂੰ ਘੱਟ ਕਰਨ ਲਈ ਲੈਟਸ ਦੀ ਫਸਲ ਵੱਢਣ ਤੋਂ ਬਾਅਦ ਉਸ ਨੂੰ ਵੈਕਿਊਮ ਪ੍ਰੀਕੂਲਰ ਵਿੱਚ ਭੇਜਦੇ ਹਨ। ਉੱਥੇ 20 ਮਿੰਟਾਂ ਵਿੱਚ ਤਾਪਮਾਨ 4 ਡਿਗਰੀ ਤੱਕ ਪਹੁੰਚਾ ਦਿੱਤਾ ਜਾਂਦਾ ਹੈ। ਫਿਰ ਕੋਲਡ ਸਟੋਰ ਵਿੱਚ ਲਿਜਾਇਆ ਜਾਂਦਾ ਹੈ ਅਤੇ ਫਿਰ ਫ੍ਰੀਜ਼ਰ ਵਾਲੇ ਟਰੱਕ ਵਿੱਚ ਭੇਜਿਆ ਜਾਂਦਾ ਹੈ। ਬਿਨਵੰਤ ਸਿੰਘ ਮੁਤਾਬਕ ਇਸ ਪ੍ਰਕਿਰਿਆ ਦੀ ਪਾਲਣਾ ਦੇ ਨਾਲ ਉਨ੍ਹਾਂ ਦਾ ਨੁਕਸਾਨ ਕਾਫੀ ਘੱਟ ਹੋਇਆ ਹੈ।

**ਕਿਹੜੀਆਂ ਸਾਵਧਾਨੀਆਂ ਜ਼ਰੂਰੀ**

ਕੁਰੂਕਸ਼ੇਤਰ ਦੇ ਖੇਤੀਬਾੜੀ ਅਫ਼ਸਰ ਡਾ. ਸ਼ਿਵੇਂਦੂ ਪ੍ਰਤਾਪ ਸਿੰਘ ਸੋਲੰਕੀ ਮੁਤਾਬਕ ਲੈਟਸ ਇੱਕ ਉੱਚ ਕੀਮਤ ਵਾਲੀ ਫਸਲ ਹੈ, ਇਸ ਲਈ ਜੇ ਇਸ ਨੂੰ ਬਾਜ਼ਾਰ ਦੀ ਮੰਗ ਦੇ ਹਿਸਾਬ ਨਾਲ ਤਿਆਰ ਕੀਤਾ ਜਾਵੇ ਤਾਂ ਬਿਹਤਰ ਮੁਨਾਫ਼ਾ ਕਮਾਇਆ ਜਾ ਸਕਦਾ ਹੈ।

ਡਾ. ਸ਼ਿਵੇਂਦੂ ਕਹਿੰਦੇ ਹਨ, "ਹਰਿਆਣਾ ਵਿੱਚ ਬਹੁਤ ਘੱਟ ਕਿਸਾਨ ਹੀ ਅਜੇ ਲੈਟਸ ਦੀ ਖੇਤੀ ਕਰਦੇ ਹਨ। ਇਹ ਘੱਟ ਤਾਪਮਾਨ ਵਿੱਚ ਉਗਣ ਵਾਲੀ ਸਬਜ਼ੀ ਹੈ। ਸੂਬੇ ਵਿੱਚ ਇਸ ਦੀ ਖੇਤੀ ਸਤੰਬਰ-ਅਕਤੂਬਰ ਤੋਂ ਸ਼ੁਰੂ ਹੋ ਜਾਂਦੀ ਹੈ। ਲੈਟਸ ਦੀ ਆਈਸਬਰਗ ਕਿਸਮ ਦੀ ਮੰਗ ਜ਼ਿਆਦਾ ਹੈ।"

"ਲੈਟਸ ਦੀ ਖੇਤੀ ਵਿੱਚੋਂ 60-80 ਹਜ਼ਾਰ ਰੁਪਏ ਪ੍ਰਤੀ ਏਕੜ ਕਮਾਇਆ ਜਾ ਸਕਦਾ ਹੈ। ਜੇ ਕਾਨਟਰੈਕਟ ਫਾਰਮਿੰਗ ਰਾਹੀਂ ਕੰਪਨੀਆਂ ਜਾਂ ਬਾਜ਼ਾਰ ਦੀ ਮੰਗ ਦੇ ਹਿਸਾਬ ਨਾਲ ਖੇਤੀ ਕਰੀਏ ਤਾਂ ਇੱਕ ਲੱਖ ਰੁਪਏ ਪ੍ਰਤੀ ਏਕੜ ਤੱਕ ਕਮਾਇਆ ਜਾ ਸਕਦਾ ਹੈ।"

ਡਾ. ਸ਼ਿਵੇਂਦੂ ਮੁਤਾਬਕ ਜੇ ਡ੍ਰਿਪ ਇਰੀਗੇਸ਼ਨ ਜਾਂ ਸਪ੍ਰਿੰਕਲਰ ਵਰਗੀਆਂ ਪਾਣੀ ਬਚਾਉਣ ਵਾਲੇ ਤਰੀਕਿਆਂ ਰਾਹੀਂ ਸਿੰਜਾਈ ਕੀਤੀ ਜਾਵੇ ਤਾਂ ਹਰਿਆਣਾ ਸਰਕਾਰ ਵੱਲੋਂ 15000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਸਬਸਿਡੀ ਦਿੱਤੀ ਜਾਂਦੀ ਹੈ। ਹਰਿਆਣਾ ਸਰਕਾਰ ਵੱਲੋਂ ਲੈਟਸ ਦੀ ਖੇਤੀ ਦੀ ਟ੍ਰੇਨਿੰਗ ਘਰੌਂਦਾ ਦੇ ਸੈਂਟਰ ਆਫ ਐਕਸੀਲੈਂਸ ਵਿੱਚ ਦਿੱਤੀ ਜਾਂਦੀ ਹੈ। ਇਹ ਪੰਜ ਦਿਨਾਂ ਦਾ ਟ੍ਰੇਨਿੰਗ ਕੋਰਸ ਹੁੰਦਾ ਹੈ।

ਡਾ. ਸ਼ਿਵੇਂਦੂ ਕਹਿੰਦੇ ਹਨ, "ਲੈਟਸ ਇੱਕ ਪੱਤੇ ਵਾਲੀ ਸਬਜ਼ੀ ਹੈ ਇਸ ਲਈ ਇਸ ਨੂੰ ਸਾਂਭਣਾ ਬਹੁਤ ਜ਼ਰੂਰੀ ਹੈ। ਇਹ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਕਿ ਇਸ ਨੂੰ ਬਾਜ਼ਾਰ ਤੱਕ ਲਿਆਉਣ ਤੱਕ ਕੋਈ ਦਾਗ ਇਨ੍ਹਾਂ ਉੱਤੇ ਨਾ ਲੱਗੇ। ਬੰਨਿਆ ਹੋਇਆ ਲੈਟਸ ਖੁੱਲ੍ਹੇ ਲੈਟਸ ਤੋਂ ਜ਼ਿਆਦਾ ਕੀਮਤ ਉੱਤੇ ਵਿਕਦਾ ਹੈ ਇਸ ਲਈ ਇਸ ਨੂੰ ਬੰਨ੍ਹੇ ਹੋਏ ਰੂਪ ਵਿੱਚ ਹੀ ਵੇਚਿਆ ਜਾਵੇ।"

**ਫਾਰਮ ਵਿੱਚ 30 ਤੋਂ 40 ਲੋਕ ਕੰਮ ਕਰਦੇ ਹਨ**

ਬਿਨਵੰਤ ਸਿੰਘ ਦੱਸਦੇ ਹਨ ਕਿ ਉਨ੍ਹਾਂ ਕੋਲ 10 ਲੋਕ ਪੱਕੇ ਤੌਰ ਉੱਤੇ ਕੰਮ ਕਰਦੇ ਹਨ। ਇਸ ਤੋਂ ਇਲਾਵਾ 30 ਤੋਂ 40 ਲੋਕ ਦਿਹਾੜੀ ਉੱਤੇ ਕੰਮ ਕਰਦੇ ਹਨ ਜਿਨ੍ਹਾਂ ਵਿੱਚ ਕਈ ਔਰਤਾਂ ਵੀ ਹੁੰਦੀਆਂ ਹਨ।


ਬਿਨਵੰਤ ਸਿੰਘ ਦੇ ਫਾਰਮ ਉੱਤੇ ਕੰਮ ਕਰਨ ਵਾਲੀਆਂ ਸੀਮਾ ਤੇ ਉਰਮਿਲਾ ਦੱਸਦੀਆਂ ਕਿ ਉਹ ਉਨ੍ਹਾਂ ਦੇ ਪਿੰਡ ਦੀਆਂ ਵਸਨੀਕ ਹੀ ਹਨ ਤੇ ਘਰ ਦੇ ਲਾਗੇ ਹੀ ਉਨ੍ਹਾਂ ਨੂੰ ਕੰਮ ਮਿਲਿਆ ਹੈ, ਇਸੇ ਗੱਲ ਦਾ ਉਨ੍ਹਾਂ ਨੂੰ ਸਕੂਨ ਹੈ। ਬਿਨਵੰਤ ਸਿੰਘ ਮੁਤਾਬਕ ਜਦੋਂ ਸੀਜ਼ਨ ਜ਼ੋਰਾਂ ਉੱਤੇ ਹੁੰਦਾ ਹੈ ਤਾਂ ਉਨ੍ਹਾਂ ਦੇ ਫਾਰਮ ਉੱਤੇ 50 ਤੋਂ 60 ਮਜ਼ਦੂਰ ਕੰਮ ਕਰਦੇ ਹਨ।

# ਬੱਚੇ ਕਿਉਂ ਨਹੀਂ ਪੈਦਾ ਕਰਨਾ ਚਾਹੁੰਦੇ ਚੀਨੀ ਲੋਕ

ਚੀਨ ਵਿੱਚ ਆਬਾਦੀ ਤੇਜ਼ੀ ਨਾਲ ਘੱਟ ਰਹੀ ਹੈ, ਲਗਾਤਾਰ ਚੌਥੇ ਸਾਲ ਅਜਿਹਾ ਹੋਇਆ ਹੈ। 2016 ਵਿੱਚ 'ਵਨ ਚਾਈਲਡ' ਨੀਤੀ ਖ਼ਤਮ ਕੀਤੀ ਗਈ ਸੀ, ਫਿਰ ਵੀ ਆਬਾਦੀ 'ਚ ਵਾਧਾ ਨਹੀਂ ਹੋਇਆ। ਸਰਕਾਰ ਜਨਮ ਦਰ ਵਧਾਉਣ ਲਈ ਕਈ ਕੋਸ਼ਿਸ਼ਾਂ ਕਰ ਰਹੀ ਹੈ, ਪਰ ਉਹ ਸਾਰੀਆਂ ਕੋਸ਼ਿਸ਼ਾਂ ਬੇਕਾਰ ਹੋ ਰਹੀਆਂ ਹਨ। ਸਰਕਾਰ ਜਨਮ ਦਰ ਨੂੰ ਵਧਾਉਣ ਲਈ ਕਈ ਤਰ੍ਹਾਂ ਦੀਆਂ ਸਹਾਇਤਾ ਅਤੇ ਸਹੂਲਤਾਂ ਪ੍ਰਦਾਨ ਕਰ ਰਹੀ ਹੈ। ਹਾਲਾਂਕਿ, ਇਹ ਲਗਾਤਾਰ ਚੌਥਾ ਸਾਲ ਹੈ ਜਿਸ ਵਿੱਚ ਜਨਮ ਦਰ ਵਿੱਚ ਗਿਰਾਵਟ ਆਈ ਹੈ। ਸੋਮਵਾਰ ਨੂੰ ਸਰਕਾਰੀ ਅੰਕੜੇ ਜਾਰੀ ਹੋਏ, ਜਿਸ ਵਿੱਚ ਸਾਹਮਣੇ ਆਇਆ ਕਿ ਹੁਣ ਜਨਮ ਦਰ ਪ੍ਰਤੀ 1,000 ਲੋਕਾਂ ਤੇ ਸਿਰਫ਼ 5.63 ਰਹਿ ਗਈ ਹੈ।

ਇਹ 1949 ਵਿੱਚ ਕਮਿਊਨਿਸਟ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਦੇਖੀ ਗਈ ਸਭ ਤੋਂ ਘੱਟ ਜਨਮ ਦਰ ਹੈ। ਦੂਜੇ ਪਾਸੇ, ਚੀਨ ਵਿੱਚ ਮੌਤ ਦਰ ਵੱਧ ਕੇ ਪ੍ਰਤੀ 1,000 ਲੋਕਾਂ ਵਿੱਚ 8.04 ਹੋ ਗਈ ਹੈ, ਜੋ ਕਿ 1968 ਤੋਂ ਬਾਅਦ ਸਭ ਤੋਂ ਵੱਧ ਹੈ। ਸਾਲ 2025 ਦੇ ਅੰਤ ਤੱਕ ਚੀਨ ਦੀ ਆਬਾਦੀ 3.39 ਮਿਲੀਅਨ ਘੱਟ ਹੋਈ ਅਤੇ 140 ਕਰੋੜ ਰਹਿ ਗਈ। ਇਹ ਗਿਰਾਵਟ ਪਿਛਲੇ ਸਾਲ ਨਾਲੋਂ ਵੱਧ ਹੈ।

ਬਜ਼ੁਰਗਾਂ ਦੀ ਵੱਧਦੀ ਗਿਣਤੀ ਅਤੇ ਘੱਟ ਹੋ ਰਹੀ



ਆਰਥਿਕਤਾ ਦੇ ਕਾਰਨ, ਚੀਨੀ ਸਰਕਾਰ ਨੌਜਵਾਨਾਂ ਨੂੰ ਵਿਆਹ ਕਰਨ ਅਤੇ ਬੱਚੇ ਪੈਦਾ ਕਰਨ ਲਈ ਉਤਸ਼ਾਹਿਤ ਕਰ ਰਹੀ ਹੈ।

### ਸਰਕਾਰ ਬੱਚੇ ਪੈਦਾ ਕਰਨ ਬਦਲੇ ਦੇ ਰਹੀ ਪੈਸੇ

ਸਾਲ 2016 ਵਿੱਚ ਚੀਨ ਦੀ ਸਰਕਾਰ ਨੇ 'ਵਨ ਚਾਈਲਡ' ਨੀਤੀ ਖ਼ਤਮ ਕਰ ਦਿੱਤੀ ਸੀ ਅਤੇ ਦੋ ਬੱਚੇ ਪੈਦਾ ਕਰਨ ਦੀ ਇਜਾਜ਼ਤ ਦਿੱਤੀ ਸੀ। ਇਹ ਫ਼ੈਸਲਾ ਜਨਮ ਦਰ ਵਧਾਉਣ ਲਈ ਲਿਆ ਗਿਆ ਸੀ, ਪਰ ਜਦੋਂ ਇਹ ਨਿਰੰਤਰ ਵਾਧਾ ਕਰਨ ਵਿੱਚ ਅਸਫ਼ਲ ਰਿਹਾ, ਤਾਂ 2021 ਵਿੱਚ, ਤਿੰਨ ਬੱਚੇ ਪੈਦਾ ਕਰਨ ਦੀ ਆਗਿਆ ਵਧਾ ਦਿੱਤੀ ਗਈ।

ਹਾਲ ਹੀ ਵਿੱਚ, ਸਰਕਾਰ ਨੇ ਤਿੰਨ ਸਾਲ ਤੋਂ ਘੱਟ ਉਮਰ ਦੇ ਹਰੇਕ ਬੱਚੇ ਦੇ ਮਾਪਿਆਂ ਨੂੰ 3,600 ਯੂਆਨ (ਭਾਰਤੀ ਮੁਦਰਾ ਵਿੱਚ ਲਗਭਗ 47,000 ਰੁਪਏ) ਦੀ ਸਬਸਿਡੀ ਦਾ ਐਲਾਨ ਕੀਤਾ ਹੈ। ਕੁਝ ਸੂਬੇ ਵਾਧੂ ਫੰਡ ਅਤੇ ਵਧੀ ਹੋਈ ਜਣੇਪਾ ਛੁੱਟੀ (ਮੈਟਰਨਿਟੀ ਲੀਵ) ਵੀ ਦੇ ਰਹੇ ਹਨ।

ਜਨਮ ਦਰ ਵਧਾਉਣ ਲਈ ਚੀਨੀ ਸਰਕਾਰ ਦੇ ਕੁਝ ਫ਼ੈਸਲਿਆਂ 'ਤੇ ਵਿਵਾਦ ਵੀ ਹੋਇਆ। ਉਦਾਹਰਣ ਵਜੋਂ, ਕੰਡੋਮ, ਗਰਭ ਨਿਰੋਧਕ ਗੋਲੀਆਂ ਅਤੇ ਹੋਰ ਉਤਪਾਦਾਂ 'ਤੇ 13% ਨਵੇਂ ਟੈਕਸ ਨੇ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ ਕਿ ਇਸ ਨਾਲ ਅਣਚਾਹੇ ਗਰਭ ਅਵਸਥਾਵਾਂ ਅਤੇ ਐੱਚਆਈਵੀ ਵਿੱਚ ਵਾਧਾ ਹੋ ਸਕਦਾ ਹੈ। ਦੁਨੀਆਂ ਵਿੱਚ ਸਭ ਤੋਂ ਘੱਟ ਜਨਮ ਦਰ ਚੀਨ ਵਿੱਚ ਹੀ ਹੈ ਜਦੋਂ ਕਿ ਦੱਖਣੀ ਕੋਰੀਆ, ਸਿੰਗਾਪੁਰ ਅਤੇ ਤਾਈਵਾਨ ਵਿੱਚ ਵੀ ਬਹੁਤ ਘੱਟ ਬੱਚੇ ਪੈਦਾ ਹੋ ਰਹੇ ਹਨ।

### ਚੀਨ ਦੇ ਲੋਕ ਬੱਚੇ ਕਿਉਂ ਨਹੀਂ ਪੈਦਾ ਕਰਨਾ ਚਾਹੁੰਦੇ?

ਬੀਜਿੰਗ ਦੇ ਯੂਥ ਪਾਪੂਲੇਸ਼ਨ ਰਿਸਰਚ ਇੰਸਟੀਚਿਊਟ ਦੀ 2024 ਦੀ ਇੱਕ ਰਿਪੋਰਟ ਦੱਸਦੀ ਹੈ ਕਿ ਚੀਨ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਿਲ ਹੈ ਜਿੱਥੇ ਬੱਚਿਆਂ ਦੀ ਪਰਵਰਿਸ਼ ਸਭ ਤੋਂ ਮਹਿੰਗੀ ਹੈ। ਪਰ ਬੱਚੇ ਨਾ ਪੈਦਾ ਕਰਨ ਦਾ ਕਾਰਨ ਕੇਵਲ ਮਹਿੰਗਾਈ ਜਾਂ ਪੈਸੇ ਦੀ ਘਾਟ ਨਹੀਂ ਹੈ। ਚੀਨ ਦੇ ਕੁੱਝ ਲੋਕਾਂ ਨੇ ਬੀਬੀਸੀ ਨੂੰ ਦੱਸਿਆ ਕਿ ਪੈਸੇ ਤੋਂ ਇਲਾਵਾ ਹੋਰ ਵੀ ਕਾਰਨ ਹਨ, ਜਿਵੇਂ ਕਿ ਬਿਨਾਂ ਚਿੰਤਾਵਾਂ ਜਾਂ ਜ਼ਿੰਮੇਵਾਰੀਆਂ ਤੋਂ ਆਜ਼ਾਦੀ ਦੀ ਜ਼ਿੰਦਗੀ ਜੀਉਣਾ

ਬੀਜਿੰਗ ਦੇ ਇੱਕ ਨਿਵਾਸੀ ਨੇ 2021 ਵਿੱਚ ਦੱਸਿਆ', 'ਮੇਰੇ ਬਹੁਤ ਘੱਟ ਦੋਸਤਾਂ ਦੇ ਬੱਚੇ ਹਨ। "ਜਿਨ੍ਹਾਂ ਕੋਲ ਬੱਚੇ ਹਨ ਉਹ ਸਭ ਤੋਂ ਵਧੀਆ ਦਾਈ ਲੱਭਣ ਜਾਂ ਉਨ੍ਹਾਂ ਨੂੰ ਸਭ ਤੋਂ ਵਧੀਆ ਸਕੂਲ ਵਿੱਚ ਪਾਉਣ ਬਾਰੇ ਚਿੰਤਤ ਹਨ। ਇਸ ਬਾਰੇ ਸੁਣ ਕੇ ਹੀ ਥਕਾਵਟ ਹੁੰਦੀ ਹੈ।"

ਸੰਯੁਕਤ ਰਾਜ ਦੇ ਮਾਹਰਾਂ ਦਾ ਮੰਨਣਾ ਹੈ ਕਿ ਚੀਨ ਦੀ ਆਬਾਦੀ ਲਗਾਤਾਰ ਘੱਟਦੀ ਰਹੇਗੀ। ਉਨ੍ਹਾਂ ਦਾ ਅੰਦਾਜ਼ਾ ਹੈ ਕਿ ਸਾਲ 2100 ਤੱਕ, ਦੇਸ਼ ਦੀ ਆਬਾਦੀ ਅੱਧੇ ਤੋਂ ਘੱਟ ਰਹਿ ਜਾਵੇਗੀ। ਇਹ ਆਬਾਦੀ ਗਿਰਾਵਟ ਨਾਲ ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਕੰਮ ਕਰਨ ਵਾਲੀ ਆਬਾਦੀ ਘੱਟ ਰਹੀ ਹੈ ਅਤੇ ਖਪਤਕਾਰਾਂ ਦੀ ਭਾਵਨਾ ਕਮਜ਼ੋਰ ਹੋ ਰਹੀ ਹੈ।

ਬਹੁਤ ਸਾਰੇ ਨੌਜਵਾਨ ਆਪਣੇ ਮਾਪਿਆਂ ਤੋਂ ਦੂਰ ਰਹਿੰਦੇ ਹਨ, ਜਿਸ ਕਾਰਨ ਬਜ਼ੁਰਗ ਇਕੱਲੇ ਰਹਿ ਜਾਂਦੇ ਹਨ ਜਾਂ ਸਰਕਾਰ ਦੇ ਪੈਸੇ 'ਤੇ ਨਿਰਭਰ ਹੋ ਜਾਂਦੇ ਹਨ। ਪਰ ਸਰਕਾਰੀ ਸੰਸਥਾ, ਚਾਈਨੀਜ਼ ਅਕੈਡਮੀ ਆਫ਼ ਸੋਸ਼ਲ ਸਾਇੰਸਿਜ਼ ਦੇ ਅਨੁਸਾਰ, ਬਜ਼ੁਰਗਾਂ ਲਈ ਪੈਨਸ਼ਨ ਫੰਡ ਖਤਮ ਹੋਣ ਕਿਨਾਰੇ ਹਨ।

# ਅਮਰੀਕਾ ਵਿਚ ਬੋਧੀਆਂ ਦੀ ਪੈਦਲ ਯਾਤਰਾ

ਪਰਮਿੰਦਰ ਸੋਢੀ

ਅਜਕੱਲ੍ਹ ਅਮਰੀਕਾ ਵਿੱਚ ਉੱਨੀ ਬੋਧੀ ਭਿੱਖੂਆਂ ਦੀ ਪਦ-ਯਾਤਰਾ ਚਰਚਾ ਵਿੱਚ ਹੈ। ਉੱਨੀ ਬੋਧੀ ਭਿੱਖੂਆਂ ਦਾ ਇਹ ਸਮੂਹ ਇਸ ਸਮੇਂ 'ਵਾਕ ਫਾਰ ਪੀਸ' ਭਾਵ ਅਮਨ ਸ਼ਾਂਤੀ ਦੀ ਦੁਆ ਅਤੇ ਪਾਸਾਰ ਲਈ ਪੈਦਲ ਯਾਤਰਾ ਕਰ ਰਿਹਾ ਹੈ।

ਬੋਧੀ ਭਿੱਖੂਆਂ ਦੀ ਇਹ ਯਾਤਰਾ ਛੱਬੀ ਅਕਤੂਬਰ 2025 ਨੂੰ ਅਮਰੀਕਾ ਦੇ ਸੂਬੇ ਟੈਕਸਸ ਦੇ ਇੱਕ ਕਸਬੇ ਫੋਰਟ ਵਰਥ ਤੋਂ ਸ਼ੁਰੂ ਹੋਈ ਸੀ। ਇਹ ਤੇਈ ਸੌ ਮੀਲ ਜਾਂ ਅਠੱਤੀ ਸੌ ਕਿਲੋਮੀਟਰ ਦੀ ਸ਼ਾਂਤੀ ਯਾਤਰਾ ਹੈ, ਜਿਸ ਦਾ ਉਦੇਸ਼ 13 ਫਰਵਰੀ 2026 ਨੂੰ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਪਹੁੰਚਣਾ ਹੈ। ਅਮਰੀਕਾ ਦੇ ਦਸ ਰਾਜਾਂ ਟੈਕਸਸ, ਲੂਈਜ਼ਿਆਨਾ, ਮਿਸੀਸਿੱਪੀ, ਅਲਬਾਮਾ, ਜਾਰਜੀਆ, ਕੈਰੋਲੀਨਾ, ਵਰਜੀਨੀਆ ਆਦਿ ਵਿੱਚੋਂ ਲੰਘਣ ਵਾਲਾ ਬੋਧੀ ਭਿੱਖੂਆਂ ਦਾ ਇਹ ਸਮੂਹ ਇਸ ਸਮੇਂ ਵਰਜੀਨੀਆ ਵਿੱਚੋਂ ਲੰਘ ਰਿਹਾ ਹੈ। ਇਸ ਪਦ ਯਾਤਰਾ ਦਾ ਉਦੇਸ਼ ਸਮੁੱਚੀ ਮਨੁੱਖਤਾ ਅੰਦਰ ਅਮਨ ਸ਼ਾਂਤੀ, ਏਕਤਾ, ਪਿਆਰ ਭਰੀ ਰਹਿਮਦਿਲੀ ਲਈ ਜਾਗਰੂਕਤਾ ਪੈਦਾ ਕਰਨਾ ਹੈ। ਇਹ ਯਾਤਰਾ ਕੋਈ ਵਿਰੋਧ ਪ੍ਰਦਰਸ਼ਨ ਨਹੀਂ ਹੈ। ਪਰ ਆਮ ਲੋਕਾਂ ਵੱਲੋਂ ਮਿਲ ਰਹੇ ਨਿੱਘੇ ਸਵਾਗਤ ਨੂੰ ਦੇਖ ਕੇ ਇਹ ਲੱਗਦਾ ਹੈ ਜਿਵੇਂ ਲੋਕਾਂ ਨੂੰ ਇਸ ਅੰਦਰ ਯੁੱਧਾਂ ਦਾ ਦੁਖਾਂਤ ਅਤੇ ਅਮਨ ਸ਼ਾਂਤੀ ਦਾ ਸਾਫ਼ ਰਾਹ ਨਜ਼ਰ ਆ ਰਿਹਾ ਹੋਵੇ।

ਇਸ ਯਾਤਰਾ ਦੌਰਾਨ ਭਿੱਖੂ ਆਪਣੇ ਮੱਠਵਾਦੀ ਅਨੁਸ਼ਾਸਨ ਨੂੰ ਬਰਕਰਾਰ ਰੱਖਣ ਦਾ ਯਤਨ ਕਰ ਰਹੇ ਹਨ। ਇਹ ਭਿੱਖੂ ਸਖ਼ਤ ਤਪੱਸਿਆ ਸਾਧਨਾਵਾਂ ਦੀ ਪਾਲਣਾ ਕਰਦੇ ਹਨ, ਜਿਸ ਅੰਦਰ ਦਿਨ ਵਿੱਚ ਸਿਰਫ਼ ਇੱਕ ਵਾਰ ਰੋਟੀ ਖਾਣਾ ਅਤੇ ਬਾਹਰ ਖੁੱਲ੍ਹੇ ਵਿੱਚ ਤੰਬੂਆਂ ਵਿੱਚ ਜਾਂ ਦਰੱਖ਼ਤਾਂ ਦੇ ਹੇਠਾਂ ਸੌਣਾ ਸ਼ਾਮਲ ਹੈ।

ਇਸ ਸਮੂਹ ਦੀ ਅਗਵਾਈ ਇੱਕ ਵੀਅਤਨਾਮੀ ਭਿੱਖੂ ਪੰਨਾਕਾਰ ਕਰ ਰਿਹਾ ਹੈ। ਬਾਕੀ ਭਿੱਖੂ ਥਾਈਲੈਂਡ, ਲਾਓਸ, ਫਰਾਂਸ ਅਤੇ ਕੰਬੋਡੀਆ ਤੋਂ ਹਨ। ਉਨ੍ਹਾਂ ਨਾਲ ਕਲਕੱਤਾ ਦਾ 'ਅਲੋਕਾ' ਨਾਮ ਦਾ ਇੱਕ ਕੁੱਤਾ ਵੀ ਹੈ।



ਇਸ ਬੋਧੀ ਭਿੱਖੂ ਸੰਗ ਦਾ ਸੁਨੇਹਾ ਹੈ, "ਅਸੀਂ ਇਕੱਲੇ ਨਹੀਂ ਤੁਰ ਰਹੇ। ਅਸੀਂ ਹਰ ਉਸ ਮਨੁੱਖ ਦੇ ਨਾਲ ਚੱਲ ਰਹੇ ਹਾਂ ਜਿਸ ਦਾ ਦਿਲ ਅਮਨ ਸ਼ਾਂਤੀ ਲਈ ਤਾਂਘਦਾ ਹੈ, ਜਿਸ ਦੀ ਆਤਮਾ ਨੇ ਰਹਿਮਦਿਲੀ ਜਾਂ ਕਰੁਣਾ ਨੂੰ ਚੁਣ ਲਿਆ ਹੈ ਅਤੇ ਜਿਸ ਦਾ ਰੋਜ਼ਾਨਾ ਜੀਵਨ ਇੱਕ ਅਜਿਹੀ ਬਗੀਚੀ ਵਰਗਾ ਬਣ ਗਿਆ ਹੈ ਜਿੱਥੇ ਆਪਸੀ ਸੂਝ-ਬੂਝ ਦੇ ਵਧਣ ਫੁੱਲਣ ਲਈ ਥਾਂ ਬਾਕੀ ਬਚੀ ਹੋਈ ਹੈ।" ਉਨ੍ਹਾਂ ਨੇ ਇਹ ਯਾਤਰਾ ਮਨੁੱਖਤਾ ਨੂੰ ਇੱਕ ਸਿੱਧਾ ਸਾਦਾ ਸੁਨੇਹਾ ਦੇਣ ਲਈ ਸ਼ੁਰੂ ਕੀਤੀ ਹੈ ਕਿ ਸੰਸਾਰ ਨੂੰ ਅਮਨ ਸ਼ਾਂਤੀ ਦੇ ਰਾਹ 'ਤੇ ਚੱਲਣਾ ਚਾਹੀਦਾ ਹੈ, ਸਾਨੂੰ ਸਭ ਨੂੰ ਇੱਕ ਦੂਜੇ ਨਾਲ ਸਾਊ ਵਿਹਾਰ ਕਰਨਾ ਚਾਹੀਦਾ ਹੈ।

ਅਮਰੀਕਾ ਦੇ ਆਮ ਲੋਕਾਂ ਨੇ ਜਿਸ ਤਰੀਕੇ ਨਾਲ਼ ਹਰ ਪਿੰਡ ਸ਼ਹਿਰ ਦੀ ਸੜਕ 'ਤੇ ਆ ਕੇ ਇਨ੍ਹਾਂ ਦਾ ਸੁਆਗਤ ਕੀਤਾ ਹੈ, ਉਹ ਸਭ ਲਈ ਹੈਰਾਨ ਕਰਨ ਵਾਲ਼ੀ ਗੱਲ ਸੀ। ਕੇਸਰੀ ਰੰਗ ਦੇ ਚੋਲ਼ੇ ਪਹਿਨੀ ਭਿੱਖੂ ਜਿੱਥੋਂ ਵੀ ਲੰਘਦੇ ਹਨ ਉੱਥੇ ਹੀ ਆਮ ਲੋਕ ਇਨ੍ਹਾਂ ਦਾ ਨਿੱਘਾ ਸੁਆਗਤ ਕਰਦੇ ਹਨ। ਅੱਜ ਜਦੋਂ ਕਿ ਬਹੁਤੇ ਦੇਸ਼ਾਂ ਵਿੱਚ ਰਾਜਨੀਤਕ ਮਾਹੌਲ ਬੇਯਕੀਨੀ ਵਾਲ਼ਾ ਅਤੇ ਯੁੱਧਾਂ ਵੱਲ ਸੰਕੇਤ ਵਾਲਾ ਬਣ ਰਿਹਾ ਹੈ, ਉਦੋਂ ਇਹ ਅਮਨ ਸ਼ਾਂਤੀ ਦਾ ਸੁਨੇਹਾ ਸੁਣਨਾ ਚੰਗਾ ਲੱਗਦਾ ਹੈ। ਸਾਡਾ ਇਹ ਯਕੀਨ ਹੋਰ ਵੀ ਪੱਕਾ ਹੁੰਦਾ ਹੈ ਕਿ ਦੁਨੀਆ ਭਰ ਦੇ ਆਮ ਲੋਕ, ਸੱਤਾ ਵਿੱਚ ਬੈਠੇ ਕੁਝ ਯੁੱਧ-ਪਸੰਦ ਬੰਦਿਆਂ ਤੋਂ ਵੱਖਰੀ ਤਰ੍ਹਾਂ ਦੀ ਸੋਚ ਰੱਖਦੇ ਹਨ। ਉਹ ਅਮਨ ਅਤੇ ਸ਼ਾਂਤੀ ਦੀ ਮਹੱਤਤਾ ਨੂੰ ਸਮਝਦੇ ਹਨ।

ਬੁੱਧ ਧਰਮ ਵਿੱਚ ਭਿੱਖੂਆਂ ਦੇ ਪੈਦਲ ਯਾਤਰਾ ਕਰਨ ਦੀ ਲੰਮੀ ਪਰੰਪਰਾ ਹੈ। ਇਹ ਪਦ ਯਾਤਰਾ ਚੇਤੰਨ ਹੋ ਕੇ ਸ਼ਾਂਤ ਮਨ ਨਾਲ਼ ਵਿਚਰਨ ਦਾ ਅਭਿਆਸ ਹੁੰਦਾ ਹੈ। ਇਹ ਮਨੁੱਖੀ ਜੀਵਨ ਵਿੱਚ ਸ਼ਾਂਤੀ ਅਤੇ ਰਹਿਮਦਿਲੀ ਦੀ ਮਹੱਤਤਾ 'ਤੇ ਕੇਂਦਰਿਤ ਹੁੰਦੀ ਹੈ। ਮਹਾਤਮਾ ਬੁੱਧ ਨੇ ਸ਼ਾਂਤੀ ਅਤੇ ਗਿਆਨ ਦੇ ਰਾਹ ਤੁਰਨ ਵਾਲੇ ਉਤਸਕ ਬੰਦਿਆਂ ਨੂੰ ਭਿੱਖੂ ਕਿਹਾ ਹੈ। ਭਿੱਖੂ ਜੋ ਆਪਣੇ ਸਾਰੇ ਰਿਸ਼ਤੇ ਅਤੇ ਸੁਖ ਸਾਧਨ ਤਿਆਗ ਕੇ ਅਤੇ ਨਿਹੱਥੇ ਹੋ ਕੇ ਗਿਆਨ ਦੇ ਰਾਹ ਤੁਰਨ ਲਈ ਤਿਆਰ ਹੁੰਦੇ ਨੇ। ਜੋ ਨਿੱਤ ਦੀ ਰੋਟੀ ਨੂੰ ਵੀ ਹੋਰਾਂ ਦੀ ਰਹਿਮਦਿਲੀ ਉੱਪਰ ਛੱਡਣ ਲਈ ਤਿਆਰ ਹੁੰਦੇ ਨੇ। ਬੁੱਧ ਦੀ ਪਹਿਲੀ ਭਿੱਖਣੀ ਉਸ ਦੀ ਮਤਰੇਈ ਮਾਂ ਗੌਤਮੀ ਸੀ। ਪੂਰਬੀ ਏਸ਼ੀਆ ਦੇ ਦੇਸ਼ਾਂ ਵਿੱਚ ਬੁੱਧ ਮਤ ਫੈਲਣ ਦਾ ਜ਼ਰੀਆ ਇਹੀ ਭਿੱਖੂ ਬਣੇ ਸਨ।

ਭਾਰਤੀ ਪਰੰਪਰਾਵਾਂ ਵਿੱਚ ਪੈਦਲ ਤੁਰਨ ਵਾਲੇ ਭਿੱਖੂ ਜਾਂ ਸਾਧੂ ਲੰਮੇ ਸਮੇਂ ਤੋਂ ਤਿਆਗ, ਭਗਤੀ ਅਤੇ ਅਨੁਸ਼ਾਸਨ ਨੂੰ ਮੂਰਤੀਮਾਨ ਕਰਦੇ ਰਹੇ ਹਨ। ਉਨ੍ਹਾਂ ਨੂੰ ਪਰਿਵ੍ਰਜਕ ਭਾਵ ਭਟਕਦੇ ਤਪੱਸਵੀ ਕਿਹਾ ਜਾਂਦਾ ਸੀ। ਉਹ ਬਿਨਾਂ ਕਿਸੇ ਪੈਸੇ ਧੇਲੇ ਦੇ ਪੈਦਲ ਯਾਤਰਾ ਕਰਦੇ ਹਨ। ਉਹ ਸ਼ਾਂਤੀ ਅਤੇ ਗਿਆਨ ਦਾ ਪਸਾਰ ਕਰਦੇ ਸਨ।

ਹਿੰਦੂ ਧਰਮ ਵਿੱਚ ਸਾਧੂ ਵਾਰਾਣਸੀ, ਰਾਮੇਸ਼ਵਰਮ ਅਤੇ ਕੈਲਾਸ਼ ਵਰਗੇ ਪਵਿੱਤਰ ਸਥਾਨਾਂ ਦੀ ਪਦਯਾਤਰਾ ਕਰਦੇ ਹਨ, ਜੋ ਭੌਤਿਕ ਜੀਵਨ ਤੋਂ ਨਿਰਲੇਪਤਾ ਅਤੇ ਮੋਕਸ਼ ਵੱਲ ਯਾਤਰਾ ਦਾ ਪ੍ਰਤੀਕ ਹਨ। ਇਸੇ ਤਰ੍ਹਾਂ ਬੁੱਧ ਧਰਮ ਵਿੱਚ ਭਿੱਖੂ ਧੰਮਯਾਤਰਾ ਦਾ ਅਭਿਆਸ ਕਰਦੇ ਹਨ। ਉਹ ਰਹਿਮਦਿਲੀ ਅਤੇ ਜਾਗਰੂਕਤਾ ਦਾ ਸੁਨੇਹਾ ਦਿੰਦੇ ਹਨ। ਇਹ ਯਾਤਰਾਵਾਂ ਭਾਵੇਂ ਪਿੰਡਾਂ ਵਿੱਚ ਹੋਣ ਜਾਂ ਦੇਸ਼ਾਂ ਪ੍ਰਦੇਸ਼ਾਂ ਵਿੱਚ – ਇਹ ਮਨੁੱਖਤਾ ਨੂੰ ਸਦਭਾਵਨਾ ਨਾਲ ਰਹਿਣ ਦਾ ਸੱਦਾ ਦਿੰਦੀਆਂ ਹਨ।

ਇਹ ਮੰਨਿਆ ਜਾਂਦਾ ਹੈ ਕਿ ਆਪਣੇ ਜੀਵਨ ਕਾਲ ਦੌਰਾਨ ਗੌਤਮ ਬੁੱਧ ਨੇ ਉੱਤਰੀ ਭਾਰਤ ਅਤੇ ਨੇਪਾਲ ਵਿੱਚ ਹਜ਼ਾਰਾਂ ਮੀਲ ਪੈਦਲ ਯਾਤਰਾ ਕੀਤੀ। ਗਿਆਨ ਪ੍ਰਾਪਤੀ ਤੋਂ ਬਾਅਦ ਬੁੱਧ ਪੰਜਤਾਲੀ ਸਾਲ ਤੱਕ ਲਗਾਤਾਰ ਪੈਦਲ ਯਾਤਰਾ ਕਰਦੇ ਰਹੇ। ਗੰਗਾ ਦੇ ਤੱਟਾਂ ਤੋਂ ਲੈ ਕੇ ਹਿਮਾਲਿਆ ਦੀਆਂ ਵਾਦੀਆਂ ਤੱਕ ਲੋਕਾਈ ਨੂੰ ਮੁਕਤੀ ਦਾ ਰਾਹ ਸਿਖਾਉਂਦੇ ਰਹੇ। ਉਨ੍ਹਾਂ ਦੀਆਂ ਯਾਤਰਾਵਾਂ ਨੂੰ 'ਧੰਮਯਾਤਰਾ' ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਮਕਸਦ ਗਿਆਨ, ਦਇਆ ਅਤੇ ਅਹਿੰਸਾ ਨੂੰ ਫੈਲਾਉਣਾ ਸੀ। ਬੁੱਧ ਨੇ ਰਾਜਗੀਰ, ਸਾਰਨਾਥ, ਵੈਸ਼ਾਲੀ, ਸਾਵਤੀ ਅਤੇ ਕੁਸ਼ੀਨਗਰ ਵਰਗੇ ਇਲਾਕਿਆਂ ਦੀ ਯਾਤਰਾ ਕੀਤੀ। ਰਾਹ ਵਿੱਚ ਉਹ ਅਕਸਰ ਭਿੱਖੂਆਂ ਅਤੇ ਆਮ ਲੋਕਾਂ ਨਾਲ ਜੀਵਨ ਦੇ ਦੁੱਖਾਂ, ਮਨੁੱਖੀ ਚੇਤਨਾ ਅਤੇ ਸ਼ਾਂਤੀ ਬਾਰੇ ਚਰਚਾ ਕਰਨ ਲਈ ਰੁਕਦੇ ਸਨ।

ਬੁੱਧ ਦੀ ਯਾਤਰਾ ਸਿਰਫ਼ ਸਰੀਰਕ ਯਾਤਰਾ ਨਹੀਂ ਸੀ। ਇਹ ਤਾਂ ਇੱਕ ਵੱਡਾ ਮਿਸ਼ਨ ਸੀ ਕਿ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਜਾਤ-ਪਾਤ, ਧਨ ਦੌਲਤ ਜਾਂ ਲਿੰਗ-ਪੁਲਿੰਗ ਦੀ ਪਰਵਾਹ ਕੀਤੇ ਬਿਨਾਂ, ਸਾਰਿਆਂ ਲਈ ਪਹੁੰਚਯੋਗ ਬਣਾਇਆ ਜਾ ਸਕੇ।

ਇਸੇ ਤਰ੍ਹਾਂ, ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਵਜੋਂ ਜਾਣੀਆਂ ਜਾਂਦੀਆਂ ਚਾਰ ਮਹਾਨ ਯਾਤਰਾਵਾਂ ਕੀਤੀਆਂ। ਉਨ੍ਹਾਂ ਨੇ ਦੋ ਦਹਾਕਿਆਂ ਵਿੱਚ ਅੰਦਾਜ਼ਨ ਤੀਹ ਹਜ਼ਾਰ ਕਿਲੋਮੀਟਰ ਦੀ ਪੈਦਲ ਯਾਤਰਾ ਕੀਤੀ। ਪੈਦਲ ਯਾਤਰਾ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਭਾਰਤ, ਤਿੱਬਤ, ਅਰਬ, ਪਰਸ਼ੀਆ, ਸ੍ਰੀਲੰਕਾ ਅਤੇ ਇਸ ਤੋਂ ਪਰ੍ਹੇ ਦੀ ਪਦ ਯਾਤਰਾ ਕੀਤੀ। ਮਨੁੱਖਤਾ ਨਾਲ ਏਕਤਾ, ਬਰਾਬਰੀ ਅਤੇ ਰੱਬੀ ਪਿਆਰ ਦਾ ਸੰਦੇਸ਼ ਸਾਂਝਾ ਕੀਤਾ। ਉਨ੍ਹਾਂ ਦਾ ਉਦੇਸ਼ ਧਾਰਮਿਕ ਅਤੇ ਸਮਾਜਿਕ ਵੰਡੀਆਂ, ਚੁਣੌਤੀਪੂਰਨ ਰਸਮਾਂ, ਜਾਤੀ ਭੇਦ-ਭਾਵ ਅਤੇ ਹਠਧਰਮ ਤੋਂ ਪਰ੍ਹੇ ਮਨੁੱਖਤਾ ਨੂੰ ਜੋੜਨਾ ਸੀ। ਬੁੱਧ ਵਾਂਗ ਗੁਰੂ ਨਾਨਕ ਦੇਵ ਜੀ ਵੀ ਲੋਕਾਈ ਦੇ ਦਿਲਾਂ ਨੂੰ ਜਗਾਉਣ ਲਈ ਪੈਦਲ ਤੁਰੇ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਰੱਬ ਸਾਰਿਆਂ ਵਿੱਚ ਵਸਦਾ ਹੈ। ਸੇਵਾ, ਨਿਮਰਤਾ ਅਤੇ ਸੱਚ ਪੂਜਾ ਦੇ ਸਭ ਤੋਂ ਉੱਚੇ ਰੂਪ ਹਨ।

ਇਸੇ ਤਰ੍ਹਾਂ ਪੂਰਬੀ ਏਸ਼ੀਆ ਵਿੱਚ ਪੈਦਲ ਤੁਰਨਾ ਗਿਆਨ ਦਾ ਇੱਕ ਜੀਵਤ ਪ੍ਰਗਟਾਵਾ ਬਣ ਗਿਆ, ਜਿੱਥੇ ਯਾਤਰਾ ਸਿਰਫ਼ ਜ਼ਮੀਨ ਉੱਪਰ ਚੱਲਣਾ ਨਹੀਂ ਸਗੋਂ ਅੰਦਰੂਨੀ ਸ਼ਾਂਤੀ ਅਤੇ ਵਿਸ਼ਵਵਿਆਪੀ ਸਦਭਾਵਨਾ ਵੱਲ ਤੁਰਨ ਦਾ ਸਾਧਨ ਬਣ ਗਈ।

ਅਮਰੀਕਾ ਦੀ ਪੈਦਲ ਯਾਤਰਾ ਕਰ ਰਹੇ ਬੋਧੀ ਭਿੱਖੂ ਅਸਲ ਵਿੱਚ ਭਾਰਤ ਦੇ ਪਰਿਵ੍ਰਜਕ ਤਪੱਸਵੀਆਂ, ਗੌਤਮ ਬੁੱਧ ਅਤੇ ਬਾਬਾ ਨਾਨਕ ਦੀ ਵਿਚਾਰਧਾਰਾ ਨੂੰ ਹੀ ਦਰਸਾਉਂਦੇ ਹਨ। ਉਹ ਵਿਚਾਰਧਾਰਾ ਜਿਸ ਵਿੱਚ ਅਮਨ ਸ਼ਾਂਤੀ ਅਤੇ ਮਾਨਵਵਾਦ ਸ਼ਾਮਲ ਹੈ। ਇਹ ਭਿੱਖੂ ਪੂਰੇ ਅਮਰੀਕਾ ਵਿੱਚ ਸ਼ਾਂਤੀ, ਏਕਤਾ ਅਤੇ ਮਾਨਸਿਕ ਤੌਰ 'ਤੇ ਜ਼ਖ਼ਮੀ ਲੋਕਾਈ ਦੀ ਤੰਦਰੁਸਤੀ ਲਈ ਦੁਆ ਕਰਨ ਲਈ ਇਹ ਲੰਮੀ ਪਦ ਯਾਤਰਾ ਕਰ ਰਹੇ ਹਨ।

ਭਿੱਖੂ ਪੰਨਾਕਾਰ ਦੀ ਅਗਵਾਈ ਵਿੱਚ ਇਹ ਸਾਰੇ ਭਿੱਖੂ ਇੱਕ ਕਤਾਰ ਵਿੱਚ ਤੁਰਦੇ ਹਨ। ਇਨ੍ਹਾਂ ਨੇ ਕੇਸਰੀ ਅਤੇ ਗੇਰੂ ਰੰਗੇ ਚੋਲੇ ਪਹਿਨੇ ਹੋਏ ਹਨ। ਇਨ੍ਹਾਂ ਦੇ ਨਾਲ-ਨਾਲ ਅਲੋਕਾ ਨਾਮ ਦਾ ਇੱਕ ਕੁੱਤਾ ਵੀ ਤੁਰਦਾ ਨਜ਼ਰ ਆਉਂਦਾ ਹੈ। ਇਨ੍ਹਾਂ ਭਿੱਖੂਆਂ ਨੇ ਸਾਫ਼ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ, "ਅਸੀਂ ਕਿਸੇ ਦਾ ਵਿਰੋਧ ਕਰਨ ਲਈ ਨਹੀਂ, ਸਗੋਂ ਉਸ ਸ਼ਾਂਤੀ ਨੂੰ ਜਗਾਉਣ ਲਈ ਪਦ ਯਾਤਰਾ ਕਰ ਰਹੇ ਹਾਂ ਜੋ ਪਹਿਲਾਂ ਹੀ ਸਾਡੇ ਸਾਰਿਆਂ ਅੰਦਰ ਮੌਜੂਦ ਹੁੰਦੀ ਹੈ।" ਭਿੱਖੂ ਪੰਨਾਕਾਰ ਨੇ ਇੱਕ ਬਿਆਨ ਵਿੱਚ ਕਿਹਾ ਹੈ, "ਸ਼ਾਂਤੀ ਲਈ ਪੈਦਲ ਯਾਤਰਾ ਕਰਨ ਦਾ ਮਕਸਦ, ਇੱਕ ਆਮ ਜਿਹੀ ਪਰ ਬੜੀ ਅਰਥਪੂਰਨ ਗੱਲ ਨੂੰ ਯਾਦ ਕਰਵਾਉਣਾ ਹੈ ਕਿ ਮਨੁੱਖੀ ਏਕਤਾ ਅਤੇ ਰਹਿਮਦਿਲੀ ਸਾਡੇ ਆਪਣੇ ਹੀ ਅੰਦਰੋਂ ਸ਼ੁਰੂ ਹੋਵੇਗੀ ਅਤੇ ਅੱਗੇ ਪਰਿਵਾਰਾਂ, ਭਾਈਚਾਰਿਆਂ ਤੇ ਸਮੁੱਚੇ ਸਮਾਜ ਵਿੱਚ ਫੈਲ ਜਾਵੇਗੀ।"

ਭਿੱਖੂਆਂ ਦਾ ਇਹ ਸੰਦੇਸ਼ ਅਹਿੰਸਾ ਦੀਆਂ ਪ੍ਰਾਚੀਨ ਬੋਧੀ ਪਰੰਪਰਾਵਾਂ ਨਾਲ਼ ਜੁੜਿਆ ਹੋਇਆ ਹੈ, ਜੋ ਸਾਰੇ ਪਿਛੋਕੜਾਂ ਦੇ ਅਮਰੀਕੀਆਂ ਅੰਦਰ ਗੂੰਜ ਰਿਹਾ ਹੈ। ਲੋਕਾਂ ਦੀ ਭੀੜ ਹਾਈਵੇਅ 'ਤੇ, ਸ਼ਹਿਰਾਂ ਦੇ ਚੌਕਾਂ ਵਿੱਚ ਅਤੇ ਬਾਹਰ ਚਰਚਾਂ ਵਿੱਚ ਇਕੱਠੀ ਹੋ ਜਾਂਦੀ ਹੈ ਤਾਂ ਜੋ ਇਨ੍ਹਾਂ ਨੰਗੇ ਪੈਰੀਂ ਤੁਰਦੇ ਭਿੱਖੂਆਂ ਦਾ ਸਵਾਗਤ ਕੀਤਾ ਜਾ ਸਕੇ। ਰਾਤ ਨੂੰ ਸੌਣ ਤੋਂ ਪਹਿਲਾਂ ਉਹ ਆਮ ਲੋਕਾਂ ਨੂੰ ਮਨ ਦੀ ਸ਼ਾਂਤੀ ਵੱਲ ਜਾਣ ਵਾਲੇ ਧਿਆਨ ਸਿਖਾਉਂਦੇ ਹਨ।

ਆਪਣੇ ਮਿਸ਼ਨ ਦੀ ਸ਼ਾਂਤੀ ਦੇ ਬਾਵਜੂਦ, ਇਨ੍ਹਾਂ ਨਾਲ ਇੱਕ ਦੁਖਾਂਤ ਵੀ ਵਾਪਰਿਆ। ਟੈਕਸਸ ਵਿੱਚ ਉਨ੍ਹਾਂ ਦੇ ਨਾਲ ਚੱਲਦੀ ਐਸਕਾਰਟ ਗੱਡੀ ਨੂੰ ਇੱਕ ਟਰੱਕ ਡਰਾਈਵਰ ਨੇ ਟੱਕਰ ਮਾਰ ਦਿੱਤੀ, ਜਿਸ ਨਾਲ ਦੋ ਭਿੱਖੂ ਜ਼ਖਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਨੇ ਆਪਣੀ ਲੱਤ ਗੁਆ ਲਈ। ਫਿਰ ਵੀ ਬਾਕੀ ਭਿੱਖੂ ਆਪਣੀ ਯਾਤਰਾ ਨੂੰ ਬਿਨਾਂ ਕਿਸੇ ਡਰ ਦੇ ਜਾਰੀ ਰੱਖ ਰਹੇ ਹਨ।

ਸ਼ਾਂਤੀ ਲਈ ਕੀਤੀ ਜਾ ਰਹੀ ਇਸ ਪਦ ਯਾਤਰਾ ਦਾ ਖ਼ਾਸ ਪਹਿਲੂ ਇਸਦੀ ਗ਼ੈਰ-ਸੰਪਰਦਾਇਕ ਭਾਵਨਾ ਹੈ। ਸਥਾਨਕ ਚਰਚਾਂ, ਮਸਜਿਦਾਂ ਅਤੇ ਸਿਨਾਗੌਗਾਂ ਨੇ ਭਿੱਖੂਆਂ ਦੀ ਮੇਜ਼ਬਾਨੀ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ, ਜੋ ਕਿ ਦਿਆਲੂ ਭਾਵ ਅਤੇ ਮੇਲ-ਮਿਲਾਪ ਦੇ ਵਿਸ਼ਵਵਿਆਪੀ ਸੰਦੇਸ਼ ਨੂੰ ਪਛਾਣਨ ਦਾ ਪ੍ਰਤੀਕ ਹਨ।

ਰੁਕਣ ਵਾਲੀ ਹਰ ਥਾਂ 'ਤੇ ਭਿੱਖੂ ਪੰਨਾਕਾਰ ਵਿਪਾਸਨਾ ਵਿਧੀ ਨਾਲ ਧਿਆਨ ਕਰਨਾ ਸਿਖਾਉਂਦਾ ਹੈ। ਵਿਪਾਸਨਾ ਇੱਕ ਪ੍ਰਾਚੀਨ ਬੋਧੀ ਅਭਿਆਸ ਹੈ ਜੋ ਸਾਹ ਅਤੇ ਸੰਵੇਦਨਾ 'ਤੇ ਧਿਆਨ ਧਰਨ ਨਾਲ ਜਾਗਰੂਕਤਾ ਪੈਦਾ ਕਰਦਾ ਹੈ। ਉਸ ਦਾ ਕਹਿਣਾ ਹੈ, "ਸਾਡੇ ਵਿੱਚੋਂ ਕੁਝ ਨੰਗੇ ਪੈਰੀਂ ਤੁਰਦੇ ਹਨ, ਇਸ ਦਾ ਕਾਰਨ ਧਰਤੀ ਨੂੰ ਆਪਣੇ ਨੇੜੇ ਮਹਿਸੂਸ ਕਰਨਾ ਹੈ ਅਤੇ ਹਰ ਕਦਮ 'ਤੇ ਆਪਣੇ ਆਪ ਨੂੰ ਇਹ ਯਾਦ ਦਿਵਾਉਣਾ ਹੈ ਕਿ ਸ਼ਾਂਤੀ ਸਾਡੇ ਅੰਦਰੋਂ ਸ਼ੁਰੂ ਹੁੰਦੀ ਹੈ।"

ਅਜੋਕੇ ਦੌਰ ਵਿੱਚ ਇਸ ਕਿਸਮ ਦੀ ਤੀਰਥ ਯਾਤਰਾ ਦੀਆਂ ਜੜ੍ਹਾਂ ਉੱਨੀ ਸੌ ਨੱਬੇ ਦੇ ਦਹਾਕੇ ਵਿੱਚ ਵੀ ਮਿਲਦੀਆਂ ਹਨ। ਜਦੋਂ ਇੱਕ ਕੰਬੋਡੀਅਨ ਭਿੱਖੂ ਮਹਾ ਘੋਸਾਨੰਦ ਨੇ ਖਮੇਰ ਰੂਜ ਦੀ ਨਸਲਕੁਸ਼ੀ ਤੋਂ ਬਾਅਦ ਕੰਬੋਡੀਆ ਦੇ ਯੁੱਧ-ਗ੍ਰਸਤ ਖੇਤਰਾਂ ਵਿੱਚ ਸ਼ਾਂਤੀ ਯਾਤਰਾਵਾਂ ਦੀ ਅਗਵਾਈ ਕੀਤੀ ਸੀ।

ਇਹ ਭਿੱਖੂ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਉਨ੍ਹਾਂ ਦੀ ਯਾਤਰਾ ਕੋਈ ਵਿਰੋਧ ਪ੍ਰਦਰਸ਼ਨ ਨਹੀਂ ਹੈ, ਪਰ ਫਿਰ ਵੀ ਉਨ੍ਹਾਂ ਦਾ ਸੰਦੇਸ਼ ਡੂੰਘਾ ਰਾਜਨੀਤਕ ਅਰਥ ਰੱਖਦਾ ਹੈ। ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਪਹੁੰਚਣ ਨਾਲ ਇਹ ਯਾਤਰਾ ਸੰਪੂਰਨ ਹੋ ਜਾਵੇਗੀ। ਉੱਥੇ ਉਹ ਅਮਰੀਕੀ ਸੰਸਦ ਨੂੰ ਬੁੱਧ ਦੇ ਜਨਮ ਦਿਨ, ਇੱਕ ਵੈਸਾਖ ਨੂੰ ਗਿਆਨ ਦਿਵਸ ਵਜੋਂ ਮਨਾਉਣ ਅਤੇ ਅਮਰੀਕਾ ਵਿੱਚ ਸੰਘੀ ਛੁੱਟੀ ਵਜੋਂ ਮਾਨਤਾ ਦੇਣ ਲਈ ਵੀ ਬੇਨਤੀ ਕਰਨਗੇ।

ਬਿਨਾਂ ਸ਼ੱਕ ਬੋਧੀ ਭਿੱਖੂਆਂ ਦੀ ਇਹ ਪਦ ਯਾਤਰਾ ਬਹੁਤ ਸਾਰੇ ਲੋਕਾਂ ਨੂੰ ਪ੍ਰੇਰਿਤ ਕਰਨ ਵਾਲੀ ਯਾਤਰਾ ਹੈ। ਬਹੁਤ ਸਾਰੇ ਅਮਰੀਕੀ ਲੋਕਾਂ ਨੇ ਇਨ੍ਹਾਂ ਸ਼ਾਂਤੀਪਸੰਦ ਭਿੱਖੂਆਂ ਨੂੰ ਫੁੱਲ ਭੇਟ ਕੀਤੇ ਅਤੇ ਉਨ੍ਹਾਂ ਨਾਲ ਗੱਲਬਾਤ ਕੀਤੀ। ਜਿਵੇਂ ਜਿਵੇਂ ਇਹ ਸ਼ਾਂਤੀ ਪਦ ਯਾਤਰਾ ਕਰਨ ਵਾਲੇ ਭਿੱਖੂਆਂ ਦਾ ਟੋਲਾ ਦੇਸ਼ ਦੀ ਰਾਜਧਾਨੀ ਦੇ ਨੇੜੇ ਪਹੁੰਚ ਰਿਹਾ ਹੈ, ਇਨ੍ਹਾਂ ਦਾ ਸੰਦੇਸ਼ ਦੂਰ ਦੂਰ ਤਕ ਫੈਲ ਰਿਹਾ ਹੈ। ਸੋਸ਼ਲ ਮੀਡੀਆ 'ਤੇ ਉਨ੍ਹਾਂ ਦੀ ਯਾਤਰਾ ਅਤੇ ਉਨ੍ਹਾਂ ਦੇ ਵਫ਼ਾਦਾਰ ਸਾਥੀ ਕੁੱਤੇ ਅਲੋਕਾ ਨੇ ਲੱਖਾਂ ਲੋਕਾਂ ਦਾ ਧਿਆਨ ਖਿੱਚਿਆ ਹੈ। ਜਾਪਦਾ ਹੈ ਕਿ ਉਨ੍ਹਾਂ ਦੇ ਕਦਮਾਂ ਦੀ ਸ਼ਾਂਤ ਤਾਲ ਵਿੱਚ ਬਹੁਤ ਸਾਰੇ ਅਮਰੀਕੀ ਲੋਕ ਇਸ ਸੁਨੇਹੇ ਨੂੰ ਮਹਿਸੂਸ ਕਰ ਰਹੇ ਹਨ ਕਿ ਸ਼ਾਂਤੀ ਸਿਰਫ਼ ਟਕਰਾਅ ਦੀ ਅਣਹੋਂਦ ਨਹੀਂ ਹੈ ਸਗੋਂ ਇਹ ਤਾਂ ਆਮ ਦਿਨਾਂ 'ਚ ਦਿਖਾਈ ਗਈ ਦਇਆ ਜਾਂ ਰਹਿਮਦਿਲੀ ਹੈ।

ਇਸ ਯਾਤਰਾ ਦੀ ਖ਼ਾਸ ਗੱਲ ਇਹ ਹੈ ਕਿ ਅਸੀਂ ਪੂਰਬ ਦੀ ਪਰੰਪਰਾ ਵਿੱਚ ਪਏ ਅਮਨ ਸ਼ਾਂਤੀ ਜਾਂ ਸਦਭਾਵਨਾ ਦੇ ਸਦੀਵੀ ਸਿਧਾਂਤਾਂ ਨੂੰ ਅੱਜ ਪੱਛਮੀ ਦੇਸ਼ਾਂ ਵਿੱਚ ਪੁਨਰ ਜਨਮ ਲੈਂਦਿਆਂ ਦੇਖ ਰਹੇ ਹਾਂ। ਉਨ੍ਹਾਂ ਦੀ ਪੁਨਰ ਵਿਆਖਿਆ ਹੁੰਦੀ ਦੇਖ ਰਹੇ ਹਾਂ। ਆਸ ਕਰਦੇ ਹਾਂ ਇਨ੍ਹਾਂ ਸਾਧਾਰਨ ਦਿੱਖ ਵਾਲੇ ਭਿੱਖੂਆਂ ਰਾਹੀਂ ਸਮੁੱਚੀ ਮਨੁੱਖਤਾ ਨੂੰ ਸਰਬ ਸਾਂਝੀਵਾਲਤਾ ਦੀ ਭਾਵਨਾ ਦਾ ਅਹਿਸਾਸ ਹੋਵੇਗਾ ਅਤੇ ਸਮੁੱਚੀ ਮਨੁੱਖਤਾ ਤੱਕ ਅਮਨ ਸ਼ਾਂਤੀ ਦਾ ਸੁਨੇਹਾ ਪੁੱਜਦਾ ਹੋਵੇਗਾ।

# ਇਮੋਸ਼ਨਲ ਦਬਾਅ ਪਾਉਣ ਵਾਲੇ ਲੋਕਾਂ ਤੋਂ ਕਿਵੇਂ ਬਚੀਏ

ਇੱਥੇ ਡ੍ਰੈਕੁਲਾ ਵਰਗੇ ਵੈਂਪਾਇਰਾਂ ਦੀ ਗੱਲ ਨਹੀਂ ਹੋ ਰਹੀ, ਜੋ ਤਾਬੂਤਾਂ ਵਿੱਚ ਸੌਂਦੇ ਹਨ ਅਤੇ ਖ਼ੂਨ ਪੀਂਦੇ ਹਨ। 'ਇਮੋਸ਼ਨਲ ਵੈਂਪਾਇਰ' ਭਾਵ 'ਭਾਵਨਾਤਮਕ ਵੈਂਪਾਇਰ' ਉਹ ਲੋਕ ਹੁੰਦੇ ਹਨ ਜੋ ਤੁਹਾਡੀ ਐਨਰਜੀ ਖਿੱਚ ਲੈਂਦੇ ਹਨ। ਉਹ ਦੋਸਤ ਜੋ ਵੱਧ ਸ਼ਿਕਾਇਤਾਂ ਕਰਦੇ ਹਨ, ਤੁਹਾਨੂੰ ਬੈਠਣ ਅਤੇ ਆਪਣੀਆਂ ਸਮੱਸਿਆਵਾਂ ਸੁਣਨ ਲਈ ਕਹਿੰਦੇ ਹਨ ਅਤੇ ਕਦੇ ਵੀ ਤੁਹਾਡੀਆਂ ਸਮੱਸਿਆਵਾਂ ਬਾਰੇ ਨਹੀਂ ਪੁੱਛਦੇ। ਇਸ ਲੇਖ ਰਾਹੀਂ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਅਸੀਂ 'ਇਮੋਸ਼ਨਲ ਵੈਂਪਾਇਰ' ਦੇ ਲੱਛਣ ਕਿਵੇਂ ਪਛਾਣ ਸਕਦੇ ਹਾਂ ਅਤੇ ਅਜਿਹੇ ਰਿਸ਼ਤਿਆਂ ਨੂੰ ਸੰਭਾਲਣ ਲਈ ਅਸੀਂ ਕੀ ਕੁਝ ਕਰ ਸਕਦੇ ਹਾਂ। ਇਨ੍ਹਾਂ ਥਕਾਉਣ ਵਾਲੇ ਰਿਸ਼ਤਿਆਂ ਅਤੇ ਉਨ੍ਹਾਂ ਨਾਲ ਨਜਿੱਠਣ ਦੇ ਤਰੀਕਿਆਂ 'ਤੇ ਗੱਲਬਾਤ ਕਰਨ ਲਈ ਅਨੀਤਾ ਰਾਣੀ ਨਾਲ ਮਨੋਵਿਗਿਆਨੀ ਅਤੇ ਲੇਖਿਕਾ ਸੂਜ਼ੀ ਰੀਡਿੰਗ ਅਤੇ ਪੱਤਰਕਾਰ ਰਾਧਿਕਾ ਸਾਂਘਾਨੀ ਦੇ ਵਿਚਾਰ ਜਾਣੋ।

ਸੂਜ਼ੀ ਕਹਿੰਦੀ ਹੈ, "ਇਹ ਸਮਝਣਾ ਫ਼ਾਇਦਾਮੰਦ ਹੁੰਦਾ ਹੈ ਕਿ ਅਜਿਹੇ ਲੋਕਾਂ ਵਿੱਚ ਕਿਹੜੀਆਂ ਗੱਲਾਂ 'ਤੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਵਿੱਚ ਵੱਖ-ਵੱਖ ਖ਼ਾਸੀਅਤਾਂ ਹੁੰਦੀਆਂ ਹਨ, ਯਕੀਨੀ ਤੌਰ 'ਤੇ ਧਿਆਨ, ਵੈਲੀਡੇਸ਼ਨ, ਭਰੋਸੇ ਦੀ ਬਹੁਤ ਜ਼ਿਆਦਾ ਜ਼ਰੂਰਤ। ਪਰ ਇਹ ਭਾਵਨਾ ਵੀ ਹੁੰਦੀ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਵਿੱਚ ਜੋ ਕੁਝ ਵੀ ਹੁੰਦਾ ਹੈ, ਉਹ ਉਨ੍ਹਾਂ ਦੀ ਗ਼ਲਤੀ ਨਹੀਂ ਹੈ।"



ਉਹ ਕਹਿੰਦੀ ਹੈ, "ਅਕਸਰ ਇਹ ਲੋਕ ਬਹੁਤ ਫਿਸਲਣ ਵਾਲੇ ਸੁਭਾਅ ਦੇ ਹੁੰਦੇ ਹਨ। ਉਨ੍ਹਾਂ ਦਾ ਆਪਣੇ ਆਪ 'ਤੇ ਪੂਰਾ ਧਿਆਨ ਹੁੰਦਾ ਹੈ, ਪਰ ਆਪਣੇ ਵਿਹਾਰ ਕਰਕੇ ਦੂਜਿਆਂ 'ਤੇ ਪੈਣ ਵਾਲੇ ਅਸਰ ਬਾਰੇ ਉਨ੍ਹਾਂ ਨੂੰ ਘੱਟ ਸਮਝ ਹੁੰਦੀ ਹੈ। ਅਜਿਹੇ ਵੇਲਿਆਂ ਵਿੱਚ ਦੂਜਿਆਂ ਲਈ ਦਇਆ ਭਾਵ ਵੀ ਘੱਟ ਹੁੰਦਾ ਹੈ।" "ਸ਼ਾਇਦ ਉਨ੍ਹਾਂ ਨੂੰ ਅਰਾਜਕਤਾ ਜਾਂ ਤਣਾਅ ਪੈਦਾ ਕਰਨ ਵਿੱਚ ਮਜ਼ਾ ਆਉਂਦਾ ਹੋਵੇ, ਪਰ ਉਹ ਨਾ ਤਾਂ ਇਸ 'ਤੇ ਕੋਈ ਫੀਡਬੈਕ ਸੁਣਨਾ ਚਾਹੁੰਦੇ ਹਨ ਅਤੇ ਨਾ ਹੀ ਉਸ ਹਲਚਲ ਨੂੰ ਸੁਲਝਾਉਣ ਲਈ ਕੋਈ ਹੱਲ।" "ਕਈ ਵਾਰ ਉਹ ਸਿਰਫ਼ ਆਪਣੀ ਭੜਾਸ ਕੱਢਣਾ ਚਾਹੁੰਦੇ ਹਨ, ਬਿਨ੍ਹਾਂ ਇਹ ਸੋਚੇ ਕਿ ਇਸ ਦਾ ਤੁਹਾਡੇ 'ਤੇ ਕੀ ਅਸਰ ਪਵੇਗਾ। ਇਹ ਹੋਰ ਤਰੀਕਿਆਂ ਨਾਲ ਵੀ ਸਾਹਮਣੇ ਆ ਸਕਦਾ ਹੈ। ਹੋ ਸਕਦਾ ਹੈ ਕਿ ਉਹ ਪੁੱਠੀਆਂ-ਸਿੱਧੀਆਂ ਗੱਲਾਂ ਕਰਕੇ ਤੁਹਾਡੇ ਆਤਮ-ਵਿਸ਼ਵਾਸ ਨੂੰ ਕਮਜ਼ੋਰ ਕਰਨ, ਜਾਂ ਫਿਰ ਟੌਕਸਿਕ ਪਾਜ਼ਿਟਿਵਿਟੀ ਦਾ ਅਜਿਹਾ ਰੂਪ ਹੋਵੇ, ਜਿੱਥੇ ਉਹ ਤੁਹਾਨੂੰ ਆਪਣੇ ਆਪ ਨੂੰ ਪ੍ਰਗਟ ਕਰਨ ਦਾ ਹੱਕ ਹੀ ਨਹੀਂ ਦਿੰਦੇ।" ਤਾਂ ਜੇ ਸਾਡੇ ਕਿਸੇ ਕਰੀਬੀ ਨਾਲ ਅਜਿਹਾ ਹੋ ਰਿਹਾ ਹੈ, ਭਾਵੇਂ ਉਹ ਦੋਸਤ ਹੋਵੇ ਜਾਂ ਪਰਿਵਾਰ ਦਾ ਕੋਈ ਮੈਂਬਰ, ਤਾਂ ਅਸੀਂ ਕੀ ਕਰ ਸਕਦੇ ਹਾਂ। ਸੂਜ਼ੀ ਅਤੇ ਰਾਧਿਕਾ ਨੇ ਅਨੀਤਾ ਨਾਲ ਆਪਣਏ ਵਿਚਾਰ ਸਾਂਝੇ ਕੀਤੇ।

### ਉਨ੍ਹਾਂ ਦੇ ਵਿਹਾਰ ਬਾਰੇ ਸਿੱਧੀ ਗੱਲ ਕਰੋ

ਸੂਜ਼ੀ ਕਹਿੰਦੀ ਹੈ, "ਸਾਨੂੰ ਫੀਡਬੈਕ ਦੇਣ, ਸਿੱਧੀ ਗੱਲ ਕਰਨ ਅਤੇ ਇਹ ਕਹਿਣ ਵਿੱਚ ਬੇਬਾਕ ਹੋਣਾ ਪਵੇਗਾ ਕਿ 'ਜਦੋਂ ਤੁਸੀਂ ਇਸ ਤਰ੍ਹਾਂ ਕਰਦੇ ਹੋ, ਤਾਂ ਮੈਨੂੰ ਅਜਿਹਾ ਮਹਿਸੂਸ ਹੁੰਦਾ ਹੈ।' ਕਿਉਂਕਿ ਨਹੀਂ ਤਾਂ ਉਹ ਵਿਅਕਤੀ ਪੂਰੀ ਜ਼ਿੰਦਗੀ ਦੋਸਤਾਂ ਦੇ ਦੂਰ ਹੋਣ ਦਾ ਅਨੁਭਵ ਕਰਦਾ ਰਹਿੰਦਾ ਹੈ ਅਤੇ ਉਸ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਅਜਿਹਾ ਕਿਉਂ ਹੋ ਰਿਹਾ ਹੈ। ਇੱਥੇ ਸੁਧਾਰ ਦਾ ਮੌਕਾ ਹੁੰਦਾ ਹੈ।" ਉਹ ਕਹਿੰਦੀ ਹੈ, "ਕਈ ਵਾਰ ਲੋਕਾਂ ਨੂੰ ਅਜਿਹਾ ਫੀਡਬੈਕ ਮਿਲਦਾ ਹੈ ਤਾਂ ਉਹ ਹੈਰਾਨ ਰਹਿ ਜਾਂਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਅੰਦਾਜ਼ਾ ਹੀ ਨਹੀਂ ਹੁੰਦਾ ਕਿ ਉਨ੍ਹਾਂ ਦੇ ਵਿਹਾਰ ਦਾ ਦੂਜਿਆਂ 'ਤੇ ਕੀ ਅਸਰ ਪੈ ਰਿਹਾ ਹੈ। ਇਸ ਲਈ ਸਾਨੂੰ ਆਪਣੀ ਆਵਾਜ਼ ਉਠਾਉਣੀ ਪਵੇਗੀ ਅਤੇ ਜੇ ਕੋਈ ਬਦਲਾਅ ਨਹੀਂ ਆਉਂਦਾ, ਤਾਂ ਸਾਨੂੰ ਇਹ ਸੋਚਣਾ ਪਵੇਗਾ ਕਿ ਸਾਨੂੰ ਖ਼ੁਦ ਕੀ ਚਾਹੀਦਾ ਹੈ।

### ਦੱਸੋ ਕਿ ਤੁਸੀਂ ਕਿਵੇਂ ਮਹਿਸੂਸ ਕਰ ਰਹੇ ਹੋ

ਰਾਧਿਕਾ ਕਹਿੰਦੀ ਹੈ, "ਜੋ ਮੈਂ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ ਅਤੇ ਜੋ ਮੈਨੂੰ ਹਿੰਮਤ ਵਾਲੀ ਗੱਲ ਲੱਗਦੀ ਹੈ, ਉਹ ਇਹ ਹੈ, ਗੱਲ ਨੂੰ ਉੱਚੀ ਆਵਾਜ਼ ਵਿੱਚ ਕਹਿਣਾ। ਮੈਂ ਇਹ ਨਹੀਂ ਕਹਿ ਰਹੀ ਕਿ 'ਮੈਨੂੰ ਲੱਗਦਾ ਹੈ ਤੁਸੀਂ ਇੱਕ ਇਮੋਸ਼ਨਲ ਵੈਂਪਾਇਰ ਹੋ', ਸਗੋਂ ਇਹ ਕਹਿ ਰਹੀ ਹਾਂ ਕਿ 'ਮੈਨੂੰ ਲੱਗਦਾ ਹੈ ਕਿ ਹਾਲ ਹੀ ਵਿੱਚ ਜਦੋਂ ਅਸੀਂ ਇਕੱਠੇ ਹੁੰਦੇ ਹਾਂ, ਤਾਂ ਮੈਨੂੰ ਆਪਣੇ ਲਈ ਥਾਂ ਨਹੀਂ ਮਿਲਦੀ। ਮੈਨੂੰ ਲੱਗਦਾ ਹੈ ਮੇਰੀ ਗੱਲ ਨਹੀਂ ਸੁਣੀ ਜਾ ਰਹੀ। ਮੈਨੂੰ ਕੋਈ ਸਵਾਲ ਨਹੀਂ ਪੁੱਛਿਆ ਜਾ ਰਿਹਾ'।" ਉਹ ਕਹਿੰਦੀ ਹੈ, "ਭਾਵੇਂ ਗੱਲ ਅਜੀਬ ਹੀ ਕਿਉਂ ਨਾ ਲੱਗੇ, ਮੈਂ ਇਹ ਕਹਿਣ ਦੀ ਹਿੰਮਤ ਜ਼ਰੂਰ ਕਰਾਂਗੀ। ਮੇਰੇ ਲਈ ਸੱਚੀ ਦੋਸਤੀ ਉਹ ਹੁੰਦੀ ਹੈ, ਜਿਸ ਵਿੱਚ ਦੂਜਾ ਵਿਅਕਤੀ ਮੇਰੀ ਗੱਲ ਸੁਣ ਸਕੇ ਅਤੇ ਇਸ 'ਤੇ ਗੱਲਬਾਤ ਕਰ ਸਕੇ।" "ਜੇ ਉਹ ਤੁਰੰਤ ਇਨਕਾਰ ਕਰ ਦਿੰਦੇ ਹਨ ਜਾਂ ਆਪਣਾ ਬਚਾਅ ਕਰਨ ਲੱਗ ਪੈਂਦੇ ਹਨ, ਤਾਂ ਇਹ ਮੈਨੂੰ ਦੱਸਦਾ ਹੈ ਕਿ ਉਹ ਵਿਅਕਤੀ ਮੇਰੀ ਜ਼ਿੰਦਗੀ ਵਿੱਚ ਰਹਿਣ ਲਾਇਕ ਨਹੀਂ ਹੈ।"

### ਹੱਦਾਂ ਤੈਅ ਕਰੋ

ਸੂਜ਼ੀ ਕਹਿੰਦੀ ਹੈ, "ਜਿੱਥੇ ਬਦਲਾਅ ਦੀ ਕੋਈ ਇੱਛਾ ਜਾਂ ਤਿਆਰੀ ਨਹੀਂ ਹੁੰਦੀ, ਉੱਥੇ ਸਾਨੂੰ ਆਪਣੇ ਆਪ ਨੂੰ ਬਚਾਉਣ ਦੀ ਲੋੜ ਹੁੰਦੀ ਹੈ।" ਉਹ ਕਹਿੰਦੀ ਹੈ, "ਭਾਵੇਂ ਹੱਦਾਂ ਤੈਅ ਕਰਨੀਆਂ ਹੋਣ ਜਾਂ ਇਹ ਕਹਿਣਾ ਪਵੇ ਕਿ 'ਮਾਫ਼ ਕਰਨਾ, ਮੈਨੂੰ ਇਹ ਰਿਸ਼ਤਾ ਖ਼ਤਮ ਕਰਨਾ ਪਵੇਗਾ', ਸਾਨੂੰ ਸਾਫ਼ ਦੱਸਣਾ ਪਵੇਗਾ ਕਿ ਕਿਸੇ ਰਿਸ਼ਤੇ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਅਤੇ ਸਿਹਤਮੰਦ ਮਹਿਸੂਸ ਕਰਨ ਲਈ ਸਾਨੂੰ ਕੀ ਚਾਹੀਦਾ ਹੈ।" ਉਹ ਅੱਗੇ ਕਹਿੰਦੀ ਹੈ, "ਇਹ ਚੇਤਾਵਨੀ ਵਾਲੇ ਸੰਕੇਤਾਂ 'ਤੇ ਧਿਆਨ ਦੇਣ ਦੀ ਗੱਲ ਹੈ। ਇਹ ਵੇਖਣ ਵਾਲੀ ਗੱਲ ਹੈ ਕਿ ਤੁਸੀਂ ਕਿੱਥੇ ਖੜ੍ਹੇ ਹੋ ਅਤੇ ਤੁਹਾਡੀ ਐਨਰਜੀ ਲੈਵਲ ਕੀ ਹੈ। ਆਪਣੇ ਆਪ ਨੂੰ ਆਪਣੇ ਤਰੀਕੇ ਨਾਲ ਅੱਗੇ ਵਧਣ ਦਿਓ।" "ਕੁਝ ਸੌਖੀਆਂ ਗੱਲਾਂ ਹੋ ਸਕਦੀਆਂ ਹਨ, ਜਿਵੇਂ ਤੁਸੀਂ ਇੱਕ-ਦੂਜੇ ਦੀ ਜ਼ਿੰਦਗੀ ਤੋਂ ਖ਼ੁਦ ਨੂੰ ਵੱਖ ਨਹੀਂ ਕਰ ਸਕਦੇ ਹੋ ਤਾਂ ਗੱਲਬਾਤ ਦੇ ਕਰੀਕੇ ਵਿੱਚ ਕੁਝ ਹੱਦਾਂ ਤੈਅ ਕੀਤੀਆਂ ਜਾ ਸਕਦੀਆਂ ਹਨ।" "ਮਿਸਾਲ ਵਜੋਂ, 'ਲਗਾਤਾਰ ਮੈਸੇਜ ਨਹੀਂ ਹੋਣਗੇ' ਜਾਂ 'ਅਸੀਂ ਆਪਣੀ ਭਾਵਨਾਤਮਕ ਜ਼ਿੰਦਗੀ ਬਾਰੇ ਗੱਲ ਨਹੀਂ ਕਰਾਂਗੇ'। ਗੱਲਬਾਤ ਦਾ ਸੁਭਾਅ ਵੀ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਕੀ ਠੀਕ ਹੈ ਅਤੇ ਕੀ ਨਹੀਂ।"

### ਆਪਣਾ ਸੰਪਰਕ (ਐਕਸਪੋਜ਼ਰ) ਸੀਮਤ ਕਰੋ

ਸੂਜ਼ੀ ਕਹਿੰਦੀ ਹੈ, "ਜਿੰਨਾ ਹੋ ਸਕੇ, ਆਪਣੇ ਸੰਪਰਕ ਨੂੰ ਸੀਮਤ ਕਰੋ ਅਤੇ ਆਪਣੇ ਆਪ ਨੂੰ ਇਹ ਚੁਣਨ ਦੀ ਆਜ਼ਾਦੀ ਦਿ ਕਿ ਤੁਸੀਂ ਕਿਸ ਦੇ ਨਾਲ ਸਮਾਂ ਬਿਤਾਉਣਾ ਚਾਹੁੰਦੇ ਹੋ। ਇਸ ਫ਼ੈਸਲੇ ਦੇ ਮਾਮਲੇ ਵਿੱਚ ਤੁਸੀਂ ਇਹ ਵੀ ਚੁਣ ਸਕਦੇ ਹੋ ਕਿ ਤੁਸੀਂ ਕਿੱਥੇ ਮਿਲਦੇ ਹੋ, ਕੀ ਕਰਦੇ ਹੋ, ਇਕੱਠੇ ਕਿੰਨਾ ਸਮਾਂ ਬਿਤਾਉਂਦੇ ਹੋ ਅਤੇ ਕਿੰਨੀ ਵਾਰ ਮਿਲਦੇ ਹੋ।" "ਜੇ ਤੁਸੀਂ ਆਪਣੀ ਜ਼ਿੰਦਗੀ ਵਿੱਚ ਕਿਸੇ ਅਜਿਹੇ ਵਿਅਕਤੀ ਨੂੰ ਪਛਾਣ ਲਿਆ ਹੈ, ਜਿਸ ਦੀ ਆਦਤ ਤੁਹਾਨੂੰ ਥਕਾ ਦਿੰਦੀ ਹੈ, ਪਰ ਤੁਸੀਂ ਉਸ ਦੋਸਤੀ ਨੂੰ ਕਾਇਮ ਰੱਖਣਾ ਚਾਹੁੰਦੇ ਹੋ, ਤਾਂ ਸੋਚੋ ਕਿ ਤੁਸੀਂ ਇਕੱਠੇ ਕਿਹੜੀਆਂ ਗਤੀਵਿਧੀਆਂ ਕਰਦੇ ਹੋ।" "ਕੌਫ਼ੀ 'ਤੇ ਮਿਲਣ ਅਤੇ ਸ਼ੋਰ-ਸ਼ਰਾਬੇ ਵਾਲੀ ਥਾਂ ਦੀ ਬਜਾਏ, ਤੁਸੀਂ ਇਕੱਠੇ ਟਹਿਲਣ ਕਿਉਂ ਨਹੀਂ ਜਾਂਦੇ? ਇਕੱਠੇ ਕਸਰਤ ਕਿਉਂ ਨਹੀਂ ਕਰਦੇ, ਤਾਂ ਜੋ ਤੁਹਾਡੀਆਂ ਲੋੜਾਂ ਵੀ ਪੂਰੀਆਂ ਰਹਿਣ? ਇਸ ਨਾਲ ਉਨ੍ਹਾਂ ਦੀ ਹਰ ਗੱਲ 'ਤੇ ਹਾਵੀ ਹੋਣ ਦੀ ਆਦਤ ਘਟੇਗੀ। ਇਸ ਤੋਂ ਵੀ ਵਧੀਆ... ਟੈਨਿਸ ਖੇਡਣ ਜਾਓ।"

### ਸੋਚੋ ਕਿ ਤੁਹਾਨੂੰ ਇਸ ਰਿਸ਼ਤੇ ਤੋਂ ਕੀ ਮਿਲ ਰਿਹਾ ਹੈ


ਰਾਧਿਕਾ ਕਹਿੰਦੀ ਹੈ, "ਮੇਰੇ ਅਤੇ ਮੇਰੇ ਦੋਸਤਾਂ ਕੋਲ ਇਸ ਬਾਰੇ ਸੋਚਣ ਲਈ ਇੱਕ ਬਹੁਤ ਹੀ ਲਾਭਦਾਇਕ ਤਰੀਕਾ ਹੈ। ਅਸੀਂ ਇਸ ਨੂੰ +2ਐਸ, -2ਐਸ (+2ਸ, -2ਸ) ਅਤੇ ਜ਼ੀਰੋ ਕਹਿੰਦੇ ਹਾਂ। ਜੇ ਤੁਹਾਡੀ ਕਿਸੇ ਨਾਲ ਸੋਸ਼ਲ ਮੁਲਾਕਾਤ ਹੋਈ ਹੈ, ਤਾਂ ਸੋਚੋ ਕੀ ਇਹ +2 ਸੀ? ਕੀ ਮਿਲ ਕੇ ਤੁਹਾਨੂੰ ਚੰਗਾ ਲੱਗਿਆ? ਕੀ ਇਹ ਜ਼ੀਰੋ ਸੀ, ਜਿੱਥੇ ਤੁਸੀਂ ਨਿਊਟ੍ਰਲ ਰਹੇ? ਜਾਂ ਕੀ ਇਹ -2 ਸੀ, ਜਿੱਥੇ ਉਹ ਇੱਕ 'ਇਮੋਸ਼ਨਲ ਵੈਂਪਾਇਰ' ਬਣ ਕੇ ਤੁਹਾਡੀ ਐਨਰਜੀ ਖ਼ਤਮ ਕਰ ਗਏ?" ਉਹ ਕਹਿੰਦੀ ਹੈ, "ਮੈਂ ਇਹ ਹਰ ਚੀਜ਼ ਲਈ ਵਰਤਦੀ ਹਾਂ, ਪਰਿਵਾਰ, ਦੋਸਤ, ਕੰਮ। ਇਹ ਮੈਨੂੰ ਨਿੱਜੀ ਤੌਰ 'ਤੇ ਇਹ ਸੋਚਣ ਵਿੱਚ ਬਹੁਤ ਮਦਦ ਕਰਦਾ ਹੈ ਕਿ 'ਠੀਕ ਹੈ, ਮੈਂ ਆਪਣੇ ਹਫ਼ਤੇ ਦੀ ਯੋਜਨਾ ਕਿਵੇਂ ਬਣਾ ਰਹੀ ਹਾਂ? ਕੀ ਮੇਰੇ ਕੋਲ ਬਹੁਤ ਜ਼ਿਆਦਾ ਜ਼ੀਰੋ ਹਨ? ਕੀ ਮੈਂ ਕੁਝ +2 ਸ਼ਾਮਲ ਕਰ ਸਕਦੀ ਹਾਂ? ਜੇ ਮੇਰੇ ਕੋਲ ਕੋਈ -2 ਦਾ ਅਨੁਭਵ ਹੈ, ਤਾਂ ਕੀ ਮੈਂ ਉਸ ਨੂੰ +2 ਨਾਲ ਸੰਤੁਲਿਤ ਕਰ ਸਕਦੀ ਹਾਂ'?" ਉਹ ਅੱਗੇ ਕਹਿੰਦੀ ਹੈ, "ਜੋ ਗੱਲਾਂ ਤੁਹਾਨੂੰ ਥਕਾ ਦਿੰਦੀਆਂ ਹਨ, ਜ਼ਰੂਰੀ ਨਹੀਂ ਕਿ ਉਹ ਹਰ ਕਿਸੇ ਲਈ ਇੱਕੋ ਜਿਹੀਆਂ ਹੋਣ ਅਤੇ ਇਹੀ ਗੱਲ ਸਮਝਣਾ ਸਭ ਤੋਂ ਜ਼ਰੂਰੀ ਹੈ।" ਅੰਤ ਵਿੱਚ ਰਾਧਿਕਾ ਕਹਿੰਦੀ ਹੈ ਕਿ ਜੇ ਲੱਗੇ ਕਿ ਕੋਈ ਰਿਸ਼ਤਾ ਠੀਕ ਨਹੀਂ ਹੋ ਸਕਦਾ, ਤਾਂ ਉਸ ਨੂੰ ਖ਼ਤਮ ਕਰਨ ਤੋਂ ਡਰਨਾ ਨਹੀਂ ਚਾਹੀਦਾ। ਉਹ ਕਹਿੰਦੀ ਹੈ, "ਕੁਝ ਹਾਲਾਤਾਂ ਵਿੱਚ, ਜੇ ਇਹ ਆਸਾਨ ਹੁੰਦਾ ਹੈ, ਤਾਂ ਮੈਂ ਸਿਰਫ਼ ਪਿੱਛੇ ਹਟ ਜਾਂਦੀ ਹਾਂ, ਖ਼ਾਸ ਕਰਕੇ ਜਦੋਂ ਮੈਂ ਕਿਸੇ ਅਜਿਹੇ ਵਿਅਕਤੀ ਤੋਂ ਹਾਲ ਹੀ ਵਿੱਚ ਮਿਲੀ ਹੋਵਾਂ। ਜੇ ਇਹ ਪਹਿਲੀ ਡੇਟ ਹੈ, ਤਾਂ ਮੈਂ ਕਿਸੇ 'ਇਮੋਸ਼ਨਲ ਵੈਂਪਾਇਰ' ਨਾਲ ਦੂਜੀ ਡੇਟ 'ਤੇ ਨਹੀਂ ਜਾਵਾਂਗੀ। ਪਰ ਜ਼ਾਹਿਰ ਹੈ, ਜੇ ਉਹ ਵਿਅਕਤੀ ਤੁਹਾਡੇ ਬਹੁਤ ਕਰੀਬੀ ਰਿਸ਼ਤੇ ਵਿੱਚ ਹੈ, ਤਾਂ ਇਹ ਕਾਫ਼ੀ ਔਖਾ ਹੋ ਜਾਂਦਾ ਹੈ।"

# ਪੰਜਾਬ ਦੀਆਂ ਪੰਜ ਸ਼ਖ਼ਸੀਅਤਾਂ ਨੂੰ ਮਿਲਣਗੇ ਪਦਮ ਪੁਰਸਕਾਰ

ਕੇਂਦਰੀ ਗ੍ਰਹਿ ਮੰਤਰਾਲੇ ਨੇ ਸਾਲ 2026 ਲਈ 131 ਪਦਮ ਪੁਰਸਕਾਰਾਂ ਦਾ ਐਲਾਨ ਕੀਤਾ ਹੈ। ਇਨ੍ਹਾਂ 'ਚ ਪੰਜ ਪਦਮ ਵਿਭੂਸ਼ਣ, 13 ਪਦਮ ਭੂਸ਼ਣ ਅਤੇ 113 ਪਦਮ ਸ੍ਰੀ ਸ਼ਾਮਲ ਹਨ। ਇਨ੍ਹਾਂ ਵਿੱਚ ਪੰਜ ਸ਼ਖ਼ਸੀਅਤਾਂ ਪੰਜਾਬ ਅਤੇ ਚੰਡੀਗੜ੍ਹ ਨਾਲ ਸਬੰਧਤ ਹਨ। ਇਹ ਪੰਜ ਸ਼ਖ਼ਸੀਅਤਾਂ ਮਰਹੂਮ ਅਦਾਕਾਰ ਧਰਮਿੰਦਰ, ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ, ਸੰਤ ਨਿਰੰਜਨ ਦਾਸ, ਹਾਕੀ ਕੋਚ ਬਲਦੇਵ ਸਿੰਘ, ਸਾਬਕਾ ਡੀਆਈਜੀ ਇੰਦਰਜੀਤ ਸਿੰਘ ਸਿੱਧੂ ਹਨ। ਮਰਹੂਮ ਅਦਾਕਾਰ ਧਰਮਿੰਦਰ ਨੂੰ ਪਦਮ ਵਿਭੂਸ਼ਣ ਜਦਕਿ ਹਰਮਨਪ੍ਰੀਤ ਕੌਰ, ਸੰਤ ਨਿਰੰਜਨ ਦਾਸ, ਕੋਚ ਬਲਦੇਵ ਸਿੰਘ, ਸਾਬਕਾ ਡੀਆਈਜੀ ਇੰਦਰਜੀਤ ਸਿੰਘ ਸਿੱਧੂ ਨੂੰ ਪਦਮ ਸ੍ਰੀ ਦਿੱਤਾ ਜਾਵੇਗਾ। ਪਦਮ ਪੁਰਸਕਾਰ ਭਾਰਤ ਦੇ ਰਾਸ਼ਟਰਪਤੀ ਵੱਲੋਂ ਰਸਮੀ ਸਮਾਗਮਾਂ ਵਿੱਚ ਦਿੱਤੇ ਜਾਂਦੇ ਹਨ ਜੋ ਆਮ ਤੌਰ 'ਤੇ ਹਰ ਸਾਲ ਮਾਰਚ/ਅਪ੍ਰੈਲ ਦੇ ਆਸਪਾਸ ਰਾਸ਼ਟਰਪਤੀ ਭਵਨ ਵਿੱਚ ਹੁੰਦੇ ਹਨ। ਪੁਰਸਕਾਰ ਹਾਸਲ ਕਰਨ ਵਾਲਿਆਂ ਵਿੱਚੋਂ 19 ਔਰਤਾਂ ਹਨ, 6 ਵਿਅਕਤੀ ਵਿਦੇਸ਼ੀ, ਐਨਆਰਆਈ, ਪੀਆਈ , ਸੀਆਈ ਦੀ ਸ਼੍ਰੇਣੀ ਦੇ ਹਨ। 16 ਸ਼ਖਸੀਅਤਾਂ ਨੂੰ ਮਰਨ ਉਪਰੰਤ ਪੁਰਸਕਾਰ ਦਿੱਤਾ ਜਾ ਰਿਹਾ ਹੈ।

ਗ੍ਰਹਿ ਵਿਭਾਗ ਦੀ ਪ੍ਰੈੱਸ ਰਿਲੀਜ਼ ਮੁਤਾਬਕ ਪਦਮ ਪੁਰਸਕਾਰ, ਦੇਸ਼ ਦੇ ਸਰਬਉੱਚ ਨਾਗਰਿਕ ਪੁਰਸਕਾਰਾਂ ਵਿੱਚੋਂ ਇੱਕ ਹਨ ਅਤੇ ਇਹ ਤਿੰਨ ਸ਼੍ਰੇਣੀਆਂ ਵਿੱਚ ਦਿੱਤੇ ਜਾਂਦੇ ਹਨ। ਇਹ ਤਿੰਨ ਸ਼੍ਰੇਣੀਆਂ ਹਨ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ਼੍ਰੀ। ਇਹ ਪੁਰਸਕਾਰ ਵੱਖ-ਵੱਖ ਵਿਸ਼ਿਆਂ ਅਤੇ ਸਰਗਰਮੀਆਂ ਦੇ ਖੇਤਰਾਂ ਵਿੱਚ ਦਿੱਤੇ ਜਾਂਦੇ ਹਨ, ਜਿਵੇਂ ਕਿ ਕਲਾ, ਸਮਾਜਿਕ ਕਾਰਜ, ਜਨਤਕ ਮਾਮਲੇ, ਵਿਗਿਆਨ, ਇੰਜੀਨੀਅਰਿੰਗ, ਵਪਾਰ ਅਤੇ ਉਦਯੋਗ, ਦਵਾਈ, ਸਾਹਿਤ, ਸਿੱਖਿਆ, ਖੇਡਾਂ, ਸਿਵਲ ਸੇਵਾ, ਆਦਿ। 'ਪਦਮ ਵਿਭੂਸ਼ਣ' ਨੂੰ ਅਸਾਧਾਰਨ ਅਤੇ ਵਿਲੱਖਣ ਸੇਵਾ, 'ਪਦਮ ਭੂਸ਼ਣ' ਉੱਚ ਪੱਧਰੀ ਵਿਲੱਖਣ ਸੇਵਾ ਅਤੇ 'ਪਦਮ ਸ਼੍ਰੀ' ਕਿਸੇ ਵੀ ਖੇਤਰ ਵਿੱਚ ਵਿਲੱਖਣ ਸੇਵਾ ਲਈ ਦਿੱਤਾ ਜਾਂਦਾ ਹੈ। ਇਨ੍ਹਾਂ ਪੁਰਸਕਾਰਾਂ ਦਾ ਐਲਾਨ ਹਰ ਸਾਲ ਗਣਤੰਤਰ ਦਿਵਸ ਦੇ ਮੌਕੇ 'ਤੇ ਕੀਤਾ ਜਾਂਦਾ ਹੈ।

### ਧਰਮਿੰਦਰ ਸਿੰਘ ਦਿਓਲ



ਧਰਮਿੰਦਰ ਸਿੰਘ ਦਿ ਲ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਸਰਾਲੀ ਦੇ ਜੰਮਪਲ ਹਨ। ਉਨ੍ਹਾਂ ਦਾ ਜਨਮ 8 ਦਸੰਬਰ 1935 ਨੂੰ ਇੱਕ ਜੱਟ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦਾ ਬਚਪਨ ਪਿੰਡ ਸਾਹਨੇਵਾਲ ਵਿੱਚ ਬੀਤਿਆ ਸੀ। ਉਨ੍ਹਾਂ ਨੇ ਫਗਵਾੜਾ ਦੇ ਇੱਕ ਕਾਲਜ ਤੋਂ ਪੜ੍ਹਾਈ ਪੂਰੀ ਕੀਤੀ ਸੀ। ਉਹ ਹਿੰਦੀ ਸਿਨੇਮਾ ਵਿੱਚ ਐਕਸ਼ਨ ਹੀਰੋ ਅਤੇ 'ਹੀ ਮੈਨ' ਵਜੋਂ ਮਸ਼ਹੂਰ ਸੀ। 89 ਸਾਲ ਦੀ ਉਮਰ ਵਿੱਚ ਬੀਤੇ ਵਰ੍ਹੇ ਉਨ੍ਹਾਂ ਦਾ ਦੇਹਾਂਤ ਹੋ ਗਿਆ ਸੀ। ਫਿਲਮੀ ਪਰਦੇ 'ਤੇ ਐਕਸ਼ਨ ਇਮੇਜ ਵਾਲੇ ਧਰਮਿੰਦਰ ਸ਼ਾਇਰੀ ਮਿਜਾਜ਼ ਦੇ ਮਾਲਕ ਸਨ। ਉਨ੍ਹਾਂ ਨੇ ਆਪਣੇ ਜੱਦੀ ਪਿੰਡ ਨਸਰਾਲੀ ਤੋਂ ਮੁੰਬਈ ਤੱਕ ਦਾ ਅਨੋਖਾ ਸਫ਼ਰ ਤੈਅ ਕੀਤਾ ਸੀ। ਆਪਣੇ ਸਮੇਂ 'ਚ ਧਰਮਿੰਦਰ ਨੂੰ ਦੁਨੀਆ ਦੇ ਸਭ ਤੋਂ ਸੋਹਣੇ ਮਰਦਾਂ ਦੀ ਸੂਚੀ 'ਚ ਸ਼ਾਮਲ ਕੀਤਾ ਗਿਆ ਸੀ।

### ਹਰਮਨਪ੍ਰੀਤ ਕੌਰ



ਉਹ ਭਾਰਤ ਦੀ ਪਹਿਲੀ ਮਹਿਲਾ ਕਪਤਾਨ ਹੈ ਜਿਸਦੀ ਅਗਵਾਈ ਵਿੱਚ ਭਾਰਤ ਨੇ ਪਿਛਲੇ ਸਾਲ ਵਿਸ਼ਵ ਕੱਪ ਜਿੱਤਿਆ ਸੀ। ਉਨ੍ਹਾਂ ਨੇ ਸਾਲ 2009 ਵਿੱਚ ਆਪਣੇ ਅੰਤਰਰਾਸ਼ਟਰੀ ਕ੍ਰਿਕਟ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਹ ਕ੍ਰਿਕਟ ਵਿੱਚ ਭਾਰਤ ਦੀਆਂ ਸਭ ਤੋਂ ਸਭ ਤੋਂ ਪ੍ਰਭਾਵਸ਼ਾਲੀ ਮਹਿਲਾ ਕ੍ਰਿਕਟਰਾਂ ਵਿੱਚ ਸ਼ੁਮਾਰ ਹੈ। ਹਰਮਨਪ੍ਰੀਤ ਤਾਬੜਤੋੜ ਬੱਲੇਬਾਜ਼ੀ ਅਤੇ ਲੀਡਰਸ਼ਿਪ ਗੁਣਾਂ ਲਈ ਜਾਣੀ ਜਾਂਦੀ ਹੈ। ਸਾਲ 2016 ਵਿੱਚ ਹਰਮਨਪ੍ਰੀਤ ਕੌਰ ਦੀ ਅਗਵਾਈ ਵਿੱਚ ਭਾਰਤ ਦੀ ਮਹਿਲਾ ਟੀਮ ਨੇ ਟੀ-20 ਏਸ਼ੀਆ ਕੱਪ ਜਿੱਤਿਆ ਸੀ। 2017 ਦੀ ਵਿਸ਼ਵ ਕੱਪ ਦੇ ਸੈਮੀਫਾਈਨਲ ਵਿੱਚ ਹਰਮਨਪ੍ਰੀਤ ਦੀ ਅਸਟ੍ਰੇਲੀਆ ਖ਼ਿਲਾਫ਼ 115 ਗੇਂਦਾਂ ਉੱਤੇ 171 ਸਰੋਤਾਂ ਦੀ ਪਾਰੀ ਇਤਿਹਾਸ ਦੀ ਸਰ-ਬਉੱਤਮ ਪਾਰੀਆਂ ਵਿੱਚ ਸ਼ੁਮਾਰ ਹੈ।

### ਸੰਤ ਨਿਰੰਜਨ ਦਾਸ



ਸੰਤ ਨਿਰੰਜਨ ਦਾਸ ਜਲੰਧਰ ਦੇ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਹਨ। ਦਲਿਤ ਭਾਈਚਾਰੇ ਦੇ ਅਧਿਆਤਮਿਕ ਅਤੇ ਸਮਾਜਿਕ ਵਿਕਾਸ ਵਾਸਤੇ ਉਨ੍ਹਾਂ ਅਹਿਮ ਯੋਗਦਾਨ ਦਿੱਤਾ ਹੈ। ਉਨ੍ਹਾਂ ਨੇ ਸਰਵਨ ਦਾਸ ਚੈਰੀਟੇਬਲ ਆਈ ਹਸਪਤਾਲ ਅਤੇ ਸਰਵਨ ਦਾਸ ਮਾਡਲ ਸਕੂਲ ਦੀ ਸਥਾਪਨਾ ਕੀਤੀ। ਉਨ੍ਹਾਂ ਦੇ ਬੇਗ਼ਮਪੁਰਾ ('ਦੁੱਖ ਰਹਿਤ ਧਰਤੀ') ਦੇ ਆਦਰਸ਼ ਨੂੰ ਉਤਸ਼ਾਹਿਤ ਕਰਨ ਦੇ ਵਿਚਾਰ ਦੀ ਦੇਸ਼ ਵਿੱਚ ਸ਼ਲਾਘਾ ਕੀਤੀ ਗਈ ਹੈ। ਬੇਗ਼ਮਪੁਰਾ ਇੱਕ ਅਜਿਹਾ ਦ੍ਰਿਸ਼ਟੀਕੋਣ ਹੈ, ਜਿੱਥੇ ਸਾਰੇ ਲੋਕ ਡਰ ਅਤੇ ਗਰੀਬੀ ਤੋਂ ਮੁਕਤ ਰਹਿਣ। ਰਵੀਦਾ-ਸੀਆ ਭਾਈਚਾਰੇ ਵਿੱਚ ਡੇਰਾ ਸੱਚਖੰਡ ਬੱਲਾ ਦੇ ਪੈਰੋਕਾਰ ਵੱਡੀ ਗਿਣਤੀ ਵਿੱਚ ਹਨ।

### ਸਾਬਕਾ ਡੀਆਈਜੀ ਇੰਦਰਜੀਤ ਸਿੰਘ ਸਿੱਧੂ

88 ਸਾਲਾ ਸਿੱਧੂ 1996 ਵਿੱਚ ਪੰਜਾਬ ਪੁਲਿਸ ਤੋਂ ਡਿਪਟੀ ਇੰਸਪੈਕਟਰ ਜਨਰਲ (ਡੀਆਈਜੀ) ਵਜੋਂ ਸੇਵਾਮੁਕਤ ਹੋਏ ਸਨ। ਪਿਛਲੇ ਕਈ ਸਾਲਾਂ ਤੋਂ ਉਹ ਰੋਜ਼ਾਨਾ ਚੰਡੀਗੜ੍ਹ ਦੀਆਂ ਗਲੀਆਂ ਦੀ ਖ਼ੁਦ ਸਾਫ ਸਫਾਈ ਕਰ ਰਹੇ ਹਨ। ਉਹ ਕੂੜੇ ਨੂੰ ਖ਼ੁਦ ਰੇਹੜੀ ਉੱਤੇ ਚੁੱਕ ਕੇ ਨਿਪਟਾਰੇ ਵਾਲੀ ਜਗ੍ਹਾ ਉੱਤੇ ਪਹੁੰਚਾਉਂਦੇ ਹਨ। ਇਸ ਪਹਿਲ ਲਈ ਕੌਮੀ ਪੱਧਰ ਉੱਤੇ ਉਨ੍ਹਾਂ ਦੀ ਪ੍ਰਸ਼ੰਸਾ ਹੋਈ ਹੈ।

### ਬਲਦੇਵ ਸਿੰਘ

ਦਰੋਣਾਚਾਰੀਆ ਪੁਰਸਕਾਰ ਜੇਤੂ ਬਲਦੇਵ ਸਿੰਘ ਨੇ ਮਹਿਲਾ ਹਾਕੀ ਦੀ ਦਸ਼ਾ ਅਤੇ ਦਿਸ਼ਾ ਬਦਲੀ ਹੈ। ਕੋਚ ਬਲਦੇਵ ਆਪਣੀ ਦੂਰਦਰਸ਼ੀ ਸੋਚ ਅਤੇ ਮਹਿਲਾ ਹਾਕੀ ਦੀ ਰੀੜ੍ਹ ਦੀ ਹੱਡੀ ਨੂੰ ਮਜ਼ਬੂਤ ਕਰਨ ਲਈ ਜਾਣੇ ਜਾਂਦੇ ਹਨ। ਉਨ੍ਹਾਂ ਨੇ ਕਈ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਦੇ ਖਿਡਾਰੀ ਤਿਆਰ ਕੀਤੇ ਹਨ। ਬਲਦੇਵ ਸਿੰਘ ਨੇ ਲੰਬਾ ਸਮਾਂ ਸ਼ਾਹਬਾਦ ਵਿੱਚ ਮਹਿਲਾ ਖਿਡਾਰੀਆਂ ਨੂੰ ਕੋਚਿੰਗ ਦਿੱਤੀ। ਇਹ ਅਕੈਡਮੀ ਮਹਿਲਾ ਹਾਕੀ ਨਰਸਰੀ ਵਜੋਂ ਮਸ਼ਹੂਰ ਹੈ। ਇੱਕ ਸਮਾਂ ਅਜਿਹਾ ਸੀ ਜਦੋਂ ਭਾਰਤੀ ਮਹਿਲਾ ਹਾਕੀ ਟੀਮ ਵਿੱਚ ਬਹੁਤੀਆਂ ਖਿਡਾਰਨਾਂ ਅਜਿਹੀਆਂ ਸਨ ਜਿਨ੍ਹਾਂ ਨੇ ਬਲਦੇਵ ਸਿੰਘ ਤੋਂ ਸਿਖਲਾਈ ਲਈ ਸੀ। ਇਨ੍ਹਾਂ ਵਿੱਚ ਭਾਰਤੀ ਮਹਿਲਾ ਹਾਕੀ ਟੀਮ ਦੀ ਸਾਬਕਾ ਕਪਤਾਨ ਰਾਣੀ ਰਾਮਪਾਲ, ਸੰਦੀਪ ਕੌਰ, ਨਵਜੋਤ ਕੌਰ ਸ਼ਾਮਲ ਸਨ। ਸ਼ਾਹਬਾਦ ਵਾਸੀ ਭਾਰਤੀ ਹਾਕੀ ਟੀਮ ਦੀ ਮੌਜੂਦਾ ਉਪਕਪਤਾਨ ਨਵਨੀਤ ਕੌਰ ਵੀ ਬਲਦੇਵ ਸਿੰਘ ਤੋਂ ਸਿਖਲਾਈ ਲੈਂਦੇ ਰਹੇ ਹਨ। ਭਾਰਤੀ ਪੁਰਸ਼ ਹਾਕੀ ਟੀਮ ਦੇ ਸਾਬਕਾ ਕਪਤਾਨ ਸੰਦੀਪ ਸਿੰਘ ਤੇ ਸਰਦਾਰ ਸਿੰਘ ਵੀ ਬਲਦੇਵ ਸਿੰਘ ਤੋਂ ਕੋਚਿੰਗ ਲੈਂਦੇ ਰਹੇ ਹਨ। ਉਨ੍ਹਾਂ ਵੱਲੋਂ ਦਿੱਤੀ ਕੋਚਿੰਗ ਦੇ ਸਦਕਾ ਸਾਲ 2009 ਵਿੱਚ ਉਨ੍ਹਾਂ ਨੂੰ ਦਰੋਣਾਚਾਰੀਆ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਬਲਦੇਵ ਸਿੰਘ ਪੰਜਾਬ ਦੇ ਫਤਿਹਗੜ੍ਹ ਸਾਹਿਬ ਵਿੱਚ ਵੀ ਕੁੜੀਆਂ ਨੂੰ ਕੋਚਿੰਗ ਦਿੰਦੇ ਰਹੇ ਸਨ। ਬਲਦੇਵ ਸਿੰਘ ਦੀ ਅਗਵਾਈ ਵਿੱਚ ਉਨ੍ਹਾਂ ਵੱਲੋਂ ਸਿਖਲਾਈ ਲੈਣ ਵਾਲੀ ਕੁੜੀਆਂ ਦੀ ਟੀਮ ਨੇ ਕਈ ਵਾਰ ਦਿੱਲੀ ਵਿੱਚ ਹਰ ਸਾਲ ਹੋਣ ਵਾਲਾ ਨਹਿਰੂ ਹਾਕੀ ਕੱਪ ਵੀ ਜਿੱਤਿਆ ਸੀ। ਬਲਦੇਵ ਸਿੰਘ ਅੱਜ ਕੱਲ੍ਹ ਲੁਧਿਆਣਾ ਵਿੱਚ ਰਹਿੰਦੇ ਹਨ।

# ਦੁਬਈ ਦਾ ਸੋਨਾ ਭਾਰਤ ਦੇ ਸੋਨੇ ਨਾਲੋਂ ਜ਼ਿਆਦਾ ਚਮਕਦਾਰ ਕਿਉਂ ਹੁੰਦਾ ਹੈ?

ਤੁਸੀਂ ਅਕਸਰ ਸੁਣਿਆ ਹੋਵੇਗਾ ਕਿ ਦੁਬਈ ਤੋਂ ਭਾਰਤ ਆਉਣ ਵਾਲੇ ਰਿਸ਼ਤੇਦਾਰ ਜਾਂ ਦੋਸਤ ਸੋਨਾ ਨਾਲ ਲਿਆਉਂਦੇ ਹਨ। ਖ਼ਾਸ ਕਰਕੇ ਰੋਜ਼ਗਾਰ ਲਈ ਦੁਬਈ ਗਏ ਲੋਕ ਜਦੋਂ ਵਾਪਸ ਆਉਂਦੇ ਹਨ ਤਾਂ ਆਪਣੀ ਪਹੁੰਚ ਮੁਤਾਬਕ ਸੋਨਾ ਲਿਆਉਣਾ ਆਮ ਗੱਲ ਹੈ। ਕੁਝ ਲੋਕ ਕਹਿੰਦੇ ਹਨ ਕਿ ਦੁਬਈ ਵਿੱਚ ਸੋਨਾ ਘੱਟ ਕੀਮਤ 'ਤੇ ਮਿਲਦਾ ਹੈ। ਉਹ ਚਮਕਦਾਰ ਪੀਲੇ ਰੰਗ ਦਾ ਹੁੰਦਾ ਹੈ ਅਤੇ ਉਸ ਦੀ ਗੁਣਵੱਤਾ ਵੀ ਬਹੁਤ ਵਧੀਆ ਹੁੰਦੀ ਹੈ। ਪਰ ਇਸ ਗੱਲ ਵਿੱਚ ਕਿੰਨੀ ਸੱਚਾਈ ਹੈ। ਕੀ ਵਾਕਈ ਸੋਨੇ ਦੀ ਗੁਣਵੱਤਾ ਵਿੱਚ ਕੋਈ ਫ਼ਰਕ ਹੁੰਦਾ ਹੈ। ਕੀ ਕੀਮਤ ਦਾ ਅੰਤਰ ਇੰਨਾ ਵੱਡਾ ਹੈ।



ਦੂਜੇ ਪਾਸੇ, ਭਾਰਤ ਵਿੱਚ 10 ਗ੍ਰਾਮ ਸੋਨੇ ਦੀ ਕੀਮਤ ਇਸ ਵੇਲੇ 1.15 ਲੱਖ ਰੁਪਏ ਤੋਂ ਟੱਪ ਗਈ ਹੈ। ਇੰਡੀਆ ਬੁਲਿਅਨ ਐਂਡ ਜੂਅਲਰਜ਼ ਐਸੋਸੀਏਸ਼ਨ ਦਿਨ ਵਿੱਚ ਦੋ ਵਾਰ ਸੋਨੇ ਦੀਆਂ ਕੀਮਤਾਂ ਜਾਰੀ ਕਰਦੀ ਹੈ। ਇਸ ਹਿਸਾਬ ਨਾਲ 10 ਗ੍ਰਾਮ 24 ਕੈਰਟ ਸੋਨੇ ਦੀ ਕੀਮਤ 1,56,720 ਰੁਪਏ ਤੱਕ ਪਹੁੰਚ ਗਈ ਹੈ। ਹੈਦਰਾਬਾਦ ਦੀ ਪੌਟ ਮਾਰਕੀਟ ਜਿਊਲਰੀ ਐਸੋਸੀਏਸ਼ਨ ਦੇ ਜੋਇੰਟ ਸਕੱਤਰ ਸੁਨੀਲ ਕੁਮਾਰ ਜੈਨ ਨੇ ਬੀਬੀਸੀ ਨੂੰ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਦੁਬਈ ਦੇ ਸੋਨੇ ਅਤੇ ਭਾਰਤ ਵਿੱਚ ਉਪਲਬਧ ਸੋਨੇ ਦੀ ਗੁਣਵੱਤਾ ਵਿੱਚ ਕੋਈ ਫ਼ਰਕ ਨਹੀਂ ਹੈ।

ਉਨ੍ਹਾਂ ਕਿਹਾ, "1990 ਦੇ ਦਹਾਕੇ ਵਿੱਚ ਭਾਰਤ ਵਿੱਚ ਜ਼ਿਆਦਾਤਰ 18 ਕੈਰਟ ਸੋਨਾ ਵਰਤੋਂ ਵਿੱਚ ਸੀ। ਉਸ ਸਮੇਂ 22 ਕੈਰਟ ਸੋਨਾ ਆਸਾਨੀ ਨਾਲ ਉਪਲਬਧ ਨਹੀਂ ਸੀ। ਗਾਹਕਾਂ ਵਿੱਚ ਵੀ 22 ਕੈਰਟ ਸੋਨੇ ਬਾਰੇ ਜਾਣਕਾਰੀ ਘੱਟ ਸੀ। ਜਿਊਲਰੀ ਵਪਾਰੀ ਵੀ ਉਸ ਗੁਣਵੱਤਾ ਦਾ ਸੋਨਾ ਮੁਹੱਈਆ ਨਹੀਂ ਕਰ ਸਕਦੇ ਸਨ। ਪਰ ਭਾਰਤ ਵਿੱਚ ਹਾਲਮਾਰਕਿੰਗ ਲਾਗੂ ਹੋਣ ਤੋਂ ਬਾਅਦ ਦੁਬਈ ਦੇ ਸੋਨੇ ਅਤੇ ਦੇਸੀ ਸੋਨੇ ਦੀ ਸ਼ੁੱਧਤਾ ਇੱਕੋ ਜਿਹੀ ਹੋ ਗਈ ਹੈ।" ਉਨ੍ਹਾਂ ਦੱਸਿਆ ਕਿ ਦੋਵਾਂ ਦੇਸ਼ਾਂ ਵਿੱਚ ਕੈਰਟ ਗਿਣਤੀ ਅਤੇ ਸੋਨੇ ਦੀ ਗੁਣਵੱਤਾ ਦੀ ਜਾਂਚ ਲਈ ਲਗਭਗ ਇੱਕੋ ਜਿਹੇ ਅਤੇ ਸਖ਼ਤ ਨਿਯਮ ਲਾਗੂ ਹਨ। ਹਾਲਾਂਕਿ, ਉਨ੍ਹਾਂ ਇਹ ਵੀ ਕਿਹਾ ਕਿ ਦੋਵਾਂ ਦੇਸ਼ਾਂ ਵਿੱਚ ਜਿਊਲਰੀ ਦੇ ਡਿਜ਼ਾਇਨ ਅਤੇ ਤਿਆਰੀ ਦੇ ਤਰੀਕਿਆਂ ਵਿੱਚ ਫ਼ਰਕ ਹੋ ਸਕਦਾ ਹੈ। ਉਨ੍ਹਾਂ ਸਮਝਾਇਆ, "ਦੁਬਈ ਵਿੱਚ ਜਿਊਲਰੀ ਜ਼ਿਆਦਾਤਰ ਮਸ਼ੀਨਾਂ ਨਾਲ ਬਣਾਈ ਜਾਂਦੀ ਹੈ। ਭਾਰਤ ਵਿੱਚ ਲੋਕ ਰਵਾਇਤੀ ਗਹਿਣਿਆਂ ਨੂੰ ਤਰਜੀਹ ਦਿੰਦੇ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਗਹਿਣੇ ਹੱਥ ਨਾਲ ਬਣੇ ਹੁੰਦੇ ਹਨ।"

ਕਰੀਮਨਗਰ ਅਤੇ ਪੇਡਾਪੱਲੀ ਦੇ ਸੁਨਿਆਰੇ ਨੇ ਦੱਸਿਆ ਕਿ ਦੋਵਾਂ ਥਾਵਾਂ 'ਤੇ ਗਹਿਣੇ ਬਣਾਉਣ ਲਈ ਇੱਕੋ ਜਿਹੇ ਮਿਆਰ ਵਰਤੇ ਜਾਂਦੇ ਹਨ, ਜਿਵੇਂ ਕਿ 22 ਕੈਰਟ (91.6 ਫ਼ੀਸਦੀ ਸੋਨਾ) ਅਤੇ 18 ਕੈਰਟ। ਜੇ ਕੈਰਟ ਇੱਕੋ ਹੋਵੇ, ਤਾਂ ਸ਼ੁੱਧਤਾ ਵੀ ਇੱਕੋ ਰਹਿੰਦੀ ਹੈ। ਸੁਨੀਲ ਜੈਨ ਨੇ ਸਪਸ਼ਟ ਕੀਤਾ ਕਿ ਤਕਨੀਕੀ ਤੌਰ 'ਤੇ 22 ਕੈਰਟ ਸੋਨੇ ਦੀ ਸ਼ੁੱਧਤਾ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ 91.6 ਫ਼ੀਸਦੀ ਹੀ ਰਹਿੰਦੀ ਹੈ।

ਉਨ੍ਹਾਂ ਕਿਹਾ, "ਜਦੋਂ ਸੋਨੇ ਦੀ ਧਾਤ ਨੂੰ ਗਹਿਣਿਆਂ ਵਿੱਚ ਬਦਲਿਆ ਜਾਂਦਾ ਹੈ, ਤਾਂ ਉਸ ਦੀ ਸ਼ੁੱਧਤਾ 100 ਫ਼ੀਸਦੀ ਨਹੀਂ ਰਹਿ ਸਕਦੀ। ਗਹਿਣੇ ਬਣਾਉਣ ਲਈ ਸੋਨੇ ਵਿੱਚ ਹੋਰ ਧਾਤਾਂ ਮਿਲਾਉਣੀਆਂ ਪੈਂਦੀਆਂ ਹਨ।" "ਇਸ ਤਰ੍ਹਾਂ ਤਿਆਰ ਹੋਏ ਸੋਨੇ ਦੀ ਸ਼ੁੱਧਤਾ 91.6 ਫ਼ੀਸਦੀ ਹੁੰਦੀ ਹੈ, ਜਿਸਨੂੰ ਅਸੀਂ 22 ਕੈਰਟ ਜਾਂ 916 ਸੋਨਾ ਕਹਿੰਦੇ ਹਾਂ। ਬਾਕੀ 8.4 ਫ਼ੀਸਦੀ ਵਿੱਚ ਤਾਂਬਾ, ਜ਼ਿੰਕ ਅਤੇ ਚਾਂਦੀ ਵਰਗੀਆਂ ਧਾਤਾਂ ਹੁੰਦੀਆਂ ਹਨ। ਇਸੇ ਤਰ੍ਹਾਂ 18 ਕੈਰਟ ਸੋਨਾ 75 ਫ਼ੀਸਦੀ ਸ਼ੁੱਧ ਹੁੰਦਾ ਹੈ ਅਤੇ ਇਹ ਮਿਆਰ ਵੀ ਹਰ ਥਾਂ ਇੱਕੋ ਜਿਹਾ ਹੈ।" ਉਨ੍ਹਾਂ ਮੁਤਾਬਕ, ਇਸ ਨਜ਼ਰੀਏ ਨਾਲ ਵੇਖਿਆ ਜਾਵੇ ਤਾਂ ਤੁਸੀਂ ਦੁਬਈ ਤੋਂ ਖਰੀਦੋ ਜਾਂ ਭਾਰਤ ਤੋਂ, ਸੋਨੇ ਦੀ ਗੁਣਵੱਤਾ ਇੱਕੋ ਜਿਹੀ ਰਹਿੰਦੀ ਹੈ। ਹਾਲਾਂਕਿ, ਸੁਨਿਆਰਿਆਂ ਦਾ ਕਹਿਣਾ ਹੈ ਕਿ ਗਹਿਣੇ ਬਣਾਉਣ ਸਮੇਂ ਸੋਨੇ ਵਿੱਚ ਮਿਲਾਈਆਂ ਜਾਣ ਵਾਲੀਆਂ ਧਾਤਾਂ ਦੇ ਅਨੁਪਾਤ ਅਨੁਸਾਰ ਰੰਗ ਵਿੱਚ ਹਲਕਾ ਫ਼ਰਕ ਆ ਸਕਦਾ ਹੈ।

ਸੁਨੀਲ ਜੈਨ ਨੇ ਦੱਸਿਆ ਕਿ ਦੁਬਈ ਵਿੱਚ ਸੋਨੇ ਦੇ ਗਹਿਣੇ ਬਣਾਉਣ ਲਈ ਜ਼ਿੰਕ ਅਤੇ ਚਾਂਦੀ ਦਾ ਵਰਤੋਂ ਵੱਧ ਕੀਤੀ ਜਾਂਦੀ ਹੈ। ਸੁਨਿਆਰੇ ਦੇ ਪੇਸ਼ੇ ਨਾਲ 20 ਸਾਲ ਤੋਂ ਜੁੜੇ ਭਰਾ ਰਾਵੂਲਾ ਬ੍ਰਹਮਮ ਅਤੇ ਸ੍ਰੀਨਿਵਾਸ ਨੇ ਇਸ ਬਾਰੇ ਵਧੇਰੇ ਜਾਣਕਾਰੀ ਦਿੰਦੇ ਹਨ। ਉਨ੍ਹਾਂ ਕਿਹਾ, "ਜੇ ਸੋਨੇ ਵਿੱਚ ਜ਼ਿੰਕ ਦੀ ਮਾਤਰਾ ਵੱਧ ਮਿਲਾਈ ਜਾਵੇ, ਤਾਂ ਸੋਨਾ ਹੋਰ ਚਮਕਦਾਰ ਪੀਲੇ ਰੰਗ ਦਾ ਦਿੱਖ ਦਿੰਦਾ ਹੈ। ਇਸ ਕਰਕੇ ਉਹ ਜ਼ਿਆਦਾ ਚਮਕਦਾ ਲੱਗਦਾ ਹੈ। ਭਾਰਤ ਵਿੱਚ ਜਿਊਲਰੀ ਬਣਾਉਣ ਲਈ ਅਕਸਰ ਚਾਂਦੀ ਅਤੇ ਤਾਂਬਾ ਮਿਲਾਇਆ ਜਾਂਦਾ ਹੈ।" "ਤਾਂਬਾ ਮਿਲਾਉਣ ਨਾਲ ਸੋਨੇ ਵਿੱਚ ਹਲਕੀ ਲਾਲੀ ਆ ਜਾਂਦੀ ਹੈ। ਚਾਂਦੀ ਅਤੇ ਤਾਂਬੇ ਦੇ ਅਨੁਪਾਤ ਦੇ ਅਨੁਸਾਰ ਰੰਗ ਬਦਲ ਸਕਦਾ ਹੈ। ਪਰ ਰੰਗ ਵਿੱਚ ਫ਼ਰਕ ਹੋਣਾ ਸੋਨੇ ਦੀ ਗੁਣਵੱਤਾ ਵਿੱਚ ਫ਼ਰਕ ਹੋਣ ਦਾ ਮਤਲਬ ਨਹੀਂ ਹੁੰਦਾ।"



ਕੇਂਦਰ ਸਰਕਾਰ ਨੇ 15 ਜੂਨ 2021 ਤੋਂ ਭਾਰਤ ਵਿੱਚ ਸੋਨੇ ਦੇ ਗਹਿਣਿਆਂ ਲਈ ਹਾਲਮਾਰਕਿੰਗ ਲਾਜ਼ਮੀ ਕਰ ਦਿੱਤੀ। ਇਸ ਤੋਂ ਇਲਾਵਾ, ਅਪ੍ਰੈਲ 2023 ਤੋਂ ਗਹਿਣਿਆਂ 'ਤੇ ਛੇ ਅੰਕਾਂ ਵਾਲਾ ਹਾਲਮਾਰਕ ਯੂਨੀਕ ਆਈਡੈਂਟੀਫਿਕੇਸ਼ਨ ਨੰਬਰ ਲਗਾਉਣਾ ਵੀ ਲਾਜ਼ਮੀ ਹੈ। ਉਪਭੋਗਤਾ ਇਸ ਐੱਚਯੂਆਈਡੀ ਨੰਬਰ ਨੂੰ ਬੀਆਈਐੱਸ (BIS) ਕੇਅਰ ਐਪ ਵਿੱਚ ਦਰਜ ਕਰਕੇ ਆਪਣੇ ਗਹਿਣਿਆਂ ਦੀ ਗੁਣਵੱਤਾ ਦੀ ਜਾਂਚ ਕਰ ਸਕਦੇ ਹਨ। ਕਰੀਮਨਗਰ ਦੇ ਸੁਨਾਰ ਕੰਦੂਕੂਰੀ ਨਾਗਰਾਜੂ ਨੇ ਕਿਹਾ ਕਿ ਭਾਰਤ ਵਿੱਚ ਹਾਲਮਾਰਕਿੰਗ ਲਾਗੂ ਹੋਣ ਤੋਂ ਬਾਅਦ ਸੋਨੇ ਦੀ ਗੁਣਵੱਤਾ ਨੂੰ ਲੈ ਕੇ ਲੋਕਾਂ ਦੇ ਸਾਰੇ ਸੰਦੇਹ ਦੂਰ ਹੋ ਗਏ ਹਨ।

ਹਾਲਮਾਰਕਿੰਗ ਇੱਕ ਅਧਿਕਾਰਤ ਪ੍ਰਕਿਰਿਆ ਹੈ, ਜਿਸ ਅਧੀਨ ਕਿਸੇ ਕੀਮਤੀ ਧਾਤ ਵਿੱਚ ਮੌਜੂਦ ਸ਼ੁੱਧਤਾ ਦੀ ਫੀਸਦ ਨੂੰ ਸਹੀ ਤਰੀਕੇ ਨਾਲ ਜਾਂਚ ਕੇ ਮੋਹਰ ਲਗਾਈ ਜਾਂਦੀ ਹੈ। ਕਈ ਦੇਸ਼ਾਂ ਵਿੱਚ ਇਹ ਕੀਮਤੀ ਧਾਤਾਂ ਦੀ ਸ਼ੁੱਧਤਾ ਦੀ ਗਾਰੰਟੀ ਮੰਨੀ ਜਾਂਦੀ ਹੈ। ਇਸ ਦਾ ਮੁੱਖ ਮਕਸਦ ਮਿਲਾਵਟ ਨੂੰ ਰੋਕਣਾ ਅਤੇ ਨਿਰਮਾਤਿਆਂ ਨੂੰ ਕਾਨੂੰਨੀ ਮਿਆਰਾਂ 'ਤੇ ਖਰਾ ਉਤਾਰਨਾ ਹੈ। ਭਾਰਤ ਵਿੱਚ ਬਿਊਰੋ ਆਫ਼ ਇੰਡੀਆਨ ਸਟੈਂਡਰਡਜ਼ ਹਾਲਮਾਰਕਿੰਗ ਦੇ ਲਾਇਸੈਂਸ ਜਾਰੀ ਕਰਦਾ ਹੈ। ਲਾਇਸੈਂਸ ਪ੍ਰਾਪਤ ਜਿਊਲਰੀ ਦੁਕਾਨਦਾਰ ਹੀ ਹਾਲਮਾਰਕ ਮੋਹਰ ਲਗਾ ਸਕਦੇ ਹਨ। ਬਿਨਾਂ ਹਾਲਮਾਰਕ ਦੇ ਗਹਿਣੇ ਵੇਚਣਾ ਅਪਰਾਧ ਹੈ। ਗਾਹਕ ਬੀਆਈਐੱਸ ਵੱਲੋਂ ਮਾਨਤਾ ਪ੍ਰਾਪਤ ਅਸੇਇੰਗ ਅਤੇ ਹਾਲਮਾਰਕਿੰਗ ਸੈਂਟਰਾਂ 'ਤੇ ਆਪਣੇ ਗਹਿਣਿਆਂ ਦੀ ਜਾਂਚ ਕਰਵਾ ਸਕਦੇ ਹਨ। ਦੁਬਈ ਵਿੱਚ ਸੋਨਾ, ਚਾਂਦੀ ਅਤੇ ਪਲੈਟਿਨਮ ਵਰਗੀਆਂ ਕੀਮਤੀ ਧਾਤਾਂ ਦੀ ਸ਼ੁੱਧਤਾ ਦੀ ਪੁਸ਼ਟੀ ਲਈ 'ਬਰੀਕ' ਨਾਮ ਦਾ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

### ਕੀ ਦੁਬਈ ਵਿੱਚ ਸੋਨਾ ਸਸਤਾ ਹੁੰਦਾ ਹੈ?

ਸੁਨੀਲ ਜੈਨ ਨੇ ਦੱਸਿਆ ਕਿ ਭਾਰਤ ਅਤੇ ਦੁਬਈ ਵਿੱਚ ਸੋਨੇ ਦੀਆਂ ਕੀਮਤਾਂ ਵਿੱਚ ਕੁਝ ਅੰਤਰ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਦੁਬਈ ਵਿੱਚ ਕਸਟਮ ਡਿਊਟੀ ਨਾ ਹੋਣ ਕਾਰਨ ਸੋਨਾ ਕੁਝ ਹੱਦ ਤੱਕ ਸਸਤਾ ਹੁੰਦਾ ਹੈ। ਉਨ੍ਹਾਂ ਕਿਹਾ, "ਭਾਵੇਂ ਦੁਬਈ ਵਿੱਚ ਸੋਨਾ ਸਸਤਾ ਹੋਵੇ, ਪਰ ਜੇ ਤੁਸੀਂ ਤੈਅ ਹੱਦ ਤੋਂ ਵੱਧ ਸੋਨਾ ਭਾਰਤ ਲਿਆਉਂਦੇ ਹੋ, ਤਾਂ ਕਸਟਮ ਡਿਊਟੀ ਦੇਣੀ ਪੈਂਦੀ ਹੈ। ਅਜਿਹੇ ਵਿੱਚ ਟੈਕਸ ਜੋੜਨ ਤੋਂ ਬਾਅਦ ਸੋਨੇ ਦੀ ਕੀਮਤ ਲਗਭਗ ਭਾਰਤ ਵਾਲੀ ਕੀਮਤ ਦੇ ਬਰਾਬਰ ਹੋ ਜਾਂਦੀ ਹੈ। ਇਸ ਲਈ ਕੀਮਤ ਵਿੱਚ ਕੋਈ ਵੱਡਾ ਫ਼ਰਕ ਨਹੀਂ ਰਹਿੰਦਾ।"


ਹੈਦਰਾਬਾਦ ਦੇ ਇੱਕ ਕਸਟਮ ਅਧਿਕਾਰੀ ਨੇ ਦੱਸਿਆ ਕਿ ਵਿਦੇਸ਼ ਤੋਂ ਵਾਪਸ ਆਉਣ ਵਾਲੇ ਵਿਅਕਤੀ ਨੂੰ ਛੇ ਮਹੀਨੇ ਦੇ ਅੰਦਰ ਸੋਨਾ ਲਿਆਉਣ 'ਤੇ 38.5 ਫ਼ੀਸਦੀ ਕਸਟਮ ਡਿਊਟੀ ਦੇਣੀ ਪੈਂਦੀ ਹੈ। ਛੇ ਮਹੀਨੇ ਤੋਂ ਇੱਕ ਸਾਲ ਤੱਕ ਵਿਦੇਸ਼ ਰਹਿਣ 'ਤੇ 13.75 ਫ਼ੀਸਦੀ ਕਸਟਮ ਡਿਊਟੀ ਲਾਗੂ ਹੁੰਦੀ ਹੈ। ਡਿਊਟੀ ਫ਼ਰੀ ਛੂਟ ਤਹਿਤ ਮਰਦ 20 ਗ੍ਰਾਮ ਅਤੇ ਔਰਤਾਂ 40 ਗ੍ਰਾਮ ਸੋਨਾ ਬਿਨਾਂ ਕਸਟਮ ਡਿਊਟੀ ਦੇ ਲਿਆ ਸਕਦੀਆਂ ਹਨ। ਕਾਨੂੰਨੀ ਕਾਰਵਾਈ ਬਾਰੇ ਉਨ੍ਹਾਂ ਕਿਹਾ, "ਕੁਝ ਲੋਕ ਕਸਟਮ ਡਿਊਟੀ ਤੋਂ ਬਚਣ ਲਈ ਗ਼ੈਰ-ਕਾਨੂੰਨੀ ਤਰੀਕਿਆਂ ਨਾਲ ਸੋਨਾ ਲਿਆਉਣ ਦੀ ਕੋਸ਼ਿਸ਼ ਕਰਦੇ ਹਨ। ਕੁਝ ਲੋਕ ਥੋੜ੍ਹੇ ਸਮੇਂ ਲਈ ਵਿਦੇਸ਼ ਜਾ ਕੇ 250 ਗ੍ਰਾਮ ਤੋਂ ਇੱਕ ਕਿਲੋ ਤੱਕ ਸੋਨਾ ਲਿਆਉਂਦੇ ਹਨ।" "ਅਜਿਹੇ ਮਾਮਲਿਆਂ ਵਿੱਚ ਜੇ 38.5 ਫ਼ੀਸਦੀ ਡਿਊਟੀ ਅਦਾ ਨਾ ਕੀਤੀ ਜਾਵੇ, ਤਾਂ ਅਸੀਂ ਸੋਨਾ ਜ਼ਬਤ ਕਰ ਲੈਂਦੇ ਹਾਂ। ਜੇ ਕੋਈ ਇੱਕ ਕਿਲੋ ਤੋਂ ਵੱਧ ਸੋਨਾ ਲਿਆਉਂਦਾ ਹੈ, ਤਾਂ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ।"

# ਬਹੁਤ ਤੇਜੀ ਨਾਲ ਤੁਰਦਾ ਜਾ ਰਿਹਾ ਹੈ ਪੀੜ੍ਹੀਆਂ ਦਾ ਸਫ਼ਰ

ਮਨੁੱਖੀ ਇਤਿਹਾਸ ਸਿਰਫ਼ ਸਾਲਾਂ ਜਾਂ ਸਦੀਆਂ ਨਾਲ ਨਹੀਂ, ਸਗੋਂ ਪੀੜ੍ਹੀਆਂ ਦੇ ਨਾਮਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਹਰ ਪੀੜ੍ਹੀ ਆਪਣੇ ਨਾਲ ਇੱਕ ਵੱਖਰਾ ਸੰਸਾਰ, ਵੱਖਰੇ ਸੁਪਨੇ ਅਤੇ ਵੱਖਰੀਆਂ ਚੁਣੌਤੀਆਂ ਲਿਆਉਂਦੀ ਹੈ। ਪੱਛਮੀ ਸਮਾਜ ਸ਼ਾਸਤਰੀਆਂ ਨੇ 20ਵੀਂ ਸਦੀ ਦੇ ਮੱਧ ਵਿੱਚ ਪੀੜ੍ਹੀਆਂ ਨੂੰ ਨਾਮ ਦੇਣ ਦੀ ਰੀਤ ਸ਼ੁਰੂ ਕੀਤੀ। ਇਹ ਸਦੀਵੀ ਸੱਚ ਹੈ ਕਿ ਇਤਿਹਾਸ ਸਿਰਫ਼ ਜੰਗਾਂ, ਖੋਜਾਂ ਜਾਂ ਕ੍ਰਾਂਤੀਆਂ ਨਾਲ ਹੀ ਨਹੀਂ ਲਿਖਿਆ ਜਾਂਦਾ ਸਗੋਂ ਇਹ ਉਨ੍ਹਾਂ ਲੋਕਾਂ ਦੇ ਜੀਵਨ-ਚਿੰਨ੍ਹਾਂ ਵਿੱਚ ਵੀ ਵੱਸਦਾ ਹੈ ਜਿਨ੍ਹਾਂ ਨੇ ਉਹ ਸਮਾਂ ਬਿਤਾਇਆ ਹੋਵੇ। ਉਨ੍ਹਾਂ ਦੇ ਸੁਪਨੇ, ਜੀਵਨ-ਸ਼ੈਲੀਆਂ ਤੇ ਮੁਸ਼ਕਿਲਾਂ ਮਿਲ ਕੇ ਇੱਕ ਪੀੜ੍ਹੀ ਬਣਾਉਂਦੀਆਂ ਹਨ। ਸਾਈਲੈਂਟ ਪੀੜ੍ਹੀ ਤੋਂ ਲੈ ਕੇ ਅੱਜ ਦੀ ਅਲਫ਼ਾ ਪੀੜ੍ਹੀ ਤੱਕ, ਹਰ ਨਾਮ ’ਚ ਇੱਕ ਕਹਾਣੀ ਹੈ: ਹੌਸਲੇ ਦੀ, ਬਦਲਾਅ ਦੀ ਅਤੇ ਉਮੀਦ ਦੀ।

‘ਜੈਨਰੇਸ਼ਨ ਜ਼ੈਡ’ ਨੇਪਾਲ ਦੇ ਘਟਨਾਕ੍ਰਮ ਤੋਂ ਬਾਅਦ ਦੁਨੀਆ ’ਚ ਅੱਜਕੱਲ੍ਹ ਇੱਕ ਚਰਚਿਤ ਸ਼ਬਦ ਹੈ ਕਿਉਂਕਿ ਇਹ ਨੌਜਵਾਨਾਂ ਦੀ ਬਦਲਦੀ ਸੋਚ ਦਾ ਪ੍ਰਤੀਕ ਹੈ। ਜੈਨਰੇਸ਼ਨ ਜ਼ੈਡ ਨਵੀਨਤਾ, ਸੁਤੰਤਰਤਾ ਅਤੇ ਸਮਾਜਿਕ ਪ੍ਰਭਾਵ ਦਾ ਪ੍ਰਤੀਕ ਬਣ ਰਹੀ ਹੈ, ਜਿਸ ਕਾਰਨ ਉਹ ਗੱਲਬਾਤ ਦਾ ਕੇਂਦਰ ਹੈ। ਮੋਮਬੱਤੀਆਂ ਤੋਂ ਸਮਾਰਟਫੋਨਾਂ ਤੱਕ, ਚੁੱਪ ਤੋਂ ਗਲੋਬਲ ਆਵਾਜ਼ਾਂ ਤੱਕ, ਹਰ ਪੀੜ੍ਹੀ ਨੇ ਇਤਿਹਾਸ ਦੀ ਮਸ਼ਾਲ ਫੜ ਭਵਿੱਖ ਦੀ ਪੀੜ੍ਹੀ ਦਾ ਰਾਹ ਰੁਸ਼ਨਾਇਆ ਹੈ। ਆ , ਇਸ ਹੀ ਸੰਦਰਭ ’ਚ ਇਨ੍ਹਾਂ ਪੀੜ੍ਹੀਆਂ ਬਾਬਤ ਗੱਲਬਾਤ ਕਰੀਏ।

**ਲਾਸਟ ਜੈਨਰੇਸ਼ਨ (1883–1900):** ਲਾਸਟ ਯਾਨੀ ਕਿ ਗੁੰਮ ਹੋਈ ਪੀੜ੍ਹੀ, ਉਹ ਜਨਸੰਖਿਆ ਸਮੂਹ ਸੀ ਜੋ ਪਹਿਲੇ ਵਿਸ਼ਵ ਯੁੱਧ ਦੌਰਾਨ ਸ਼ੁਰੂਆਤੀ ਬਾਲਗਤਾ ਤੱਕ ਪਹੁੰਚਿਆ ਸੀ। ‘ਲਾਸਟ’ ਇਸ ਲਈ ਕਿਹਾ ਗਿਆ ਕਿਉਂਕਿ ਉਹ ਜੰਗ ਦੇ ਜ਼ਖ਼ਮਾਂ ਅਤੇ ਆਪਣੀ ਪਛਾਣ ਦੀ ਬੇਚੈਨ ਖੋਜ ਵਿੱਚ ਗੁੰਮ ਹੋ ਗਏ ਸਨ। ਇਹ ਉਸ ਨੌਜਵਾਨ ਪੀੜ੍ਹੀ ਨੂੰ ਕਿਹਾ ਜਾਂਦਾ ਹੈ ਜੋ ਪਹਿਲੇ ਵਿਸ਼ਵ ਯੁੱਧ (1914–1918) ਦੌਰਾਨ ਅਤੇ ਇਸ ਤੋਂ ਬਾਅਦ ਜਵਾਨ ਹੋਈ। ਯੁੱਧ ਦੀ ਭਾਰੀ ਤਬਾਹੀ, ਬੇਹਿਸਾਬ ਜਾਨਾਂ ਦੇ ਨੁਕਸਾਨ ਅਤੇ ਸਮਾਜਿਕ ਉਥਲ-ਪੁਥਲ ਕਾਰਨ ਇਹ ਪੀੜ੍ਹੀ ਰਵਾਇਤੀ ਦੇਸ਼ ਭਗਤੀ, ਨੈਤਿਕਤਾ ਅਤੇ ਸਥਿਰਤਾ ਵਾਲੀਆਂ ਕਦਰਾਂ-ਕੀਮਤਾਂ ਤੋਂ ਨਿਰਾਸ਼ ਹੋ ਗਈ। ਲੇਖਕਾਂ, ਕਲਾਕਾਰਾਂ ਅਤੇ ਵਿਚਾਰਕਾਂ ਨੇ ਪੁਰਾਣੇ ਨਿਯਮਾਂ ਨੂੰ ਰੱਦ ਕਰਦੇ ਹੋਏ ਜ਼ਿੰਦਗੀ ਦੇ ਨਵੇਂ ਅਰਥ ਲੱਭਣ ਦੀ ਕੋਸ਼ਿਸ਼ ਕੀਤੀ। ਇਹ ਪੀੜ੍ਹੀ ਅਧਿਕਾਰ ’ਤੇ ਸਵਾਲ ਉਠਾਉਂਦੀ, ਜੈਜ਼ ਸੰਗੀਤ, ਯਾਤਰਾਵਾਂ ਅਤੇ ਆਧੁਨਿਕ ਜੀਵਨਸ਼ੈਲੀ ਨੂੰ ਅਪਣਾਉਂਦੀ ਹੋਈ ਵੀ ਅੰਦਰੋਂ ਡੂੰਘੀ ਨਿਰਾਸ਼ਾ ਛੁਪਾਉਣ ਦਾ ਯਤਨ ਕਰਦੀ ਸੀ।



**ਗ੍ਰੇਟੈਸਟ ਜੈਨਰੇਸ਼ਨ (1901–1927) :** ਗ੍ਰੇਟੈਸਟ ਜੈਨਰੇਸ਼ਨ ਉਹ ਮਰਦਾਂ ਅਤੇ ਔਰਤਾਂ ਦੀ ਪੀੜ੍ਹੀ ਨੂੰ ਕਿਹਾ ਜਾਂਦਾ ਹੈ ਜੋ ਮਹਾਂਮੰਦੀ (1930 ਦੇ ਦਹਾਕੇ) ਦੇ ਸਮੇਂ ਵਿੱਚ ਜਵਾਨ ਹੋਏ ਅਤੇ ਦੂਜੇ ਵਿਸ਼ਵ ਯੁੱਧ (1939–1945) ਵਿੱਚ ਲੜੇ ਜਾਂ ਉਸ ਦੀ ਜਿੱਤ ਵਿੱਚ ਯੋਗਦਾਨ ਪਾਇਆ। ਮੁਸ਼ਕਿਲ ਹਾਲਾਤ ਨੇ ਉਨ੍ਹਾਂ ਵਿੱਚ ਹਿੰਮਤ, ਬਲੀਦਾਨ ਅਤੇ ਸਹਿਨਸ਼ੀਲਤਾ ਵਰਗੇ ਗੁਣ ਪੈਦਾ ਕੀਤੇ। ਕਈ ਲੋਕ ਸੈਨਿਕਾਂ ਵਜੋਂ ਜੰਗ ਵਿੱਚ ਉਤਰੇ, ਜਦੋਂਕਿ ਹੋਰਾਂ ਨੇ ਫੈਕਟਰੀਆਂ, ਖੇਤਾਂ ਅਤੇ ਕਮਿਊਨਿਟੀਆਂ ਵਿੱਚ ਕੰਮ ਕਰਕੇ ਯੁੱਧ ਯਤਨਾਂ ਨੂੰ ਸਮਰਥਨ ਦਿੱਤਾ। ਉਹ ਆਰਥਿਕ ਤੰਗੀਆਂ, ਰਾਸ਼ਨਬੰਦੀ ਅਤੇ ਨਿੱਜੀ ਨੁਕਸਾਨਾਂ ਦੇ ਬਾਵਜੂਦ ਫਰਜ਼ ਅਤੇ ਦੇਸ਼ ਭਗਤੀ ਦੀ ਮਜ਼ਬੂਤ ਭਾਵਨਾ ਨਾਲ ਇਕੱਠੇ ਰਹੇ। ਜੰਗ ਤੋਂ ਬਾਅਦ ਉਨ੍ਹਾਂ ਨੇ ਦੇਸ਼ਾਂ ਨੂੰ ਦੁਬਾਰਾ ਖੜ੍ਹਾ ਕੀਤਾ, ਆਰਥਿਕ ਵਿਕਾਸ ਨੂੰ ਗਤੀ ਦਿੱਤੀ ਅਤੇ ਆਧੁਨਿਕ ਲੋਕਤੰਤਰ, ਨਾਗਰਿਕ ਅਧਿਕਾਰਾਂ ਅਤੇ ਤਕਨੀਕੀ ਤਰੱਕੀ ਦੀ ਨੀਂਹ ਰੱਖੀ।

**ਸਾਈਲੈਂਟ (ਚੁੱਪ) ਪੀੜ੍ਹੀ (1928–1945):** ਮੰਦਭਾਗੀ ਮਹਾਂਮੰਦੀ ਤੇ ਦੂਜੇ ਵਿਸ਼ਵ ਯੁੱਧ ਦੇ ਦੌਰ ਵਿੱਚ ਜਨਮੀ ਇਹ ਪੀੜ੍ਹੀ ਸਰੋਤਾਂ ਦੀ ਘਾਟ, ਜੰਗ ਦੇ ਡਰ ਅਤੇ ਤਿਆਗ ਦੇ ਮਾਹੌਲ ’ਚ ਪਲੀ। ਇਹ ‘ਚੁੱਪ’ ਇਸ ਲਈ ਨਹੀਂ ਸੀ ਕਿ ਉਨ੍ਹਾਂ ਕੋਲ ਆਵਾਜ਼ ਨਹੀਂ ਸੀ, ਪਰ ਇਸ ਲਈ ਕਿ ਜਿਊਣ ਲਈ ਸਹਿਣਸ਼ੀਲਤਾ ਤੇ ਅਨੁਸ਼ਾਸਨ ਲਾਜ਼ਮੀ ਸਨ। ਇਹ ਉਹ ਲੋਕ ਹਨ ਜੋ ਦੂਜੇ ਵਿਸ਼ਵ ਯੁੱਧ ਦੌਰਾਨ ਜਿਉਂਦੇ ਰਹੇ। ਇਹ ਨਾਮ 1950 ਦੇ ਦਹਾਕੇ ਦੇ ਟਾਈਮ ਮੈਗਜ਼ੀਨ ਦੇ ਇੱਕ ਲੇਖ ਤੋਂ ਆਇਆ ਹੈ ਅਤੇ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਇਸ ਪੀੜ੍ਹੀ ਦੇ ਬੱਚਿਆਂ ਨੂੰ ਦੇਖਿਆ ਜਾਣਾ ਅਤੇ ਸੁਣਿਆ ਨਾ ਜਾਣਾ ਸਿਖਾਇਆ ਗਿਆ ਸੀ।



ਜਗਦੀਸ਼ ਸਿੰਘ ਗਣੇਸ਼ਪੁਰ

**ਬੇ ਬੀ ਬੂਮਰਜ਼ (1946–1964) :** ਜਦੋਂ ਜੰਗ ਖ਼ਤਮ ਹੋਈ ਤਾਂ ਸ਼ਾਂਤੀ ਤੇ ਆਸ ਨੇ ਜਨਮ ਦਰ ਵਧਾਈ, ਇਸ ਲਈ ਇਨ੍ਹਾਂ ਨੂੰ ‘ਬੇਬੀ ਬੂਮਰਜ਼’ ਕਿਹਾ ਗਿਆ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਜਨਮ ਦਰ ਦੇ ਵੱਡੇ ਵਾਧੇ ਕਾਰਨ ਉਨ੍ਹਾਂ ਦਾ ਨਾਮ ਇਸ ਤਰ੍ਹਾਂ ਰੱਖਿਆ ਗਿਆ ਹੈ। ਇਹ ਸਮੂਹ 1946 ’ਚ ਸ਼ੁਰੂ ਹੁੰਦਾ ਹੈ ਅਤੇ 1964 ਦੇ ਆਸਪਾਸ ਪੈਦਾ ਹੋਏ ਲੋਕਾਂ ਨਾਲ ਖ਼ਤਮ ਹੁੰਦਾ ਹੈ, ਜਦੋਂ ਜਨਮ ਦਰ ਦੁਬਾਰਾ ਘਟਣੀ ਸ਼ੁਰੂ ਹੋਈ। ਇਹ ਪੀੜ੍ਹੀ ਨਵੀਂ ਖੁਸ਼ਹਾਲੀ ਵਿੱਚ ਵਧੀ, ਟੈਲੀਵਿਜ਼ਨ ਨੇ ਘਰਾਂ ਨੂੰ ਰੌਸ਼ਨ ਕੀਤਾ, ਟੀਕਾਕਰਨ ਨੇ ਬਿਮਾਰੀਆਂ ਨੂੰ ਹਰਾਇਆ ਤੇ ਅਰਥ-ਵਿਵਸਥਾਵਾਂ ਵਿੱਚ ਤੇਜ਼ੀ ਆਈ। ਇਨ੍ਹਾਂ ਨੇ ਪਰਿਵਾਰ, ਨੌਕਰੀ ਤੇ ਸੁਰੱਖਿਆ ਨੂੰ ਪ੍ਰਮੁੱਖਤਾ ਦਿੱਤੀ, ਪਰ ਉਨ੍ਹਾਂ ਦੀ ਖਪਤ ਨੇ ਵਾਤਾਵਰਨ ਤੇ ਅਰਥ-ਵਿਵਸਥਾ ਉੱਤੇ ਭਾਰੀ ਬੋਝ ਵੀ ਛੱਡਿਆ।

**ਜੈਨਰੇਸ਼ਨ ਐਕਸ (1965–1980):** ਜੈਨਰੇਸ਼ਨ ਐਕਸ ਨੂੰ ਅਕਸਰ ‘ਇਤਿਹਾਸ ਦਾ ਵਿਚਕਾਰਲਾ ਬੱਚਾ’ ਵੀ ਕਿਹਾ ਜਾਂਦਾ ਹੈ। ਇਨ੍ਹਾਂ ਨੇ ਐਨਾਲਾਗ ਤੋਂ ਡਿਜ਼ੀਟਲ ਤੱਕ ਦਾ ਸਫ਼ਰ ਆਪਣੀਆਂ ਅੱਖਾਂ ਨਾਲ ਵੇਖਿਆ। ਇਨ੍ਹਾਂ ਕੋਲ ਟਾਈਪਰਾਈਟਰ ਵੀ ਸੀ ਅਤੇ ਨਿੱਜੀ ਕੰਪਿਊਟਰ

(ਬਾਕੀ ਅਗਲੇ ਸਫੇ ‘ਤੇ)

# ਚੜ੍ਹਿਆ ਮਾਘ ਪੱਤ ਝੜੇ, ਆਈ ਬਸੰਤ ਤੇ ਪਾਲਾ ਉਡੰਤ



ਕੁਦਰਤ ਦੇ ਨਿਯਮ ਅਟੱਲ ਹਨ। ਮਨੁੱਖ ਇਨ੍ਹਾਂ ਨੂੰ ਕਿਸੇ ਸੂਰਤ ਵਿੱਚ ਵੀ ਟਾਲ ਨਹੀਂ ਸਕਦਾ ਤੇ ਜੇਕਰ ਟਾਲਣ ਦੀ ਕੋਸ਼ਿਸ਼ ਵੀ ਕਰੇਗਾ ਤਾਂ ਉਸ ਦਾ ਪ੍ਰਣਾਮ ਉਸ ਦੇ ਲਈ ਘਾਤਕ ਸਿੱਧ ਹੋਵੇਗਾ। ਮੌਸਮ ਦਾ ਬਦਲਣਾ ਅਤੇ ਸਮੇਂ ਦਾ ਬਦਲਣਾ ਇਹ ਕੁਦਰਤ ਦੇ ਹੱਥ ਵਿੱਚ ਹੈ। ਬਣਾਉਟੀ ਮੀਂਹ ਪਾਇਆ ਜਾ ਸਕਦਾ ਹੈ, ਪਰ ਕੁਦਰਤ ਤੋਂ ਪਵਾਇਆ ਨਹੀਂ ਜਾ ਸਕਦਾ। ਇਸੇ ਤਰ੍ਹਾਂ ਕਹਾਵਤ ਅਨੁਸਾਰ ਕੁਦਰਤ ਤੋਂ ਕੋਈ ਵੀ ਬਲੀ ਨਹੀਂ ਹੈ। ਸ੍ਰਿਸ਼ਟੀ ਦੀ ਰਚਨਾ ਕੁਦਰਤ ਅਨੁਸਾਰ ਹੋਈ ਤੇ ਅੱਜ ਤੱਕ ਹੋ ਰਹੀ ਹੈ।

ਮੰਨਿਆ ਕਿ ਵਿਗਿਆਨ ਨੇ ਬਹੁਤ ਤਰੱਕੀ ਕਰ ਲਈ ਹੈ, ਪਰ ਕੁਦਰਤ ਦੀ ਥਾਹ ਉਹ ਅੱਜ ਤੱਕ ਨਹੀਂ ਪਾ ਸਕਿਆ। ਜੋ ਉਸ ਨੂੰ ਮਨਜ਼ੂਰ ਹੈ, ਉਹੀ ਮਨੁੱਖ ਕਰ ਸਕਦਾ ਹੈ। ਉਹੀ ਵਿਗਿਆਨ ਕਰ ਸਕਦਾ ਹੈ, ਪਰ ਜੇਕਰ ਨਹੀਂ ਮਨਜ਼ੂਰ ਤਾਂ ਸਾਰੀ ਸਾਇੰਸ ਫੇਲ੍ਹ ਹੋ ਸਕਦੀ ਹੈ। ਇਸੇ ਕਰਕੇ ਕੁਝ ਕੰਮ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਅਤੇ ਪੂਰਨ ਵਿਸ਼ਵਾਸ ਹੋਣ ਦੇ ਬਾਵਜੂਦ ਸਿਰੇ ਨਹੀਂ ਲੱਗਦੇ। ਪੂਰੀ ਸ੍ਰਿਸ਼ਟੀ ਕੁਦਰਤ ਦੀ ਸਹਿਮਤੀ ਨਾਲ ਹੀ ਚੱਲ ਰਹੀ ਹੈ।

ਜਦੋਂ ਘਰਾਂ ਵਿੱਚ ਕੋਈ ਘੜੀ ਘੰਟਾ ਨਹੀਂ ਸੀ, ਉਦੋਂ ਵੀ ਲੋਕ ਆਪਣੇ ਕੰਮ ਵਕਤ ਸਿਰ ਕਰਦੇ ਸਨ। ਉਸ ਵੇਲੇ ਸੂਰਜ ਦੀ ਧੁੱਪ ਨੂੰ ਮਿਣ ਕੇ ਜਾਂ ਪਰਛਾਵੇ ਮਿਣ ਕੇ ਉਹ



ਪਹਿਰਾਂ ਦਾ ਅੰਦਾਜ਼ਾ ਲਾ ਲੈਂਦੇ ਸਨ। ਰਾਤ ਦਾ ਸਮਾਂ ਨੋਟ ਕਰਨ ਲਈ ਉਨ੍ਹਾਂ ਕੋਲ ਤਾਰੇ ਅਤੇ ਚੰਦ ਮੌਜੂਦ ਸਨ ਜੋ ਅੱਜ ਵੀ ਹਨ। ਤਾਰਿਆਂ ਦਾ ਵੱਖ ਵੱਖ ਦਿਸ਼ਾਵਾਂ ਤੋਂ ਚੜ੍ਹਨਾ ਅਤੇ ਲੋਪ ਹੋਣ ਦੀਆਂ ਪ੍ਰਕਿਰਿਆਵਾਂ ਹੀ ਉਨ੍ਹਾਂ ਲਈ ਘੜੀ ਦਾ ਕੰਮ ਕਰਦੀਆਂ ਸਨ। ਖਿੱਤੀ (ਤਾਰਿਆਂ ਦਾ ਸਮੂਹ) ਦਾ ਚੜ੍ਹਨਾ ਅਤੇ ਖਿੱਤੀ ਦਾ ਢਲਣਾ ਵਰਗੀਆਂ ਕਿਰਿਆਵਾਂ ਦਾ ਵਿਸ਼ੇਸ਼ ਮਹੱਤਵ ਸੀ ਕਿਉਂਕਿ ਇਸੇ ਤੋਂ ਹੀ ਸਮੇਂ ਦੇ ਬਦਲਣ ਦਾ ਅੰਦਾਜ਼ਾ ਲਗਾਇਆ ਜਾਂਦਾ ਸੀ।

ਇਸੇ ਤਰ੍ਹਾਂ ਮਹੀਨੇ ਦਾ ਹਿਸਾਬ ਕਿਤਾਬ ਰੱਖਣ ਲਈ ਵੀ ਦੋ ਪੱਖਾਂ ਦੀ ਵੰਡ ਕੀਤੀ ਗਈ ਹੈ। ਇੱਕ ਸ਼ੁਕਲ ਪੱਖ ਤੇ ਦੂਜਾ ਕ੍ਰਿਸ਼ਨ ਪੱਖ। ਭਾਵ ਇੱਕ ਹਨੇਰਾ ਤੇ ਦੂਜਾ ਚਾਨਣਾ। ਪੂਰਨਮਾਸ਼ੀ ਨੂੰ ਜਦੋਂ ਚੰਦਰਮਾ ਪੂਰਾ ਹੁੰਦਾ ਹੈ ਤਾਂ ਇਹ ਸਭ ਤੋਂ ਵੱਡੀ ਨਿਸ਼ਾਨੀ ਹੁੰਦੀ ਹੈ ਕਿ ਮਹੀਨਾ ਪੂਰਾ ਹੋ ਗਿਆ। ਇਸ ਤੋਂ ਬਾਅਦ ਅਗਲੇ ਦਿਨ ਚੰਦਰਮਾ ਚੜ੍ਹਦਾ ਹੈ ਤਾਂ ਇਹ ਕੁਝ ਦੇਰ ਨਾਲ ਚੜ੍ਹਦਾ ਹੈ। ਇਸ ਨਾਲ ਹਨੇਰੇ ਪੱਖ ਦੀ ਸ਼ੁਰੂਆਤ ਹੁੰਦੀ ਹੈ ਅਤੇ 15 ਦਿਨ ਚੰਦਰਮਾ ਹੌਲੀ ਹੌਲੀ ਘਟਦਾ ਹੈ, ਤਿੱਥਾਂ ਬਦਲਦੀਆਂ ਹਨ। ਪੂਰਨਮਾਸ਼ੀ ਤੋਂ ਅਗਲੇ ਦਿਨ ਚੰਦਰਮਾ ਦੇ ਦੇਰ ਨਾਲ ਚੜ੍ਹਨ ਨੂੰ ਚੰਦ ਦਾ ਗੋਡੀ ਮਾਰਨਾ ਵੀ ਕਿਹਾ ਜਾਂਦਾ ਹੈ। ਹਨੇਰੇ ਪੱਖ ਦੀ ਚੌਦਸ ਵਾਲੇ

**ਜੋਗਿੰਦਰ ਕੌਰ ਅਗਨੀਹੋਤਰੀ**

ਦਿਨ ਚੰਦਰਮਾ ਬਿਲਕੁਲ ਵੱਡੇ ਤੜਕੇ ਤੋਂ ਵੀ ਬਾਅਦ ਚੜ੍ਹਦਾ ਹੈ ਜਿਸ ਦਾ ਆਕਾਰ ਬਹੁਤ ਪਤਲਾ ਹੁੰਦਾ ਹੈ। ਇੰਜ ਲੱਗਦਾ ਹੈ ਜਿਵੇਂ ਕਿਸੇ ਖਰਬੂਜ਼ੇ ਦੀ ਫਾੜੀ ਕੱਟੀ ਹੋਵੇ। ਮੱਸਿਆ ਵਾਲੇ ਦਿਨ ਚੰਦਰਮਾ ਬਿਲਕੁਲ ਦਿਖਾਈ ਨਹੀਂ ਦਿੰਦਾ ਅਤੇ ਨਾ ਹੀ ਏਕਮ ਵਾਲੇ ਦਿਨ। ਇਸ ਤਰ੍ਹਾਂ ਦੂਜ ਦਾ ਚੰਦ ਵੀ ਹਨੇਰੇ ਪੱਖ ਦੀ ਚੌਦਸ ਵਾਂਗ ਹੀ ਚੜ੍ਹਦਾ ਹੈ। ਦਿਨਾਂ ਦੇ ਲਗਾਤਾਰ ਚੱਲਦਿਆਂ ਵਧਣ ਘਟਣ ਦਾ ਅੰਦਾਜ਼ਾ ਮੌਸਮ ਭਾਵ ਰੁੱਤਾਂ ਦੇ ਅਨੁਸਾਰ ਹੀ ਲਾਇਆ ਜਾਂਦਾ ਹੈ। ਸੂਰਜ ਦੀ ਰੌਸ਼ਨੀ ਨਾਲ ਵਧਦੇ ਘਟਦੇ ਰੁੱਖਾਂ ਜਾਂ ਕੰਧਾਂ ਕੋਠਿਆਂ ਦੇ ਪਰਛਾਵਿਆਂ ਨੂੰ ਧਿਆਨ ਵਿੱਚ ਰੱਖ ਕੇ ਹੀ ਦਿਨ ਦੇ ਵਧਣ ਘਟਣ ਦਾ ਪਤਾ ਲਾਉਣਾ ਹੀ ਮਨੁੱਖੀ ਸੂਝ ਦਾ ਪ੍ਰਦਰਸ਼ਨ ਹੈ।

ਸਰਦ ਰੁੱਤ ਵਿੱਚ ਸੂਰਜ ਦੇਰੀ ਨਾਲ ਚੜ੍ਹਦਾ ਹੈ ਤੇ ਛਿਪਦਾ ਪਹਿਲਾਂ ਹੈ। ਉਸੇ ਮਹੀਨੇ ਨੂੰ ਸਭ ਤੋਂ ਛੋਟਾ ਮੰਨਦੇ ਹਨ, ਪਰ ਦਸ ਪੋਹ ਯਾਨੀ 25 ਦਸੰਬਰ ਤੋਂ ਦਿਨ ਵਧਣੇ ਸ਼ੁਰੂ ਹੋ ਜਾਂਦੇ ਹਨ। ਇਹ ਦਿਨ ਥੋੜ੍ਹੇ ਥੋੜ੍ਹੇ ਵਧਦੇ ਹਨ। ਉੱਧਰ ਜੂਨ ਦੇ ਮਹੀਨੇ ਦੀ 23 ਤਰੀਕ ਨੂੰ ਜਾਂ 10 ਹਾੜ ਨੂੰ ਦਿਨ ਘਟਣੇ ਸ਼ੁਰੂ ਹੋ ਜਾਂਦੇ ਹਨ। ਉਨੱਤੀ ਜਾਂ ਤੀਹ ਪੋਹ ਨੂੰ ਸਰਦੀ ਦਾ ਆਖਰੀ ਦਿਨ ਮੰਨਦੇ ਹੋਏ ਠੰਢ ਨੂੰ ਵਿਦਾਈ ਦੇ ਕੇ ਲੋਹੜੀ ਬਾਲੀ ਜਾਂਦੀ ਹੈ। ਲੋਹੜੀ ਪਿੱਛੇ ਭਾਵੇਂ ਅਨੇਕਾਂ ਇਤਿਹਾਸਕ, ਮਿਥਿਹਾਸਕ ਅਤੇ ਪੁਰਾਣਕ ਕਥਾਵਾਂ ਹਨ, ਪਰ ਇਸ ਦਾ ਸਬੰਧ ਮੌਸਮ ਨਾਲ ਵੀ ਹੈ। ਇਸ ਮਹੀਨੇ ਵਿੱਚ ਠੰਢ ਦੇ ਝੰਬੇ ਹੋਏ ਪੱਤੇ ਹੌਲੀ ਹੌਲੀ ਕਿਰਨ ਲੱਗ ਜਾਂਦੇ ਹਨ ਤਾਂ ਹੀ ਕਿਹਾ ਗਿਆ ਹੈ;

ਚੜ੍ਹਿਅ ਮਾਘ ਪੱਤ ਝੜੇ
ਨਵੇਂ ਨਾਲ ਨਵਾਂ ਰੰਗ ਲਿਆਏ।

ਧੁੱਪ ਦੇ ਚੜ੍ਹਨ ਨਾਲ ਪ੍ਰਕਿਰਤੀ ਦੀ ਹਰ ਚੀਜ਼ 'ਤੇ ਨਿਖਾਰ ਆਉਂਦਾ ਹੈ। ਪਸ਼ੂ-ਪੰ-ਛੀਆਂ ਅਤੇ ਜੀਵ-ਜੰਤੂਆਂ ਨੂੰ ਰਾਹਤ ਮਿਲਦੀ ਹੈ ਕਿਉਂਕਿ ਜੋ ਜੀਵ ਧਰਤੀ ਦੇ ਅੰਦਰ ਰਹਿਣ ਵਾਲੇ ਹਨ, ਉਹ ਠੰਢ ਕਾਰਨ ਲੰਮਾ ਸਮਾਂ ਧਰਤੀ ਅੰਦਰ ਹੀ ਰਹਿੰਦੇ ਹਨ। ਹੌਲੀ ਹੌਲੀ ਉਹ ਬਾਹਰ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਧੁੱਪ ਨਿਕਲਣ ਨਾਲ ਫ਼ਸਲਾਂ ਹੋਰ ਜ਼ਿਆਦਾ ਪ੍ਰਫੁੱਲਤ ਹੁੰਦੀਆਂ ਹਨ ਅਤੇ ਆਪ ਮੁਹਾਰੇ ਪੈਦਾ ਹੋਈਆਂ ਜੜੀਆਂ-ਬੂਟੀਆਂ ਵਿਗਸਦੀਆਂ ਹਨ। ਸਰ੍ਹੋਂ ਦੇ ਪੀਲੇ ਫੁੱਲਾਂ ਦਾ ਖੇਤਾਂ ਵਿੱਚ ਨਜ਼ਾਰਾ ਹੀ ਵੱਖਰਾ ਹੁੰਦਾ ਹੈ ਜਿਵੇਂ ਹਰੇ ਰੰਗ ਦੀ ਚਾਦਰ ਉੱਤੇ ਪੀਲੇ ਫੁੱਲਾਂ ਦੀ ਕਢਾਈ ਕੀਤੀ ਹੋਵੇ।

ਇਨ੍ਹਾਂ ਫੁੱਲਾਂ ਦੇ ਖਿੜਨ ਨਾਲ ਕੀਟ ਪਤੰਗੇ ਵੀ ਆਨੰਦ ਮਾਣਦੇ ਰਹੇ ਹਨ। ਇਨ੍ਹਾਂ ਫੁੱਲਾਂ ਉੱਤੇ ਤਿਤਲੀਆਂ, ਭੌਰੇ ਅਤੇ ਮਧੂ ਮੱਖੀਆਂ ਆ ਕੇ ਰਸ ਚੂਸਦੀਆਂ ਕੁਦਰਤ ਦਾ ਅਤੇ ਫੁੱਲਾਂ ਦਾ ਸ਼ੁਕਰਾਨਾ ਕਰਦੀਆਂ ਹਨ। ਇਨ੍ਹਾਂ ਦਿਨਾਂ ਵਿੱਚ ਬੇਰੀਆਂ ਦੇ ਬੇਰ ਵੀ ਪੱਕਦੇ ਹਨ, ਜਿਸ ਦਾ ਸਵਾਦ ਮਨੁੱਖ ਤੋਂ ਬਿਨਾਂ ਤੋਤੇ ਅਤੇ ਹੋਰ ਤੋਤਿਆਂ ਵਰਗੇ ਲੰਬੀ ਚੁੰਝ ਵਾਲੇ ਸਬਜ਼ ਚਿੜੇ ਵੀ ਬਹੁਤ ਆਨੰਦ ਮਾਣਦੇ ਹਨ, ਪਰ ਛੋਟੀਆਂ ਚਿੜੀਆਂ ਆਪਣੇ ਵਿੱਤ ਮੁਤਾਬਕ ਇਸ ਨੂੰ ਖਾਂਦੀਆਂ ਹਨ। ਮਨੁੱਖ ਦਾ ਇਹ ਮਨ ਭਾਉਂਦਾ ਫਲ ਹੈ ਅਤੇ ਇਹ ਸਿਹਤ ਵਾਸਤੇ ਵਧੀਆ ਵੀ ਹੈ। ਸੇਬਾਂ ਉੱਤੇ ਪੈਸੇ ਲੱਗਦੇ ਹਨ ਜਦੋਂਕਿ ਇਸ ਕੁਦਰਤੀ ਨਿਆਮਤ ਦੀ ਕਮੀ ਨਹੀਂ ਹੈ ਕਿਉਂਕਿ ਰਾਹਾਂ 'ਤੇ ਉੱਗੇ ਆਪ ਮੁਹਾਰੇ ਲੱਗੇ ਰੁੱਖਾਂ ਉੱਤੇ ਬੇਰ ਲੱਗਦੇ ਹਨ ਤਾਂ ਇਸ ਉੱਤੇ ਸਭ ਦਾ ਹੀ ਅਧਿਕਾਰ ਹੁੰਦਾ ਹੈ ਸੋ ਕੋਈ ਵੀ ਇਸ ਨੂੰ ਤੋੜ ਕੇ ਖਾ ਸਕਦਾ ਹੈ। ਬੇਰ ਸਿਹਤ ਲਈ ਬਹੁਤ ਵਧੀਆ ਖੁਰਾਕ ਹਨ;

ਕੱਚਰ, ਬੇਰ ਸਵੇਰੇ ਖਾਈਏ
ਤਿਲ ਕੀ ਮੁੱਠੀ ਆਥਣ ਨੂੰ।

ਮਾਘ ਦੇ ਮਹੀਨੇ ਨੂੰ ਜੇਕਰ ਧਾਰਮਿਕ ਦ੍ਰਿਸ਼ਟੀ ਤੋਂ ਵਾਚਿਆ ਜਾਵੇ ਤਾਂ ਸਾਰੇ ਹੀ ਇਸ ਨੂੰ ਵਿਸ਼ੇਸ਼ ਮਹੀਨਾ ਮੰਨਦੇ ਹਨ। ਇਸ ਨੂੰ ਸਾਲ ਦਾ ਗਿਆਰ੍ਹਵਾਂ ਮਹੀਨਾ ਵੀ ਮੰਨਿਆ ਜਾਂਦਾ ਹੈ। ਲੋਹੜੀ ਤੋਂ ਅਗਲੇ ਦਿਨ ਜਦੋਂ ਸੰਗਰਾਂਦ ਯਾਨੀ ਇੱਕ ਮਾਘ ਹੁੰਦਾ ਹੈ ਤਾਂ ਲੋਕ ਆਪਣੀ ਸ਼ਰਧਾ ਅਨੁਸਾਰ ਵੱਖ-ਵੱਖ ਤੀਰਥ ਸਥਾਨਾਂ 'ਤੇ ਇਸ਼ਨਾਨ ਕਰਦੇ ਹਨ ਅਤੇ ਪੁੰਨ ਕਰਨਾ ਚੰਗਾ ਸਮਝਦੇ ਹਨ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਖ ਵੱਖ ਤੀਰਥ ਸਥਾਨ ਹਨ। ਪੰਜਾਬ ਵਿੱਚ ਇਸ ਦਾ ਵਿਸ਼ੇਸ਼ ਸਥਾਨ ਮੁਕਤਸਰ ਨੂੰ ਮੰਨਿਆ ਜਾਂਦਾ ਹੈ। ਇਸ ਦਿਨ ਮਾਘੀ ਦਾ ਮੇਲਾ ਲੱਗਦਾ ਹੈ ਅਤੇ ਲੋਕ ਦੂਰੋਂ ਦੂਰੋਂ ਆ ਕੇ ਇਸ ਥਾਂ 'ਤੇ ਇਸ਼ਨਾਨ ਕਰਨਾ ਚੰਗਾ ਸਮਝਦੇ ਹਨ। ਉਂਜ ਤਾਂ ਭਾਵੇਂ ਵਿਸਾਖੀ ਦਾ ਮੇਲਾ ਵੀ ਹੁੰਦਾ ਹੈ ਅਤੇ ਉਦੋਂ ਵੀ ਇਸ਼ਨਾਨ ਕੀਤਾ ਜਾਂਦਾ ਹੈ, ਪਰ ਮੁਕਤਸਰ ਦੇ ਮੇਲੇ ਨੂੰ ਲੋਕ ਗੀਤਾਂ ਵਿੱਚ ਇਸ ਤਰ੍ਹਾਂ ਵਿਚਾਰਿਆਂ ਜਾਂਦਾ ਹੈ;

ਫਿੱਡੇ ਤੋੜ ਵਿਸਾਖੀ
ਮੇਲਾ ਮੁਕਤਸਰ ਦਾ।

ਮਾਘ ਦੇ ਮਹੀਨੇ ਵਿੱਚ ਜਨਮ ਲੈਣ ਵਾਲੀ ਕੰਨਿਆਂ ਨੂੰ ਧਨਵੰਤੀ ਮੰਨਿਆ ਜਾਂਦਾ ਹੈ ਕਿਉਂਕਿ ਸਨਾਤਨੀ ਵਿਚਾਰ ਅਨੁਸਾਰ ਉਸ ਕੋਲ ਸਾਰੀ ਉਮਰ ਧਨ ਰਹਿੰਦਾ ਹੈ, ਪਰ ਇਸ ਦੇ ਉਲਟ ਮਾਘ ਦੇ ਮਹੀਨੇ ਵਿੱਚ ਸੂਣ ਵਾਲੀ ਮੱਝ ਨੂੰ ਬਹੁਤ ਹੀ ਮਾੜਾ ਸਮਝਿਆ ਜਾਂਦਾ ਹੈ।

ਸਨਾਤਨ ਧਰਮ ਨੂੰ ਮੰਨਣ ਵਾਲੇ ਜਾਂ ਦੂਜੇ ਧਰਮਾਂ ਨੂੰ ਮੰਨਣ ਵਾਲੇ ਲੋਕ ਇਸ ਮਹੀਨੇ ਵਿੱਚ ਇਸ਼ਨਾਨ ਕਰਨ ਤੋਂ ਬਾਅਦ ਘਰਾਂ ਵਿੱਚ ਲੜਕੀਆਂ ਨੂੰ ਦਾਨ ਦਿੰਦੇ ਹਨ ਅਤੇ ਪੂਜਾ ਸਥਾਨਾਂ 'ਤੇ ਵੀ ਆਪਣੀ ਆਪਣੀ ਸ਼ਰਧਾ ਮੁਤਾਬਕ ਪ੍ਰਸ਼ਾਦ ਚੜ੍ਹਾਉਂਦੇ ਹਨ। ਮਾਘ ਦੀ ਸੰਗਰਾਂਦ ਨੂੰ ਲੋਕ ਪੰਛੀਆਂ ਨੂੰ ਚੋਗਾ ਪਾਉਣਾ ਸ਼ੁਰੂ ਕਰਦੇ ਹਨ ਅਤੇ ਪੂਰਾ ਮਹੀਨਾ ਚੋਗਾ ਪਾਉਂਦੇ ਹਨ।

ਉੱਧਰ ਕੀੜਿਆਂ ਦੇ ਭੌਣ ਉੱਤੇ ਤਿਲ ਚੌਲੀ ਵੀ ਪਾਈ ਜਾਂਦੀ ਹੈ। ਇਸ ਤਰ੍ਹਾਂ ਲੋਕ ਬਾਜਰੇ ਦੀ ਖਿਚੜੀ ਅਤੇ ਚੌਲਾਂ ਦੀਆਂ ਪਿੰਨੀਆਂ ਜਾਂ ਚਿੱਟੇ ਚੌਲ ਵੀ ਪੁੰਨ ਕਰਦੇ ਹਨ ਤਾਂ ਕਿ ਉਨ੍ਹਾਂ ਨੂੰ ਪੁੰਨ ਲੱਗੇ। ਇੱਥੋਂ ਹੀ ਇਹ ਲੋਕ ਬੋਲੀ ਪੈਦਾ ਹੋਈ;

ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ
ਰੱਬ ਨੇ ਬਣਾਈਆਂ ਜੋੜੀਆਂ।

ਮਾਘ ਦੇ ਪਿਛਲੇ ਪੱਖ ਧੁੱਪ ਨਾਲ ਰੁੱਖਾਂ ਨੂੰ ਤਾਂ ਫੁਟਾਰਾ ਪੈ ਹੀ ਜਾਂਦਾ ਹੈ, ਪਰ ਨਾਲ ਹੀ ਧਰਤੀ 'ਤੇ ਉੱਗੀਆਂ ਨਿੱਕੀਆਂ ਨਿੱਕੀਆਂ ਬੂਟੀਆਂ ਆਪ ਮੁਹਾਰੇ ਖਿੜੇ ਫੁੱਲਾਂ ਕਾਰਨ ਬਹੁਤ ਹੀ ਸੋਹਣੀਆਂ ਲੱਗਦੀਆਂ ਹਨ। ਕੁਦਰਤ ਦੀ ਅਨਮੋਲ ਦੇਣ ਧਰਤੀ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੀ ਹੈ। ਇਨ੍ਹਾਂ ਵੱਖ ਵੱਖ ਤਰ੍ਹਾਂ ਦੀਆਂ ਬੂਟੀਆਂ ਦਾ ਖੇੜਾ ਅਤੇ ਰੁੱਖਾਂ ਦੇ ਨਵੇਂ ਪੱਤਿਆਂ ਦੇ ਆਉਣ ਨਾਲ ਹੀ ਇਨ੍ਹਾਂ ਦਿਨਾਂ ਨੂੰ ਬਸੰਤ ਰੁੱਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਤਾਂ ਹੀ ਕਿਹਾ ਗਿਆ ਹੈ;

ਆਈ ਬਸੰਤ ਤੇ ਪਾਲਾ ਉਡੰਤ।

# ਬਹੁਤ ਤੇਜੀ ਨਾਲ ਤੁਰਦਾ ਜਾ ਰਿਹਾ ਹੈ ਪੀੜ੍ਹੀਆਂ ਦਾ ਸਫ਼ਰ

**(ਸਫਾ 21 ਦੀ ਬਾਕੀ)**

ਵੀ। ਇਨ੍ਹਾਂ ਨੇ ਚਿੱਠੀਆਂ ਵੀ ਲਿਖੀਆਂ ਅਤੇ ਈ-ਮੇਲ ਵੀ ਭੇਜੀਆਂ। ਕੰਮਕਾਜੀ ਜੀਵਨ 'ਚ ਇਨ੍ਹਾਂ ਨੇ ਲਚਕੀਲੇਪਣ ਤੇ ਸੰਤੁਲਨ ਦੀ ਕਦਰ ਕੀਤੀ। ਇਹ ਪੂਰੀ ਤਰ੍ਹਾਂ ਨਿਸ਼ਚਿਤ ਨਹੀਂ ਹੈ ਕਿ ਇਹ ਪੀੜ੍ਹੀ ਕਿੱਥੋਂ ਸ਼ੁਰੂ ਹੁੰਦੀ ਹੈ ਅਤੇ ਕਿੱਥੋਂ ਖ਼ਤਮ ਹੁੰਦੀ ਹੈ, ਪਰ ਇਹ ਲਗਭਗ 1980 ਤੋਂ 1995 ਤੱਕ ਪੈਦਾ ਹੋਏ ਹਨ।

**ਮਿਲੇਨੀਅਲਸ/ਜੈਨਰੇਸ਼ਨ ਵਾਈ (1981-1996) :** ਇਸ ਜੈਨਰੇਸ਼ਨ ਦੇ ਸਮੇਂ ਦੌਰਾਨ ਜਵਾਨ ਹੋਏ ਮਿਲੇਨੀਅਲਸ ਨੇ ਇੰਟਰਨੈੱਟ ਦੇ ਯੁੱਗ ਵਿੱਚ ਅੱਖਾਂ ਖੋਲ੍ਹੀਆਂ। ਇਨ੍ਹਾਂ ਦੀ ਸਫਲਤਾ ਸਿਰਫ਼ ਪੈਸੇ ਨਾਲ ਨਹੀਂ ਸਗੋਂ ਤਜਰਬਿਆਂ ਨਾਲ ਮਾਪੀ ਜਾਂਦੀ ਹੈ। ਇਨ੍ਹਾਂ ਦੀ ਯੋਗਤਾ ਦੀ ਪਰਖ ਯਾਤਰਾਵਾਂ, ਰਚਨਾਤਮਕਤਾ ਅਤੇ ਸੁਤੰਤਰਤਾ ਨਾਲ ਕੀਤੀ ਜਾਂਦੀ ਹੈ, ਪਰ ਇਨ੍ਹਾਂ ਦਾ ਰਸਤਾ ਆਸਾਨ ਨਹੀਂ ਸੀ। ਕਰਜ਼ੇ ਅਤੇ ਨੌਕਰੀਆਂ ਦੀ ਅਸਥਿਰਤਾ ਨੇ ਉਨ੍ਹਾਂ ਨੂੰ ਬਹੁਤ ਕੁਝ ਸਿਖਾਇਆ। ਫਿਰ ਵੀ ਇਨ੍ਹਾਂ ਨੇ ਉੱਦਮਤਾ, ਨਵ-ਸੋਚ ਅਤੇ ਆਲਮੀ ਸਰਗਰਮੀਆਂ 'ਚ ਆਪਣੀ ਪਛਾਣ ਬਣਾਈ। ਇਸ ਪੀੜ੍ਹੀ ਨੂੰ ਸਵਾਲ ਪੁੱਛਣ ਵਾਲੀ ਪੀੜ੍ਹੀ ਵੀ ਕਿਹਾ ਜਾਂਦਾ ਹੈ।

**ਜੈਨਰੇਸ਼ਨ ਜ਼ੈਡ (1997-2012):** ਇਹ ਸੱਚੇ ਡਿਜ਼ੀਟਲ ਹਨ। ਸਮਾਰਟਫੋਨ ਅਤੇ ਸੋਸ਼ਲ ਮੀਡੀਆ ਦੇ ਦੌਰ ਵਿੱਚ ਜਨਮੀ ਇਸ ਪੀੜ੍ਹੀ ਲਈ ਜਾਣਕਾਰੀ ਦੇ ਸਮੁੰਦਰ ਵਿੱਚ ਸੱਚ ਤੇ ਝੂਠ ਨੂੰ ਵੱਖ ਕਰਨਾ ਸਭ ਤੋਂ ਵੱਡੀ ਚੁਣੌਤੀ ਹੈ। ਜੈਨ ਜ਼ੈਡ ਨੇ ਪਹਿਲੀ ਵਾਰ ਸੰਸਾਰ ਨੂੰ ਸੱਚੇ ਅਰਥਾਂ ਵਿੱਚ 'ਗਲੋਬਲ ਪਿੰਡ' ਬਣਾਇਆ। ਉਨ੍ਹਾਂ ਨੇ ਡਿਜ਼ੀਟਲ ਦਰਵਾਜ਼ੇ ਖੋਲ੍ਹੇ ਜਿੱਥੇ ਅਲਫਾ ਪੀੜ੍ਹੀ ਨੇ ਅੰਦਰ ਵਧਣਾ ਸੀ। ਅੱਜ ਦਾ ਸਮਾਂ ਜਨਰੇਸ਼ਨ ਜ਼ੈਡ ਦਾ ਹੈ। ਉਨ੍ਹਾਂ ਦੇ ਮਾਪਿਆਂ ਜਾਂ ਦਾਦੇ-ਦਾਦੀਆਂ ਨੇ ਡਿਜ਼ੀਟਲ ਦੁਨੀਆ ਵਿੱਚ ਹੌਲੀ-ਹੌਲੀ ਕਦਮ ਰੱਖਿਆ ਸੀ, ਪਰ ਜਨਰੇਸ਼ਨ ਜ਼ੈਡ ਉਸ ਦੇ ਅੰਦਰ ਹੀ ਜੰਮਿਆ ਹੈ। ਉਨ੍ਹਾਂ ਦੇ ਬਚਪਨ ਦੇ ਸਾਥੀ ਟਾਈਪਰਾਈਟਰ ਜਾਂ ਟੀਵੀ ਨਹੀਂ, ਸਗੋਂ ਸਮਾਰਟਫੋਨ, ਸੋਸ਼ਲ ਮੀਡੀਆ ਅਤੇ ਵਾਈ-ਫਾਈ ਸਨ। ਉਨ੍ਹਾਂ ਦੇ ਹੱਥ ਵਿੱਚ ਸਕਰੀਨ ਹੀ ਕਲਾਸਰੂਮ ਹੈ, ਖੇਡ ਮੈਦਾਨ ਹੈ ਅਤੇ ਦੋਸਤਾਂ ਦੀ ਸਭਾ ਵੀ। ਉਹ ਯੂਟਿਊਬ ਵੀਡੀ ਜ਼ ਰਾਹੀਂ ਸਿੱਖਦੇ ਹਨ, ਇੰਸਟਾਗ੍ਰਾਮ ਰਾਹੀਂ ਦੋਸਤ ਬਣਾਉਂਦੇ ਹਨ ਅਤੇ ਡਿਸਕੋਰਡ ਰਾਹੀਂ ਵਿਚਾਰ ਸਾਂਝੇ ਕਰਦੇ ਹਨ। ਇਸ ਸਰਹੱਦ ਰਹਿਤ ਡਿਜ਼ੀਟਲ ਦੁਨੀਆ ਦੇ ਕਿਸੇ ਵੀ ਕੋਨੇ ਨਾਲ ਆਸਾਨੀ ਨਾਲ ਗੱਲ ਕਰ ਸਕਦੇ ਹਨ।

**ਜੈਨਰੇਸ਼ਨ ਅਲਫ਼ਾ (2013-2025):** ਮਿਲੇਨੀਅਲਜ਼ ਅਤੇ ਜੈਨਰੇਸ਼ਨ ਜ਼ੈਡ ਤੋਂ ਬਾਅਦ ਹੁਣ ਦੁਨੀਆ ਜੈਨਰੇਸ਼ਨ ਅਲਫਾ ਦਾ ਸਵਾਗਤ ਕਰ ਰਹੀ ਹੈ। ਇਹ ਉਹ ਬੱਚੇ ਹਨ ਜੋ ਲਗਭਗ 2010 ਤੋਂ ਬਾਅਦ ਜੰਮੇ ਹਨ। ਅੱਜ ਦੇ ਬੱਚੇ ਜੈਨ ਅਲਫ਼ਾ ਪੀੜ੍ਹੀ ਦੇ ਹਨ। ਇਹ ਮਿਲੇਨੀਅਲ ਮਾਪਿਆਂ ਦੇ ਬੱਚੇ ਅਤੇ ਜੈਨਰੇਸ਼ਨ ਜੈਡ ਦੇ ਛੋਟੇ ਭਰਾ-ਭੈਣ ਹਨ। ਇਹ ਸਮਾਰਟ ਡਿਵਾਈਸਾਂ, ਮਸ਼ੀਨੀ ਸੂਝ-ਬੂਝ ਅਤੇ ਵਰਚੁਅਲ ਕਲਾਸਰੂਮਾਂ ਦੇ ਯੁੱਗ ਵਿੱਚ ਵਧ ਰਹੇ ਹਨ। ਇਨ੍ਹਾਂ ਲਈ ਕੋਡਿੰਗ ਉਸ ਤਰ੍ਹਾਂ ਹੀ ਆਮ ਹੋਵੇਗੀ ਜਿੰਨੀ ਬੂਮਰਜ਼ ਲਈ ਲਿਖਾਈ ਸੀ। ਅਲਫ਼ਾ ਪੀੜ੍ਹੀ ਏਆਈ ਅਤੇ ਮਨੁੱਖੀ ਜੀਵਨ ਦੇ ਸਾਂਝੇ ਸੰਸਾਰ ਦੀ ਨੀਂਹ ਰੱਖੇਗੀ। ਉਨ੍ਹਾਂ ਲਈ ਮਨੁੱਖ ਅਤੇ ਮਸ਼ੀਨ ਦਾ ਇਕੱਠੇ ਕੰਮ ਕਰਨਾ ਆਮ ਗੱਲ ਹੋਵੇਗੀ। ਜਿੱਥੇ ਜੈਨਰੇਸ਼ਨ ਜ਼ੈਡ 'ਵਾਈ-ਫਾਈ' ਵਿੱਚ ਜੰਮੀ, ਉੱਥੇ ਜਨਰੇਸ਼ਨ ਅਲਫਾ ਆਰਟੀਫਿਸ਼ਿਅਲ ਇੰਟੈਲੀਜੈਂਸ ਵਿੱਚ ਪਲ ਰਹੀ ਹੈ।

**ਅੱਗੇ ਆਉਣ ਵਾਲੀਆਂ ਪੀੜ੍ਹੀਆਂ**

**ਜੈਨਰੇਸ਼ਨ ਬੀਟਾ (2025-2039):** ਜਨਰੇਸ਼ਨ ਬੀਟਾ ਉਹ ਪੀੜ੍ਹੀ ਹੋਵੇਗੀ ਜੋ 21ਵੀਂ ਸਦੀ ਦੇ ਦੂਜੇ ਹਿੱਸੇ ਦੀ ਰੂਪ-ਰੇਖਾ ਤਿਆਰ ਕਰੇਗੀ। ਜਿੱਥੇ ਅਲਫ਼ਾ ਨੇ ਮਨੁੱਖ ਅਤੇ ਮਸਨੂਈ ਦੀ ਦੋਸਤੀ ਬਣਾਈ, ਉੱਥੇ ਹੀ ਬੀਟਾ ਇਹ ਨਿਰਧਾਰਤ ਕਰੇਗੀ ਕਿ ਇਹ ਦੋਸਤੀ ਕਿੰਨੀ ਡੂੰਘੀ ਜਾਂ ਖ਼ਤਰਨਾਕ ਹੋਵੇਗੀ। ਜੈਨਰੇਸ਼ਨ ਬੀਟਾ, ਦੁਨੀਆ ਵਿੱਚ ਆਪਣਾ ਪ੍ਰਵੇਸ਼ ਕਰਨ ਲਈ ਤਿਆਰ ਹੈ। 2025 ਅਤੇ 2039 ਦੇ ਵਿਚਕਾਰ ਪੈਦਾ ਹੋਏ ਬੱਚਿਆਂ ਵਾਲੇ ਇਸ ਸਮੂਹ ਦੇ 2035 ਤੱਕ ਵਿਸ਼ਵ ਆਬਾਦੀ ਦਾ 16 ਪ੍ਰਤੀਸ਼ਤ ਬਣਨ ਦੀ ਉਮੀਦ ਹੈ, ਜਿਸ ਵਿੱਚ ਬਹੁਤ ਸਾਰੇ 22ਵੀਂ ਸਦੀ ਦੀ ਸ਼ੁਰੂਆਤ ਦੇਖਣ ਦੀ ਸੰਭਾਵਨਾ ਰੱਖਦੇ ਹਨ। ਜਨਰੇਸ਼ਨ ਬੀਟਾ ਇੱਕ ਨਾਮਕਰਨ ਪਰੰਪਰਾ ਦੀ ਪਾਲਣਾ ਕਰਦਾ ਹੈ ਜੋ ਜਨਰੇਸ਼ਨ ਅਲਫ਼ਾ ਨਾਲ ਸ਼ੁਰੂ ਹੋਇਆ ਸੀ ਜਿਸ ਵਿੱਚ ਮਨੁੱਖੀ ਇਤਿਹਾਸ ਵਿੱਚ ਇੱਕ ਨਵੇਂ ਯੁੱਗ ਨੂੰ ਦਰਸਾਉਣ ਲਈ ਯੂਨਾਨੀ ਵਰਣਮਾਲਾ ਦੀ ਵਰਤੋਂ ਕੀਤੀ ਗਈ ਹੈ।

**ਜੈਨਰੇਸ਼ਨ ਗਾਮਾ (2040-2059):** ਇਹ ਪੀੜ੍ਹੀ ਸ਼ਾਇਦ ਪਹਿਲੀ ਵਾਰ ਮਨੁੱਖ ਅਤੇ ਏਆਈ ਦੀ ਗਹਿਰੀ ਸਾਂਝ ਨੂੰ ਆਮ ਜੀਵਨ ਵਿੱਚ ਵੇਖੇਗੀ। ਮਨੁੱਖੀ ਸਰੀਰ ਨਾਲ ਟੈਕਨਾਲੋਜੀ ਦਾ ਮਿਲਾਪ (Bio-Tech Inte-graiton) ਉਨ੍ਹਾਂ ਲਈ ਆਮ ਗੱਲ ਹੋ ਸਕਦੀ ਹੈ।

ਜਲਵਾਯੂ ਤਬਦੀਲੀ ਅਤੇ ਪੁਲਾੜ ਖੋਜ ਉਨ੍ਹਾਂ ਦੇ ਬਚਪਨ ਦੀਆਂ ਕਹਾਣੀਆਂ ਦਾ ਹਿੱਸਾ ਹੋਣਗੇ। ਜਿੱਥੇ ਅਲਫ਼ਾ ਨੂੰ ਏਆਈ ਟਿਊਟਰ ਮਿਲੇ, ਬੀਟਾ ਨੂੰ ਹੋਲੋਗ੍ਰਾਫਿਕ ਅਧਿਆਪਕ, ਨੈਨੋ-ਲੈਬ ਅਤੇ ਵਰਚੁਅਲ ਯੂਨੀਵਰਸਿਟੀਆਂ ਮਿਲਣਗੀਆਂ। ਉਹ ਮਨੁੱਖੀ ਦਿਮਾਗ਼ ਨਾਲ ਸਿੱਧੇ ਜੁੜੇ ਡਿਜ਼ੀਟਲ ਡਿਵਾਈਸ ਰਾਹੀਂ ਗਿਆਨ ਹਾਸਲ ਕਰ ਸਕਦੇ ਹਨ।

# ਵਿਦੇਸ਼ ਤੋਂ ਹੁਣ ਜ਼ਿਆਦਾ ਸਾਮਾਨ ਅਤੇ ਗਹਿਣੇ ਲਿਆ ਸਕਣਗੇ ਭਾਰਤੀ, ਸਰਕਾਰ ਨੇ ਵਧਾਈ ਲਿਮਟ

ਨਵੀਂ ਦਿੱਲੀ- ਹੁਣ ਤੁਸੀਂ ਵਿਦੇਸ਼ ਤੋਂ 75 ਹਜ਼ਾਰ ਰੁਪਏ ਤੱਕ ਦਾ ਡਿਊਟੀ-ਫ੍ਰੀ (ਕਰ-ਮੁਕਤ) ਸਾਮਾਨ ਲਿਆ ਸਕੋਗੇ। ਸਰਕਾਰ ਨੇ ਭਾਰਤ ਵਿੱਚ ਡਿਊਟੀ-ਫ੍ਰੀ ਸਾਮਾਨ ਲਿਆਉਣ ਦੀ ਸੀਮਾ ਨੂੰ 50 ਹਜ਼ਾਰ ਰੁਪਏ ਤੋਂ ਵਧਾ ਕੇ 75 ਹਜ਼ਾਰ ਰੁਪਏ ਕਰ ਦਿੱਤਾ ਹੈ। ਐਤਵਾਰ ਨੂੰ ਨੋਟੀਫਾਈ ਕੀਤੇ ਗਏ ਨਵੇਂ ਬੈਗੇਜ ਨਿਯਮ, 2026 ਤਹਿਤ ਜ਼ਮੀਨੀ ਰਸਤੇ ਤੋਂ ਇਲਾਵਾ ਕਿਸੇ ਹੋਰ ਸਾਧਨ ਰਾਹੀਂ ਭਾਰਤ ਆ ਰਹੇ ਭਾਰਤੀ ਮੂਲ ਦੇ ਨਿਵਾਸੀ ਜਾਂ ਸੈਲਾਨੀ 75 ਹਜ਼ਾਰ ਰੁਪਏ ਤੱਕ ਦਾ ਸਾਮਾਨ ਡਿਊਟੀ-ਫ੍ਰੀ ਲਿਆ ਸਕਣਗੇ। ਨਵੇਂ ਬੈਗੇਜ ਨਿਯਮ 2026, 2 ਫਰਵਰੀ ਦੀ ਅੱਧੀ ਰਾਤ ਤੋਂ ਪ੍ਰਭਾਵੀ ਹੋਣਗੇ ਅਤੇ ਇੱਕ ਦਹਾਕੇ ਪੁਰਾਣੇ ਬੈਗੇਜ ਨਿਯਮਾਂ ਦੀ ਜਗ੍ਹਾ ਲੈਣਗੇ।



**20 ਗ੍ਰਾਮ ਤੱਕ ਦੇ ਗਹਿਣੇ ਲਿਆਉਣ 'ਤੇ ਛੋਟ**

ਇਕ ਸਾਲ ਤੋਂ ਵੱਧ ਸਮੇਂ ਤੋਂ ਵਿਦੇਸ਼ 'ਚ ਰਹਿ ਰਹੇ ਭਾਰਤੀ ਮੂਲ ਦੇ ਨਿਵਾਸੀ ਜਾਂ ਸੈਲਾਨੀ ਨੂੰ ਭਾਰਤ ਪਰਤਣ 'ਤੇ 20 ਗ੍ਰਾਮ ਤਕ ਦੇ ਗਹਿਣਿਆਂ ਲਈ ਡਿਊਟੀ-ਫ੍ਰੀ ਛੋਟ ਦਿੱਤੀ ਜਾਵੇਗੀ। ਜੇਕਰ ਇਹ ਗਹਿਣੇ ਕਿਸੇ ਔਰਤ ਵੱਲੋਂ ਲਿਆਂਦੇ ਜਾਂਦੇ ਹਨ ਤਾਂ ਇਹ ਛੋਟ 40 ਗ੍ਰਾਮ ਤੱਕ ਦੇ ਵਜ਼ਨ ਵਾਲੇ ਗਹਿਣਿਆਂ ਲਈ ਹੋਵੇਗੀ।

ਇਸ ਨਿਯਮ ਦੇ ਅਨੁਸਾਰ, ਗਹਿਣਿਆਂ ਦਾ ਮਤਲਬ ਅਜਿਹੀਆਂ ਸਜਾਵਟੀ ਚੀਜ਼ਾਂ ਹਨ ਜੋ ਆਮ ਤੌਰ 'ਤੇ ਵਿਅਕਤੀ ਵੱਲੋਂ ਪਹਿਨੀਆਂ ਜਾਂਦੀਆਂ ਹਨ, ਜੋ ਸੋਨੇ, ਚਾਂਦੀ, ਪਲੈਟੀਨਮ ਜਾਂ ਹੋਰ ਕੀਮਤੀ ਧਾਤਾਂ ਤੋਂ ਬਣੀਆਂ ਹੁੰਦੀਆਂ ਹਨ, ਚਾਹੇ ਉਨ੍ਹਾਂ ਵਿੱਚ ਨਗ ਜੜੇ ਹੋਣ ਜਾਂ ਨਾ।




# ਵਧਦੀ ਉਮਰ ਕਾਰਨ ਯਾਦਦਾਸ਼ਤ ਕਮਜ਼ੋਰ ਹੋਣ ਤੋਂ ਕਿਵੇਂ ਬਚੀਏ

ਆਪਣੀ ਰੋਜ਼ਾਨਾ ਦੀ ਜ਼ਿੰਦਗੀ 'ਚ ਅਸੀਂ ਕਈ ਤਰ੍ਹਾਂ ਦੇ ਕੰਮ ਕਰਦੇ ਹਾਂ। ਹਾਲਾਂਕਿ, ਆਪਣੇ ਡੇਲੀ ਰੁਟੀਨ ਨੂੰ ਕਰਦੇ-ਕਰਦੇ ਨਾ ਸਿਰਫ਼ ਸਾਡਾ ਸਰੀਰ, ਸਗੋਂ ਸਾਡਾ ਦਿਮਾਗ ਵੀ ਥੱਕਣ ਲੱਗਦਾ ਹੈ। ਇਸ ਦਿਮਾਗੀ ਥਕਾਵਟ ਦੇ ਸੰਕੇਤ ਸਾਨੂੰ ਅਕਸਰ ਦੇਖਣ ਨੂੰ ਮਿਲਦੇ ਰਹਿੰਦੇ ਹਨ। ਕਿਸੇ ਕੰਮ ਲਈ ਕਮਰੇ 'ਚ ਗਏ ਅਤੇ ਉੱਥੇ ਪਹੁੰਚਦੇ ਹੀ ਭੁੱਲ ਗਏ ਕਿ ਕਿਉਂ ਆਏ ਸੀ? ਜਾਂ ਫਿਰ ਕਿਸੇ ਦਾ ਜਾਣਿਆ-ਪਛਾਣਿਆ ਨਾਂ ਜ਼ੁਬਾਨ 'ਤੇ ਹੋ ਕੇ ਵੀ ਯਾਦ ਨਹੀਂ ਆ ਰਿਹਾ?

ਇਹ ਕੁਝ ਅਜਿਹੀਆਂ ਚੀਜ਼ਾਂ ਹਨ, ਜੋ ਲਗਪਗ ਸਾਰਿਆਂ ਨਾਲ ਹੁੰਦੀਆਂ ਹਨ ਤੇ ਅਕਸਰ ਅਸੀਂ ਇਸਨੂੰ ਥਕਾਵਟ, ਨੀਂਦ ਦੀ ਕਮੀ ਜਾਂ ਕੰਮ ਦਾ ਤਣਾਅ ਸਮਝ ਕੇ ਟਾਲ ਦਿੰਦੇ ਹਾਂ। ਪਰ ਜੇਕਰ ਅਜਿਹਾ ਵਾਰ-ਵਾਰ ਹੋ ਰਿਹਾ ਹੈ ਤਾਂ ਇਹ ਤੁਹਾਡੇ ਦਿਮਾਗ ਵੱਲੋਂ ਇਕ ਚਿਤਾਵਨੀ ਹੋ ਸਕਦੀ ਹੈ। ਸਰੀਰ ਦਾ ਧਿਆਨ ਰੱਖਦੇ-ਰੱਖਦੇ ਅਸੀਂ ਅਕਸਰ ਆਪਣੀ ਮਾਨਸਿਕ ਸਿਹਤ (Mental Health) ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਅਜਿਹੇ ਵਿੱਚ ਅੱਜ ਇਸ ਲੇਖ ਵਿੱਚ ਅਸੀਂ ਤੁਹਾਨੂੰ ਦੱਸਾਂਗੇ ਆਪਣੇ ਦਿਮਾਗ ਨੂੰ ਸਿਹਤਮੰਦ ਬਣਾਉਣ ਦੇ ਕੁਝ ਆਸਾਨ ਉਪਾਵਾਂ ਬਾਰੇ-




1. ਇੱਕੋ ਸਮੇਂ ਦੋ ਕੰਮ ਕਰਨਾ (Dual Tasikng)
ਆਪਣੇ ਦਿਮਾਗ ਨੂੰ ਐਕਟਿਵ ਰੱਖਣ ਲਈ ਤੁਸੀਂ 'ਡਿਊਲ ਟਾਸਕਿੰਗ' ਅਪਣਾ ਸਕਦੇ ਹੋ। ਇਸ ਵਿਚ ਤੁਹਾਨੂੰ ਦਿਮਾਗ ਨੂੰ ਚੁਣੌਤੀ ਦੇਣ ਲਈ ਇੱਕੋ ਸਮੇਂ ਦੋ ਵੱਖ-ਵੱਖ ਤਰ੍ਹਾਂ ਦੇ ਕੰਮ ਕਰਨੇ ਪੈਣਗੇ। ਉਦਾਹਰਨ ਲਈ, ਸੈਰ ਕਰਦੇ ਸਮੇਂ ਪੁੱਠੀ ਗਿਣਤੀ ਕਰਨਾ ਜਾਂ ਗਾਣੇ ਸੁਣਦੇ ਹੋਏ ਘਰ ਦੇ ਕੰਮ ਕਰਨਾ। ਇਸ ਨਾਲ ਦਿਮਾਗ ਦੀਆਂ ਨਸਾਂ ਵਿਚਕਾਰ ਤਾਲਮੇਲ ਬਿਹਤਰ ਹੁੰਦਾ ਹੈ ਤੇ ਮਲਟੀਟਾਸਕਿੰਗ ਆਸਾਨ ਹੋ ਜਾਂਦੀ ਹੈ।

2. ਵਿਜ਼ੂਅਲ ਮਮੋਰੀ ਟੈਸਟ (Observaiton)
ਯਾਦਦਾਸ਼ਤ ਤੇਜ਼ ਕਰਨ ਲਈ ਵਿਜ਼ੂਅਲ ਮੈਮੋਰੀ ਟੈਸਟ ਵੀ ਫਾਇਦੇਮੰਦ ਸਾਬਿਤ ਹੋਵੇਗਾ। ਇਸ ਦੇ ਲਈ ਕਿਸੇ ਤਸਵੀਰ, ਕਮਰੇ ਜਾਂ ਅਖ਼ਬਾਰ ਦੇ ਪੰਨੇ ਨੂੰ 30 ਸੈਕਿੰਡ ਤਕ ਗੌਰ ਨਾਲ ਦੇਖੋ। ਹੁਣ ਅੱਖਾਂ ਬੰਦ ਕਰੋ ਅਤੇ ਇਹ ਯਾਦ ਕਰਨ ਦੀ ਕੋਸ਼ਿਸ਼ ਕਰੋ ਕਿ ਤੁਸੀਂ ਕਿਹੜੀ ਚੀਜ਼ ਕਿੱਥੇ ਦੇਖੀ ਸੀ ਤੇ ਉਸਦਾ ਰੰਗ ਕੀ ਸੀ। ਅਜਿਹਾ ਕਰਨ ਨਾਲ ਬਰੀਕ ਚੀਜ਼ਾਂ 'ਤੇ ਫੋਕਸ ਕਰਨ ਦੀ ਸਮਰੱਥਾ ਬਿਹਤਰ ਹੁੰਦੀ ਹੈ।

3. ਜਾਣਕਾਰੀ ਨੂੰ ਟੁਕੜਿਆਂ ਵਿੱਚ ਵੰਡਣਾ (Chunikng)
ਕਿਸੇ ਵੀ ਵੱਡੀ ਡਿਟੇਲ ਜਾਂ ਕਿਸੇ ਨੰਬਰ ਨੂੰ ਯਾਦ ਕਰਨ ਲਈ ਰੱਟਾ ਮਾਰਨ ਦੀ ਆਦਤ ਨਾ ਪਾਓ। ਇਸ ਦੀ ਬਜਾਏ ਉਸਨੂੰ ਛੋਟੇ-ਛੋਟੇ ਹਿੱਸਿਆਂ 'ਚ ਵੰਡ ਲਓ। ਉਦਾਹਰਨ ਲਈ, 10 ਅੰਕਾਂ ਦੇ ਮੋਬਾਈਲ ਨੰਬਰ ਨੂੰ 3-3 ਦੇ ਟੁਕੜਿਆਂ 'ਚ ਵੰਡ ਕੇ ਯਾਦ ਕਰੋ। ਇਸ ਤਕਨੀਕ ਨਾਲ ਤੁਹਾਡੀ 'ਵਰਕਿੰਗ ਮੈਮੋਰੀ' ਤੇਜ਼ ਹੁੰਦੀ ਹੈ। ਇਹ ਟ੍ਰਿਕ ਵਿਦਿਆਰਥੀਆਂ ਅਤੇ ਨੌਕਰੀਪੇਸ਼ਾ ਲੋਕਾਂ ਲਈ ਜ਼ਿਆਦਾ ਫਾਇਦੇਮੰਦ ਹੈ।

4. ਮਾਈਂਡਫੁਲਨੈੱਸ ਤੇ ਸਾਹਾਂ 'ਤੇ ਧਿਆਨ (Focus Triainng)
ਮਨ ਨੂੰ ਰਿਲੈਕਸ ਕਰਨ ਅਤੇ ਦਿਮਾਗ ਨੂੰ ਤੇਜ਼ ਬਣਾਉਣ ਦਾ ਇਹ ਇਕ ਪ੍ਰਭਾਵਸ਼ਾਲੀ ਤਰੀਕਾ ਹੈ। ਇਸ ਦੇ ਲਈ ਤੁਹਾਨੂੰ ਦਿਨ ਵੇਲੇ ਕਿਸੇ ਵੀ ਸਮੇਂ ਬਸ 10 ਮਿੰਟ ਲਈ ਸ਼ਾਂਤੀ ਨਾਲ ਬੈਠਣਾ ਹੁੰਦਾ ਹੈ। ਫਿਰ ਆਪਣਾ ਪੂਰਾ ਧਿਆਨ ਸਾਹਾਂ 'ਤੇ ਲਗਾਓ। ਦਿਮਾਗ ਨੂੰ ਇੱਧਰ-ਉੱਧਰ ਭਟਕਣ ਤੋਂ ਰੋਕਣ ਲਈ ਸਿਰਫ਼ ਸਾਹਾਂ 'ਤੇ ਹੀ ਕੇਂਦਰਿਤ ਰਹੋ। ਇਸ ਅਭਿਆਸ ਨਾਲ ਦਿਮਾਗ ਦਾ 'ਪ੍ਰੀਫ੍ਰੰਟਲ ਕੋਰਟੈਕਸ' ਐਕਟਿਵ ਹੁੰਦਾ ਹੈ, ਜਿਸ ਨਾਲ ਫੈਸਲੇ ਲੈਣ ਦੀ ਸਮਰੱਥਾ ਅਤੇ ਫੋਕਸ ਵਧਦਾ ਹੈ।

5. ਕੁਝ ਨਵਾਂ ਸਿੱਖਦੇ ਰਹੋ (Neuroplasiticty)
ਦਿਮਾਗ ਨੂੰ ਐਕਟਿਵ ਅਤੇ ਸਿਹਤਮੰਦ ਬਣਾਈ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਹੈ, ਕੁਝ ਨਾ ਕੁਝ ਨਵਾਂ ਸਿੱਖਦੇ ਰਹਿਣਾ। ਇਸ ਦੇ ਲਈ ਕੋਈ ਨਵੀਂ ਭਾਸ਼ਾ ਸਿੱਖੋ, ਕੋਈ ਸੰਗੀਤਕ ਸਾਜ਼ (Muiscal Instrument) ਵਜਾਉਣਾ ਸ਼ੁਰੂ ਕਰੋ ਜਾਂ ਫਿਰ ਰੋਜ਼ਾਨਾ ਦਫ਼ਤਰ ਜਾਣ ਲਈ ਕੋਈ ਨਵਾਂ ਰਸਤਾ ਚੁਣੋ। ਜਦੋਂ ਤੁਸੀਂ ਕੁਝ ਨਵਾਂ ਕਰਦੇ ਹੋ, ਤਾਂ ਦਿਮਾਗ ਵਿੱਚ ਨਵੇਂ ਨਿਊਰਲ ਕਨੈਕਸ਼ਨ ਬਣਦੇ ਹਨ, ਜੋ ਉਮਰ ਦੇ ਨਾਲ ਹੋਣ ਵਾਲੀਆਂ ਮਾਨਸਿਕ ਸਮੱਸਿਆਵਾਂ ਨੂੰ ਰੋਕਦੇ ਹਨ।

# 'ਮਾਈਗ੍ਰੇਨ' ਦਾ ਕਾਰਨ ਬਣ ਰਹੀ ਹੈ ਮੋਬਾਈਲ ਦੀ ਬੇਲੋੜੀ ਵਰਤੋਂ

ਅੱਜ ਦੇ ਡਿਜੀਟਲ ਯੁੱਗ ਵਿੱਚ ਸਾਡੀ ਸਵੇਰ ਦਾ ਪਹਿਲਾ ਸਾਥੀ ਅਤੇ ਰਾਤ ਦਾ ਆਖਰੀ ਸਹਾਰਾ, ਦੋਵੇਂ ਹੀ ਮੋਬਾਈਲ ਦੀ ਸਕ੍ਰੀਨ ਬਣ ਚੁੱਕੇ ਹਨ। ਜਿਵੇਂ ਹੀ ਅੱਖ ਖੁੱਲ੍ਹਦੀ ਹੈ, ਸਭ ਤੋਂ ਪਹਿਲਾਂ ਅਸੀਂ ਮੋਬਾਈਲ ਨੋਟੀਫਿਕੇਸ਼ਨ ਦੇਖਦੇ ਹਾਂ, ਫਿਰ ਦਫ਼ਤਰ ਦੇ ਕੰਮ ਲਈ ਘੰਟਿਆਂ ਬੱਧੀ ਲੈਪਟਾਪ 'ਤੇ ਝੁਕ ਕੇ ਬੈਠਦੇ ਹਾਂ ਅਤੇ ਰਾਤ ਹੁੰਦੇ-ਹੁੰਦੇ ੳ।ਟੀ।ਟੀ ਪਲੇਟਫਾਰਮ ਜਾਂ ਸੋਸ਼ਲ ਮੀਡੀਆ 'ਤੇ ਸਕ੍ਰੋਲ ਕਰਦੇ ਰਹਿੰਦੇ ਹਾਂ। ਅਣਜਾਣੇ ਵਿੱਚ ਹੀ ਅਸੀਂ ਦਿਨ ਦੇ 10-12 ਘੰਟੇ ਸਕ੍ਰੀਨ ਦੀ ਨੀਲੀ ਰੌਸ਼ਨੀ ਵਿੱਚ ਡੁੱਬੇ ਰਹਿੰਦੇ ਹਾਂ, ਪਰ ਕੀ ਤੁਸੀਂ ਕਦੇ ਸੋਚਿਆ ਹੈ ਕਿ ਇਸ ਆਦਤ ਦਾ ਸਭ ਤੋਂ ਸ਼ਾਂਤ ਪਰ ਸਭ ਤੋਂ ਖ਼ਤਰਨਾਕ ਅਸਰ ਸਾਡੇ ਸਰੀਰ ਦੇ ਕਿਸ ਹਿੱਸੇ 'ਤੇ ਪੈਂਦਾ ਹੈ? ਇਸ ਲੇਖ ਵਿੱਚ ਪਾਰਸ ਹੈਲਥ, ਗੁਰੂਗ੍ਰਾਮ ਦੇ ਇੰਟਰਨਲ ਮੈਡੀਸਨ ਵਿਭਾਗ ਦੇ ਐਚ.ਓ.ਡੀ ਡਾ. ਆਰ.ਆਰ. ਦੱਤਾ ਤੋਂ ਜਾਣੋ, ਜ਼ਿਆਦਾ ਫ਼ੋਨ ਚਲਾਉਣ ਅਤੇ ਸਿਰਦਰਦ ਦੇ ਵਿਚਕਾਰ ਕੀ ਸਬੰਧ ਹੈ।



ਡਾ. ਆਰ.ਆਰ. ਦੱਤਾ ਦੱਸਦੇ ਹਨ ਕਿ 'ਸਕ੍ਰੀਨ ਐਕਸਪੋਜ਼ਰ' ਦਾ ਮਤਲਬ ਹੈ ਕਿ ਰੋਜ਼ਾਨਾ ਕਿੰਨੇ ਘੰਟੇ ਤੁਹਾਡੀਆਂ ਅੱਖਾਂ ਅਤੇ ਦਿਮਾਗ ਦਾ ਸੰਪਰਕ ਡਿਜੀਟਲ ਸਕ੍ਰੀਨ ਨਾਲ ਹੁੰਦਾ ਹੈ। ਜਦੋਂ ਅਸੀਂ ਸਕ੍ਰੀਨ ਨੂੰ ਲਗਾਤਾਰ ਦੇਖਦੇ ਹਾਂ, ਤਾਂ ਅੱਖਾਂ ਘੱਟ ਪਲਕਾਂ ਝਪਕਾਉਂਦੀਆਂ ਹਨ। ਇਸ ਨਾਲ ਅੱਖਾਂ ਸੁੱਕਣ ਲੱਗਦੀਆਂ ਹਨ ਅਤੇ ਅੱਖਾਂ ਦਾ ਤਣਾਅ ਵਧਦਾ ਹੈ। ਅੱਖਾਂ ਦਾ ਇਹ ਤਣਾਅ ਸਿੱਧਾ ਸਿਰ ਤੱਕ ਪਹੁੰਚਦਾ ਹੈ ਅਤੇ ਹੌਲੀ-ਹੌਲੀ ਇਹ ਤਣਾਅ ਦਰਦ ਦਾ ਰੂਪ ਲੈ ਲੈਂਦਾ ਹੈ। ਇਸ ਤੋਂ ਇਲਾਵਾ ਸਕ੍ਰੀਨ ਤੋਂ ਨਿਕਲਣ ਵਾਲੀ ਨੀਲੀ ਰੌਸ਼ਨੀ (ਭਲੁਇ ਗ਼ਿਹਟ) ਰੇਟੀਨਾ 'ਤੇ ਅਸਰ ਪਾਉਂਦੀ ਹੈ ਅਤੇ ਦਿਮਾਗ ਦੇ ਮੇਲਾਟੋਨਿਨ ਹਾਰਮੋਨ ਨੂੰ ਪ੍ਰਭਾਵਿਤ ਕਰਦੀ ਹੈ। ਇਸ ਨਾਲ ਨੀਂਦ ਦੀ ਗੁਣਵੱਤਾ ਖ਼ਰਾਬ ਹੁੰਦੀ ਹੈ ਅਤੇ ਨੀਂਦ ਦੀ ਕਮੀ ਅੱਗੇ ਚੱਲ ਕੇ ਸਿਰਦਰਦ ਦਾ ਕਾਰਨ ਬਣ ਸਕਦੀ ਹੈ।

* ਨੀਲੀ ਰੋਸ਼ਨੀ ਅਤੇ ਮਾਈਗ੍ਰੇਨ ਵਿਚਕਾਰ ਸਬੰਧ
* ਸਕ੍ਰੀਨ ਦਾ ਸੰਪਰਕ ਮਾਈਗ੍ਰੇਨ ਪੀੜਤਾਂ ਲਈ ਹੋਰ ਵੀ ਨੁਕਸਾਨਦੇਹ ਹੋ ਸਕਦਾ ਹੈ।
* ਨੀਲੀ ਰੋਸ਼ਨੀ ਦਿਮਾਗ ਦੇ ਦਰਦ ਰੀਸੈਪਟਰਾਂ ਨੂੰ ਜ਼ਿਆਦਾ ਸਰਗਰਮ ਕਰਦੀ ਹੈ।
* ਇਹ ਰੌਸ਼ਨੀ ਦੀ ਸੰਵੇਦਨਸ਼ੀਲਤਾ ਨੂੰ ਵਧਾਉਂਦੀ ਹੈ ਅਤੇ ਮਾਈਗ੍ਰੇਨ ਦੇ ਹਮਲਿਆਂ ਨੂੰ ਸ਼ੁਰੂ ਕਰਦੀ ਹੈ।
* ਸਕ੍ਰੀਨ ਟਾਈਮ ਕਾਰਨ ਹੋਣ ਵਾਲੇ ਸਿਰਦਰਦ ਤੋਂ ਕਿਵੇਂ ਬਚੀਏ?
* 20-20-20 ਨਿਯਮ: ਹਰ 20 ਮਿੰਟ ਬਾਅਦ 20 ਸੈਕਿੰਡ ਲਈ 20 ਫੁੱਟ ਦੂਰ ਦੇਖੋ।

ਬਲੂ ਲਾਈਟ ਫਿਲਟਰ: ਮੋਬਾਈਲ ਅਤੇ ਲੈਪਟਾਪ 'ਤੇ ਬਲੂ ਲਾਈਟ ਫਿਲਟਰ ਜਾਂ ਖ਼ਾਸ ਐਨਕਾਂ ਦੀ ਵਰਤੋਂ ਕਰੋ, ਤਾਂ ਜੋ ਨੀਲੀ ਰੌਸ਼ਨੀ ਦਾ ਅਸਰ ਅੱਖਾਂ 'ਤੇ ਘੱਟ ਹੋਵੇ।

ਬ੍ਰਾਈਟਨੈੱਸ (ਰੌਸ਼ਨੀ): ਸਕ੍ਰੀਨ ਦੀ ਰੌਸ਼ਨੀ ਕਮਰੇ ਦੀ ਰੌਸ਼ਨੀ ਦੇ ਬਰਾਬਰ ਰੱਖੋ। ਬਹੁਤ ਤੇਜ਼ ਜਾਂ ਬਹੁਤ ਘੱਟ ਰੌਸ਼ਨੀ ਦੋਵੇਂ ਹੀ ਸਿਰਦਰਦ ਵਧਾਉਂਦੇ ਹਨ।

ਛੋਟੇ ਬ੍ਰੇਕ: ਕੰਮ ਦੇ ਵਿਚਕਾਰ ਹਰ ਘੰਟੇ 3-5 ਮਿੰਟ ਦਾ ਬ੍ਰੇਕ ਲੈਣਾ ਬਹੁਤ ਜ਼ਰੂਰੀ ਹੈ।

ਰਾਤ ਦੀ ਵਰਤੋਂ: ਸੌਣ ਤੋਂ 1 ਘੰਟਾ ਪਹਿਲਾਂ ਸਕ੍ਰੀਨ ਬੰਦ ਕਰ ਦਿਓ ਤਾਂ ਜੋ ਦਿਮਾਗ ਨੂੰ ਆਰਾਮ ਮਿਲੇ ਅਤੇ ਨੀਂਦ ਬਿਹਤਰ ਆਵੇ।

ਡਾਕਟਰ ਨੂੰ ਕਦੋਂ ਮਿਲਣਾ ਚਾਹੀਦਾ ਹੈ?

ਜੇਕਰ ਸਿਰ ਦਰਦ ਹਫ਼ਤੇ ਵਿੱਚ 2-3 ਵਾਰ ਹੁੰਦਾ ਹੈ, ਜਲਣ ਜਾਂ ਧੁੰਦਲੀ ਨਜ਼ਰ ਦੇ ਨਾਲ ਹੁੰਦਾ ਹੈ, ਨੀਂਦ ਨੂੰ ਪ੍ਰਭਾਵਿਤ ਕਰਦਾ ਹੈ, ਮਾਈਗ੍ਰੇਨ ਦਾ ਇਤਿਹਾਸ ਹੈ, ਅਤੇ ਸਕ੍ਰੀਨਾਂ ਤੋਂ ਦੂਰ ਰਹਿਣ ਤੋਂ ਬਾਅਦ ਵੀ ਜਾਰੀ ਰਹਿੰਦਾ ਹੈ, ਤਾਂ ਤੁਰੰਤ ਡਾਕਟਰ ਨਾਲ ਸਲਾਹ ਕਰਨਾ ਮਹੱਤਵਪੂਰਨ ਹੈ।

ਅੱਜ ਦੇ ਡਿਜੀਟਲ ਯੁੱਗ ਵਿੱਚ, ਸਕ੍ਰੀਨ ਦੇ ਸੰਪਰਕ ਤੋਂ ਬਚਣਾ ਮੁਸ਼ਕਲ ਹੈ, ਪਰ ਸਿਰ ਦਰਦ ਨੂੰ ਰੋਕਣਾ ਪੂਰੀ ਤਰ੍ਹਾਂ ਸੰਭਵ ਹੈ। ਸਕ੍ਰੀਨ ਦੀ ਸਹੀ ਵਰਤੋਂ, ਨਿਯਮਤ ਬ੍ਰੇਕ, ਸਹੀ ਆਸਣ ਅਤੇ ਅੱਖਾਂ ਦੀ ਦੇਖਭਾਲ ਇਹ ਸਭ ਤੁਹਾਡੇ ਸਿਰ ਦਰਦ ਨੂੰ ਕਾਫ਼ੀ ਘਟਾ ਸਕਦੇ ਹਨ। ਜਲਦੀ ਆਦਤਾਂ ਨੂੰ ਬਦਲਣਾ ਭਵਿੱਖ ਵਿੱਚ ਵੱਡੀਆਂ ਸਿਹਤ ਸਮੱਸਿਆਵਾਂ ਨੂੰ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਹੈ।

# ਬੱਚਿਆਂ ਲਈ ਬਿਹਤਰੀ ਭੋਜਨ ਕੀ ਹੈ

ਅੱਜਕੱਲ੍ਹ ਕਈ ਮਾਪੇ ਇੱਕੋ ਸਵਾਲ ਤੋਂ ਪਰੇਸ਼ਾਨ ਰਹਿੰਦੇ ਹਨ, 'ਬੱਚੇ ਦੀ ਲੰਬਾਈ ਕਿਉਂ ਨਹੀਂ ਵਧ ਰਹੀ?' ਅਕਸਰ ਇਹ ਮੰਨ ਲਿਆ ਜਾਂਦਾ ਹੈ ਕਿ ਲੰਬਾਈ ਪੂਰੀ ਤਰ੍ਹਾਂ ਜੈਨੇਟਿਕਸ (ਪਿਤਾ-ਪੁਰਖੀ ਗੁਣਾਂ) 'ਤੇ ਨਿਰਭਰ ਕਰਦੀ ਹੈ, ਪਰ ਅਜਿਹਾ ਨਹੀਂ ਹੈ। ਦਰਅਸਲ, ਸਹੀ ਉਮਰ ਵਿੱਚ ਸੰਤੁਲਿਤ ਖ਼ੁਰਾਕ, ਜ਼ਰੂਰੀ ਪੋਸ਼ਕ ਤੱਤ ਅਤੇ ਸਿਹਤਮੰਦ ਜੀਵਨ ਸ਼ੈਲੀ ਬੱਚਿਆਂ ਦੀਆਂ ਹੱਡੀਆਂ ਅਤੇ ਮਾਸਪੇਸ਼ੀਆਂ ਦੇ ਵਿਕਾਸ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ।

ਜੇਕਰ ਤੁਸੀਂ ਚਾਹੁੰਦੇ ਹੋ ਕਿ ਬੱਚੇ ਦੀ ਲੰਬਾਈ ਸਹੀ ਤਰੀਕੇ ਨਾਲ ਵਧੇ, ਤਾਂ ਉਸ ਦੀ ਖ਼ੁਰਾਕ ਵੱਲ ਖ਼ਾਸ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਆਓ ਜਾਣਦੇ ਹਾਂ ਅਜਿਹੇ 5 ਸੁਪਰਫੂਡਜ਼ ਬਾਰੇ, ਜੋ ਬੱਚਿਆਂ ਦਾ ਕੱਦ ਵਧਾਉਣ ਵਿੱਚ ਮਦਦ ਕਰ ਸਕਦੇ ਹਨ:

**1. ਹਰੀਆਂ ਪੱਤੇਦਾਰ ਸਬਜ਼ੀਆਂ-** ਪਾਲਕ, ਪੱਤਾਗੋਭੀ ਅਤੇ ਕੇਲ ਵਰਗੀਆਂ ਹਰੀਆਂ ਪੱਤੇਦਾਰ ਸਬਜ਼ੀਆਂ ਕੈਲਸ਼ੀਅਮ, ਆਇਰਨ, ਮੈਗਨੀਸ਼ੀਅਮ ਅਤੇ ਵਿਟਾਮਿਨ K ਨਾਲ ਭਰਪੂਰ ਹੁੰਦੀਆਂ ਹਨ। ਇਹ ਪੋਸ਼ਕ ਤੱਤ ਹੱਡੀਆਂ ਦੀ ਮਜ਼ਬੂਤੀ ਅਤੇ ਬੋਨ ਹੈਲਥ ਨੂੰ ਸਪੋਰਟ ਕਰਦੇ ਹਨ। ਨਿਯਮਤ ਰੂਪ ਵਿੱਚ ਇਨ੍ਹਾਂ ਦਾ ਸੇਵਨ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਫ਼ਾਇਦੇਮੰਦ ਹੋ ਸਕਦਾ ਹੈ।



**2. ਸੈਲਮਨ (ਮੱਛੀ)-** ਸੈਲਮਨ ਵਰਗੀ ਫੈਟੀ ਫਿਸ਼ ਓਮੇਗਾ-3 ਫੈਟੀ ਐਸਿਡ, ਪ੍ਰੋਟੀਨ ਅਤੇ ਵਿਟਾਮਿਨ ਭ ਨਾਲ ਭਰਪੂਰ ਹੁੰਦੀ ਹੈ। ਇਹ ਸਾਰੇ ਪੋਸ਼ਕ ਤੱਤ ਹੱਡੀਆਂ ਦੀ ਮਜ਼ਬੂਤੀ ਅਤੇ ਮਾਸਪੇਸ਼ੀਆਂ ਦੇ ਵਿਕਾਸ ਲਈ ਜ਼ਰੂਰੀ ਹਨ। ਨਾਨ-ਵੈੱਜ ਖਾਣ ਵਾਲੇ ਬੱਚਿਆਂ ਲਈ ਮੱਛੀ ਕੱਦ ਵਧਾਉਣ ਵਾਲੀ ਡਾਈਟ ਦਾ ਇੱਕ ਬਿਹਤਰੀਨ ਬਦਲ ਹੋ ਸਕਦੀ ਹੈ।

**3. ਆਂਡਾ-** ਆਂਡਾ ਪ੍ਰੋਟੀਨ ਦਾ ਸ਼ਾਨਦਾਰ ਸਰੋਤ ਹੈ। ਇੱਕ ਵੱਡੇ ਆਂਡੇ ਵਿੱਚ ਕਰੀਬ 6 ਗ੍ਰਾਮ ਪ੍ਰੋਟੀਨ ਹੁੰਦਾ ਹੈ, ਜੋ ਬੱਚਿਆਂ ਦੇ ਵਿਕਾਸ ਲਈ ਜ਼ਰੂਰੀ ਹੈ। ਇਸ ਤੋਂ ਇਲਾਵਾ, ਆਂਡੇ ਵਿੱਚ ਮੌਜੂਦ ਵਿਟਾਮਿਨ ਡੀ, ਕੈਲਸ਼ੀਅਮ ਨੂੰ ਸਰੀਰ ਵਿੱਚ ਜਜ਼ਬ (Absorpiton) ਕਰਨ ਵਿੱਚ ਮਦਦ ਕਰਦਾ ਹੈ, ਜਿਸ ਨਾਲ ਹੱਡੀਆਂ ਮਜ਼ਬੂਤ ਹੁੰਦੀਆਂ ਹਨ ਅਤੇ ਲੰਬਾਈ ਵਧਣ ਵਿੱਚ ਸਹਾਇਤਾ ਮਿਲਦੀ ਹੈ।

**4. ਦੁੱਧ-** ਦੁੱਧ ਨੂੰ ਹੱਡੀਆਂ ਦਾ ਸਭ ਤੋਂ ਚੰਗਾ ਦੋਸਤ ਕਿਹਾ ਜਾਂਦਾ ਹੈ। ਇਸ ਵਿੱਚ ਕੈਲਸ਼ੀਅਮ, ਫਾਸਫੋਰਸ ਅਤੇ ਮੈਗਨੀਸ਼ੀਅਮ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਨਿਯਮਤ ਰੂਪ ਵਿੱਚ ਦੁੱਧ ਪੀਣ ਨਾਲ ਬੱਚਿਆਂ ਦੀਆਂ ਮਾਸਪੇਸ਼ੀਆਂ ਅਤੇ ਹੱਡੀਆਂ ਦਾ ਵਿਕਾਸ ਬਿਹਤਰ ਹੁੰਦਾ ਹੈ। ਹਾਲਾਂਕਿ, ਜਿਨ੍ਹਾਂ ਨੂੰ ਦੁੱਧ ਤੋਂ ਐਲਰਜੀ ਹੋਵੇ, ਉਹ ਇਸ ਦਾ ਸੇਵਨ ਨਾ ਕਰਨ।

**5. ਬੀਨਜ਼ (ਫਲੀਆਂ)-** ਬੀਨਜ਼ ਸਿਰਫ਼ ਪ੍ਰੋਟੀਨ ਹੀ ਨਹੀਂ, ਸਗੋਂ ਫਾਈਬਰ, ਮੈਗਨੀਸ਼ੀਅਮ, ਜ਼ਿੰਕ ਅਤੇ ਮੈਂਗਨੀਜ਼ ਵਰਗੇ ਕਈ ਜ਼ਰੂਰੀ ਤੱਤਾਂ ਨਾਲ ਭਰਪੂਰ ਹੁੰਦੀਆਂ ਹਨ। ਬੀਨਜ਼ ਸਰੀਰ ਵਿੱਚ 'ਇੰਸੁਲਿਨ-ਵਰਗੇ ਗਰੋਥ ਫੈਕਟਰ-1' (IGF-1) ਦੇ ਪੱਧਰ ਨੂੰ ਵਧਾਉਣ ਵਿੱਚ ਮਦਦ ਕਰਦੀਆਂ ਹਨ, ਜੋ ਬੱਚਿਆਂ ਦੀ ਲੰਬਾਈ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

# ਖਾਲੀ ਪੇਟ ਚਾਹ ਪੀਣ ਵਾਲੇ ਸਾਵਧਾਨ ਹੋਣ

ਜ਼ਿਆਦਾਤਰ ਭਾਰਤੀ ਆਪਣੇ ਦਿਨ ਦੀ ਸ਼ੁਰੂਆਤ ਗਰਮਾ-ਗਰਮ ਚਾਹ ਨਾਲ ਕਰਦੇ ਹਨ। ਪਰ ਖਾਲੀ ਪੇਟ ਚਾਹ ਪੀਣਾ ਸਿਹਤ ਲਈ ਬਹੁਤ ਵਧੀਆ ਨਹੀਂ ਹੈ। ਜੇਕਰ ਤੁਸੀਂ ਇਸ ਆਦਤ ਨੂੰ ਬਦਲ ਕੇ ਸਵੇਰੇ ਇੱਕ ਗਲਾਸ ਸੰਤਰੇ ਦਾ ਜੂਸ ਪੀਣਾ ਸ਼ੁਰੂ ਕਰਦੇ ਹੋ, ਤਾਂ ਤੁਹਾਡੇ ਸਰੀਰ ਵਿੱਚ ਕਈ ਹੈਰਾਨੀਜਨਕ ਬਦਲਾਅ ਆ ਸਕਦੇ ਹਨ।

ਚਾਹ ਵਿੱਚ ਕੈਫੀਨ ਹੁੰਦੀ ਹੈ, ਜਦੋਂ ਕਿ ਸੰਤਰੇ ਦਾ ਜੂਸ ਵਿਟਾਮਿਨ-ਸੀ, ਫੋਲੇਟ ਅਤੇ ਪੋਟਾਸ਼ੀਅਮ ਦਾ ਭੰਡਾਰ ਹੈ। ਇੱਕ ਮਹੀਨੇ ਤੱਕ ਇਸ ਦਾ ਸੇਵਨ ਕਰਨ ਨਾਲ ਤੁਹਾਡੀ ਇਮਿਊਨਿਟੀ (ਬਿਮਾਰੀਆਂ ਨਾਲ ਲੜਨ ਦੀ ਸ਼ਕਤੀ) ਇੰਨੀ ਮਜ਼ਬੂਤ ਹੋ ਜਾਵੇਗੀ ਕਿ ਤੁਹਾਨੂੰ ਮੌਸਮੀ ਸਰਦੀ-ਖੰਘ ਅਤੇ ਥਕਾਵਟ ਮਹਿਸੂਸ ਨਹੀਂ ਹੋਵੇਗੀ।



### ਚਮੜੀ 'ਚ ਕੁਦਰਤੀ ਚਮਕ

ਚਾਹ ਸਰੀਰ ਨੂੰ ਡੀਹਾਈਡ੍ਰੇਟ ਕਰ ਸਕਦੀ ਹੈ, ਜਿਸ ਨਾਲ ਚਿਹਰਾ ਬੇਜਾਨ ਦਿਖਦਾ ਹੈ। ਦੂਜੇ ਪਾਸੇ, ਸੰਤਰੇ ਦੇ ਜੂਸ ਵਿਚਲੇ ਐਂਟੀ-ਆਕਸੀਡੈਂਟਸ ਚਮੜੀ ਨੂੰ ਹਾਈਡ੍ਰੇਟ ਕਰਦੇ ਹਨ। ਇਹ ਸਰੀਰ ਵਿੱਚ ਕੋਲੇਜਨ ਬਣਾਉਣ ਵਿੱਚ ਮਦਦ ਕਰਦਾ ਹੈ, ਜਿਸ ਨਾਲ ਝੁਰੜੀਆਂ ਘਟਦੀਆਂ ਹਨ ਅਤੇ ਚਮੜੀ ਜਵਾਨ ਤੇ ਚਮਕਦਾਰ ਦਿਖਾਈ ਦਿੰਦੀ ਹੈ।

### ਪਾਚਨ ਪ੍ਰਣਾਲੀ 'ਚ ਸੁਧਾਰ

ਖਾਲੀ ਪੇਟ ਦੁੱਧ ਵਾਲੀ ਚਾਹ ਪੀਣ ਨਾਲ ਐਸਿਡਿਟੀ ਜਾਂ ਪੇਟ ਫੁੱਲਣ ਦੀ ਸਮੱਸਿਆ ਹੁੰਦੀ ਹੈ। ਸੰਤਰੇ ਵਿੱਚ ਮੌਜੂਦ ਫਾਈਬਰ ਪਾਚਨ ਕਿਰਿਆ ਨੂੰ ਦਰੁਸਤ ਕਰਦਾ ਹੈ ਅਤੇ ਕਬਜ਼ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਦਿਵਾਉਂਦਾ ਹੈ।

### ਐਨਰਜੀ ਲੈਵਲ 'ਚ ਵਾਧਾ

ਚਾਹ ਨਾਲ ਮਿਲਣ ਵਾਲੀ ਐਨਰਜੀ ਜਿੰਨੀ ਤੇਜ਼ੀ ਨਾਲ ਆਉਂਦੀ ਹੈ, ਉਨੀ ਹੀ ਜਲਦੀ ਖ਼ਤਮ ਵੀ ਹੋ ਜਾਂਦੀ ਹੈ। ਸੰਤਰੇ ਦੀ ਕੁਦਰਤੀ ਸ਼ੂਗਰ ਸਰੀਰ ਨੂੰ ਹੌਲੀ-ਹੌਲੀ ਐਨਰਜੀ ਦਿੰਦੀ ਹੈ, ਜਿਸ ਨਾਲ ਤੁਸੀਂ ਦੁਪਹਿਰ ਤੱਕ ਖੁਦ ਨੂੰ ਐਕਟਿਵ ਮਹਿਸੂਸ ਕਰੋਗੇ।

### ਇਨ੍ਹਾਂ ਗੱਲਾਂ ਦਾ ਰੱਖੋ ਖਾਸ ਧਿਆਨ:

* ਚੀਨੀ ਨਾ ਪਾਓ: ਹਮੇਸ਼ਾ ਤਾਜ਼ਾ ਜੂਸ ਪੀਓ, ਡੱਬਾਬੰਦ ਜੂਸ ਤੋਂ ਬਚੋ ਕਿਉਂਕਿ ਉਸ ਵਿੱਚ ਚੀਨੀ ਬਹੁਤ ਜ਼ਿਆਦਾ ਹੁੰਦੀ ਹੈ।
* ਦੰਦਾਂ ਦਾ ਖਿਆਲ: ਜੂਸ ਪੀਣ ਤੋਂ ਬਾਅਦ ਸਾਦੇ ਪਾਣੀ ਨਾਲ ਕੁੱਲੀ ਜ਼ਰੂਰ ਕਰੋ ਤਾਂ ਜੋ ਸਾਈਟਰਿਕ ਐਸਿਡ ਦੰਦਾਂ ਨੂੰ ਨੁਕਸਾਨ ਨਾ ਪਹੁੰਚਾਏ।
* ਸ਼ੂਗਰ ਦੇ ਮਰੀਜ਼: ਜੇਕਰ ਤੁਹਾਨੂੰ ਸ਼ੂਗਰ ਹੈ, ਤਾਂ ਜੂਸ ਦੀ ਬਜਾਏ ਪੂਰਾ ਫਲ ਖਾਣਾ ਜ਼ਿਆਦਾ ਬਿਹਤਰ ਹੈ।

# Serving Californians since 1999

Global Green
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

AUTO, HOME,
BUSINESS, LIFE

510-487-1000

WWW.GGIABA.COM

COVERED CALIFORNIA

Certified
INSURANCE
AGENT

Free Confidential Help

Call : Gurcharan Singh Mann CA License #0C70672

Medicare

Licensed Insurance Agent CA Lic # 0C70672

CALL TO ENROL

510-557-0061

Buying
OR
Selling
Real Estate
Let
US
HELP

MANN
Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

510-557-0061

Find your home on our website

www.mannres.com



Gurcharan Singh Mann
DRE#02321006